ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 19 | Issue 86 | 30 Aug. to 5 Sept., 2023 | Ph.: (510) 240-5949 | Email: asrtimes@gmail.com












ਪਟਿਆਲਾ/ਏ.ਟੀ.ਨਿਊਜ਼ :- ਪੰਜਾਬ ਵਿੱਚ ਹੜ੍ਹਾਂ ਦੇ ਕਹਿਰ ਦੇ ਨਾਲ-ਨਾਲ ਸਿਆਸੀ ਸਰਗਰਮੀਆਂ ਵੀ ਜਾਰੀ ਹਨ। ਅਸਲੀਅਤ ਤਾਂ ਇਹ ਹੈ ਕਿ ਵੱਡੀ ਗਿਣਤੀ ਸਿਆਸੀ ਆਗੂ ਹੜ੍ਹ ਪੀੜਤਾਂ ਦੀ ਸਹਾਇਤਾ ਦੇ ਨਾਮ ’ਤੇ ਆਪਣੀਆਂ ਵੋਟਾਂ ਪੱਕੀਆਂ ਕਰਨ ਦਾ ਯਤਨ ਕਰ ਰਹੇ ਹਨ। ਹਰ ਸਿਆਸੀ ਪਾਰਟੀ ਦੇ ਆਗੂ ਹੜ੍ਹ ਪੀੜਤਾਂ ਨਾਲ ਕਈ ਤਰਾਂ ਦੇ ਵੱਡੇ ਵੱਡੇ ਵਾਅਦੇ ਵੀ ਕਰ ਰਹੇ ਹਨ। ਕਰੀਬ ਸਾਰੇ ਹੀ ਸਿਆਸੀ ਆਗੂਆਂ ਵੱਲੋਂ ਹੜ੍ਹ ਪੀੜਤਾਂ ਦੀ ਮਦਦ ਕਰਦੇ ਸਮੇਂ ਤਸਵੀਰਾਂ ਖਿਚਵਾ ਕੇ ਅਖ਼ਬਾਰਾਂ ਵਿੱਚ ਛਪਵਾਈਆਂ ਜਾ ਰਹੀਆਂ ਹਨ ਤਾਂ ਕਿ ਉਹਨਾਂ ਨੂੰ ਮੁਫ਼ਤ ਦਾ ਪ੍ਰਚਾਰ ਮਿਲ ਸਕੇ।

ਕਈ ਸਿਆਸੀ ਆਗੂ ਤਾਂ ਸੱਤਾ ਪ੍ਰਾਪਤੀ ਤੋਂ ਬਾਅਦ ਚੋਣਾਂ ਮੌਕੇ ਕੀਤੇ ਗਏ ਵਾਅਦਿਆਂ ਨੂੰ ਚੋਣ ਜੁਮਲਾ ਕਹਿ ਕੇ ਖੁਦ ਹੀ ਉਹਨਾਂ ਦਾ ਮਜ਼ਾਕ ਵੀ ਉਡਾਉਂਦੇ ਹਨ। ਭਾਰਤ ਦੀ ਸਿਆਸਤ ਵਿੱਚ ਸਭ ਤੋਂ ਪਹਿਲਾਂ ਜੁਮਲਾ ਸ਼ਬਦ ਪ੍ਰਧਾਨ ਮੰਤਰੀ ਮੋਦੀ ਵਲੋਂ ਵਰਤਿਆ ਗਿਆ ਸੀ, ਜਦੋਂਕਿ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਵੀ ਇਹ ਸ਼ਬਦ ਕਈ ਵਾਰ ਵਰਤਿਆ ਗਿਆ, ਜੋ ਕਿ ਕਾਫੀ ਚਰਚਿਤ ਰਿਹਾ। ਇਸ ਤਰਾਂ ਭਾਰਤ ਦੀ ਸਿਆਸਤ ਵਿੱਚ ਸਿਆਸੀ ਜੁਮਲਾ ਸ਼ਬਦ ਪ੍ਰਚਲਿਤ ਹੋ ਗਿਆ। ਹੁਣ ਭਾਰਤ ਦੇ ਆਮ ਲੋਕ ਵੀ ਸਿਆਸੀ ਆਗੂਆਂ ਦੇ ਬਿਆਨਾਂ ਨੂੰ ਚੋਣਾਂਵੀ ਜੁਮਲਾ ਜਾਂ ਸਿਆਸੀ ਜੁਮਲਾ ਸਮਝਣ ਲੱਗ ਪਏ ਹਨ। ਪੰਜਾਬ ਵਿੱਚ ਤਾਂ ਇਹ ਸਿਆਸੀ ਜੁਮਲੇ ਲੰਬੇ ਸਮੇਂ ਤੋਂ ਪ੍ਰਚਲਿਤ ਹਨ।

ਅਗਲੀਆਂ ਲੋਕ ਸਭਾ ਚੋਣਾਂ ਹੋਣ ਵਿੱਚ ਇੱਕ ਸਾਲ ਤੋਂ ਵੀ ਘੱਟ ਸਮਾਂ ਰਹਿ ਗਿਆ ਹੈ, ਲੋਕ ਸਭਾ ਚੋਣਾਂ ਤੋਂ ਪਹਿਲਾਂ ਕੁਝ ਸੂਬਿਆਂ ਵਿੱਚ ਵਿਧਾਨ ਸਭਾ ਚੋਣਾਂ ਹੋਣ ਦੀ ਸੰਭਾਵਨਾ ਹੈ। ਇਸ ਕਰਕੇ ਹੁਣੇ ਤੋਂ ਚੋਣ ਮਾਹੌਲ ਬਣਨਾ ਆਰੰਭ ਹੋ ਗਿਆ ਹੈ। ਇਹਨਾਂ ਸੂਬਿਆਂ ਦੀਆਂ ਵਿਧਾਨ ਸਭਾ ਚੋਣਾਂ ਨੂੰ ਅਗਲੀਆਂ ਲੋਕ ਸਭਾ ਚੋਣਾਂ ਦਾ ਸੈਮੀਫਾਈਨਲ ਮੰਨ ਕੇ ਸਾਰੀਆਂ ਹੀ ਸਿਆਸੀ ਧਿਰਾਂ ਵੱਲੋਂ ਸਿਆਸੀ ਸਰਗਰਮੀਆਂ ਤੇਜ਼ ਕਰ ਦਿੱਤੀਆਂ ਗਈਆਂ ਹਨ। ਚੋਣ ਸੂਬਿਆਂ ਤੋਂ ਇਲਾਵਾ ਹੋਰਨਾਂ ਸੂਬਿਆਂ ਵਿੱਚ ਵੀ ਅਗਲੀਆਂ ਲੋਕ ਸਭਾ ਚੋਣਾਂ ਲੜਨ ਦੇ ਚਾਹਵਾਨ ਨੇਤਾਵਾਂ ਵੱਲੋਂ ਆਪੋ ਆਪਣੀ ਪਾਰਟੀ ਦੀ ਟਿਕਟ ਲੈਣ ਲਈ ਉਪਰਾਲੇ ਕਰਨੇ ਆਰੰਭ ਕਰ ਦਿੱਤੇ ਗਏ ਹਨ। ਇਹਨਾਂ ਚੋਣਾਂ ਸਬੰਧੀ ਹੁਣੇ ਤੋਂ ਵੱਖ-ਵੱਖ (**ਬਾਕੀ ਸਫ਼ਾ 29 ’ਤੇ**)

## ਵੱਖ- ਵੱਖ ਸਿਆਸੀ ਪਾਰਟੀਆਂ ਵੱਲੋਂ ਪਿਛਲੀਆਂ ਵਿਧਾਨ ਸਭਾ ਚੋਣਾਂ ਮੌਕੇ ਜਾਰੀ ਕੀਤੇ ਗਏ ਚੋਣ ਮੈਨੀਫੈਸਟੋ

### ਆਮ ਆਦਮੀ ਪਾਰਟੀ

ਆਮ ਆਦਮੀ ਪਾਰਟੀ ਨੇ ਪਿਛਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਚੋਣ ਮਨੋਰਥ ਪੱਤਰ ਵਿੱਚ 24 ਘੰਟੇ ਬਿਜਲੀ ਸਪਲਾਈ, ਹਰ ਮਹੀਨੇ 300 ਯੂਨਿਟ ਬਿਜਲੀ ਮੁਫ਼ਤ, ਬਿਜਲੀ ਦੇ ਘਰੇਲੂ ਬਿੱਲ ਪੁਰਾਣੇ ਬਕਾਇਆ ਬਿੱਲ ਮਾਫ਼ ਕਰਨ ਦੇ ਵਾਅਦੇ ਕੀਤੇ ਸਨ। ਇਸ ਚੋਣ ਮਨੋਰਥ ਪੱਤਰ ਵਿੱਚ ਆਮ ਆਦਮੀ ਪਾਰਟੀ ਵੱਲੋਂ ਦਿੱਲੀ ਦੀ ਤਰਜ਼ ਉੱਤੇ ਪੰਜਾਬ ਦੇ ਹਰ ਪਿੰਡ ਤੇ ਸ਼ਹਿਰ ਵਿੱਚ ਵਾਰਡ ਤੇ ਪਿੰਡ ਵਿੱਚ 16,000 ਕਲੀਨਿਕ ਖੋਲ੍ਹੇ ਜਾਣਗੇ, ਸਸਤਾ, ਵਧੀਆ ਤੇ ਮੁਫ਼ਤ ਇਲਾਜ, 18 ਸਾਲ ਤੋਂ ਵੱਧ ਉਮਰ ਦੀ ਹਰ ਮਹਿਲਾ ਨੂੰ 1000 ਰੁਪਏ ਪ੍ਰਤੀ ਮਹੀਨਾ ਦਿੱਤਾ ਜਾਵੇਗਾ, ਹਰ ਬੱਚੇ ਨੂੰ ਪਹਿਲੀ ਤੋਂ ਡਿਗਰੀ ਤੱਕ ਮੁਫ਼ਤ ਸਿੱਖਿਆ ਮਿਲੇਗੀ, ਐੱਸ ਸੀ ਭਾਈਚਾਰੇ ਦੇ ਬੱਚਿਆਂ ਲਈ ਪੇਸ਼ੇਵਰ ਕੋਰਸਾਂ ਵਿੱਚ ਦਾਖ਼ਲੇ (**ਬਾਕੀ ਸਫ਼ਾ 29 ’ਤੇ**)

### ਅਕਾਲੀ ਦਲ ਬਾਦਲ

ਸ਼੍ਰੋਮਣੀ ਅਕਾਲੀ ਦਲ ਨੇ ਪਿਛਲੇ ਸਾਲ ਹੋਈਆਂ ਵਿਧਾਨ ਸਭਾ ਚੋਣਾਂ ਲਈ ਆਪਣਾ ਚੋਣ ਮਨੋਰਥ ਪੱਤਰ ਜਾਰੀ ਕਰਦਿਆਂ ਸੂਬੇ ਦੇ ਲੋਕਾਂ ਲਈ ਗੱਫੇ ਵੰਡਣ ਦੇ ਵਾਅਦਿਆਂ ਦੀ ਝੜੀ ਲਾ ਦਿੱਤੀ ਸੀ। ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਜਾਰੀ ਕੀਤੇ ਚੋਣ ਮਨੋਰਥ ਪੱਤਰ ਵਿੱਚ ਸਾਰੇ ਵਰਗਾਂ ਨੂੰ ਪਤਿਆਉਣ ਦੇ ਯਤਨ ਕੀਤੇ ਗਏ ਸਨ। ਸੁਖਬੀਰ ਸਿੰਘ ਬਾਦਲ ਨੇ ਆਪਣੀ ਪਾਰਟੀ ਦੇ ਚੋਣ ਮਨੋਰਥ ਪੱਤਰ ’ਚ ਸੂਬੇ ਦੇ ਬੁਨਿਆਦੀ ਮੁੱਦਿਆਂ ਪਾਣੀਆਂ ਦੀ ਵੰਡ, ਚੰਡੀਗੜ੍ਹ ਅਤੇ ਪੰਜਾਬੀ ਬੋਲਦੇ ਇਲਾਕੇ ਤਬਦੀਲ ਕਰਨ, ਸਜ਼ਾ ਪੂਰੀ ਕਰ ਚੁੱਕੇ ਕੈਦੀਆਂ ਦੀ ਰਿਹਾਈ, ਪੰਜਾਬ ਨੂੰ ਕਰਾਂ ਦਾ ਹਿੱਸਾ ਵਧਾਉਣਾ, 1984 ਦੇ ਦੰਗਿਆਂ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਜਿਹੇ (**ਬਾਕੀ ਸਫ਼ਾ 29 ’ਤੇ**)

### ਕਾਂਗਰਸ

ਕਾਂਗਰਸ ਨੇ ਪੰਜਾਬ ਵਿਧਾਨ ਸਭਾ ਚੋਣਾਂ ਲਈ ਆਪਣਾ ਚੋਣ ਮਨੋਰਥ ਪੱਤਰ ਜਾਰੀ ਕਰਦਿਆਂ 1 ਲੱਖ ਸਰਕਾਰੀ ਨੌਕਰੀਆਂ ਦਾ ਵਾਅਦਾ ਕੀਤਾ ਸੀ। ਕਾਂਗਰਸ ਨੇ ਰਾਜ ਦੀਆਂ ਔਰਤਾਂ ਨੂੰ ਪ੍ਰਤੀ ਸਾਲ ਅੱਠ ਮੁਫ਼ਤ ਐੱਲਪੀਜੀ ਸਿਲੰਡਰ ਤੇ 1100 ਰੁਪਏ ਪ੍ਰਤੀ ਮਹੀਨਾ ਦੇਣ ਦਾ ਵਾਅਦਾ ਕੀਤਾ ਸੀ।

ਮਨੋਰਥ ਪੱਤਰ ਜਾਰੀ ਕਰਦਿਆਂ ਪਾਰਟੀ ਦੀ ਸੂਬਾ ਇਕਾਈ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਹਰ ਕੱਚਾ ਮਕਾਨ ਪੱਕਾ ਕਰਨ, 3100 ਬਜ਼ੁਰਗਾਂ-ਔਰਤਾਂ ਨੂੰ ਪੈਨਸ਼ਨ ਦੇਣ, ਸਰਕਾਰੀ ਸਕੂਲਾਂ, ਯੂਨੀਵਰਸਿਟੀ ’ਚ ਸਭ ਨੂੰ ਮੁਫ਼ਤ ਸਿੱਖਿਆ, ਮੁਫ਼ਤ ਸਿਹਤ ਸੇਵਾਵਾਂ ਦੇਣ ਦਾ ਵਾਅਦਾ ਕੀਤਾ ਸੀ।

### ਭਾਜਪਾ

ਪਿਛਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲੀ ਨੈਸ਼ਨਲ ਡੈਮੋਕਰੈਟਿਕ ਐਲਾਇੰਸ ਨੇ ਪੰਜਾਬ ਦੀ ਆਰਥਿਕਤਾ ਨੂੰ ਮੁੜ ਪੈਰਾਂ ’ਤੇ ਖੜ੍ਹਾ ਕਰਨ ਲਈ ਵੱਡੇ ਪੱਧਰ ’ਤੇ ਬੁਨਿਆਦੀ ਢਾਂਚੇ ਦੇ ਵਿਕਾਸ ਵਾਸਤੇ ਅਗਲੇ 5 ਸਾਲਾਂ ਦੌਰਾਨ 1 ਲੱਖ ਕਰੋੜ ਰੁਪਏ ਖ਼ਰਚਣ ਦਾ ਵਾਅਦਾ ਕੀਤਾ ਸੀ ਭਾਜਪਾ ਨੇ ਬੇਅਦਬੀ ਦੀਆਂ ਘਟਨਾਵਾਂ ਵਿਰੁੱਧ ਜ਼ੀਰੋ ਟੋਲਰੈਂਸ ਦੀ ਨੀਤੀ ਅਪਣਾਉਣ ਦਾ ਵਾਅਦਾ ਵੀ ਕਰਦਿਆਂ ਕਿਹਾ ਸੀ ਕਿ ਅਜਿਹੇ ਮਾਮਲਿਆਂ ਦੇ ਸਮੇਂ ਸਿਰ ਨਿਪਟਾਰੇ ਲਈ ਫਾਸਟ ਟਰੈਕ ਅਦਾਲਤਾਂ ਦਾ ਗਠਨ ਕੀਤਾ ਜਾਵੇਗਾ। ਭਾਜਪਾ ਦੇ ਚੋਣ ਮਨੋਰਥ ਪੱਤਰ ਨੂੰ ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ, ਪੀ.ਐਲ.ਸੀ ਆਗੂ ਰਣਇੰਦਰ ਸਿੰਘ, (**ਬਾਕੀ ਸਫ਼ਾ 29 ’ਤੇ**)

# ਕੈਲੀਫੋਰਨੀਆ ਅਸੈਂਬਲੀ ਨੇ 'ਜਾਤੀ ਭੇਦਭਾਵ ਵਿਰੋਧੀ' SB 403 ਬਿੱਲ ਕੀਤਾ ਪਾਸ

## ਗਵਰਨਰ ਵਲੋਂ ਮਨਜ਼ੂਰੀ ਮਿਲਣੀ ਬਾਕੀ






ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ) : ਕੈਲੀਫੋਰਨੀਆ ਸਟੇਟ ਅਸੈਂਬਲੀ ਨੇ ਜਾਤੀ ਵਿਤਕਰੇ ਵਿਰੋਧੀ ਬਿੱਲ ਨੂੰ ਪਾਸ ਕਰ ਦਿੱਤਾ ਹੈ, ਇਹ ਬਿੱਲ ਜਾਤੀ ਵਿਤਕਰੇ ਦਾ ਮੁਕਾਬਲਾ ਕਰਨ ਅਤੇ ਰਾਜ ਭਰ ਵਿੱਚ ਹਾਸ਼ੀਏ 'ਤੇ ਰਹਿ ਰਹੇ ਭਾਈਚਾਰਿਆਂ ਲਈ ਸੁਰੱਖਿਆ ਨੂੰ ਮਜ਼ਬੂਤ ਕਰੇਗਾ। ਇਹ ਬਿੱਲ ਕੱਲ੍ਹ ਵਿਧਾਨ ਸਭਾ ਵੱਲੋਂ ਪਾਸ ਕੀਤਾ ਗਿਆ ਸੀ। ਇਸ ਬਿੱਲ ਨੂੰ ਜੇਕਰ ਗਵਰਨਰ ਦੁਆਰਾ ਮਨਜ਼ੂਰੀ ਦਿੱਤੀ ਜਾਂਦੀ ਹੈ, ਤਾਂ ਕੈਲੀਫੋਰਨੀਆ ਅਮਰੀਕਾ ਦਾ ਪਹਿਲਾ ਰਾਜ ਬਣ ਜਾਵੇਗਾ ਜਿਸ ਨੇ ਆਪਣੇ ,ਭੇਦਭਾਵ ਵਿਰੋਧੀ ਕਾਨੂੰਨਾਂ ਵਿੱਚ ਜਾਤ ਨੂੰ ਸੁਰੱਖਿਅਤ ਸ਼੍ਰੇਣੀ ਵਜੋਂ ਸ਼ਾਮਲ ਕੀਤਾ ਹੈ। ਕੱਲ੍ਹ ਕੈਲੀਫੋਰਨੀਆ ਅਸੈਂਬਲੀ ਤੋਂ ਇਸ ਬਿੱਲ ਨੂੰ ਮਨਜ਼ੂਰੀ ਮਿਲਣ ਤੋਂ ਬਾਅਦ ਦਸਤਖਤ ਲਈ ਗਵਰਨਰ ਗੇਵਿਨ ਨਿਊਜ਼ੋਮ ਪਾਸ ਪਹੁੰਚੇਗਾ। ਸੈਨੇਟ ਬਿੱਲ 403 ਅਸੈਂਬਲੀ ਨੇ 50-3 ਦੇ ਭਾਰੀ ਫਰਕ ਨਾਲ ਪਾਸ ਕਰ ਦਿੱਤਾ। ਕਮੇਟੀ ਵਿੱਚ ਪਿਛਲੀਆਂ ਤਬਦੀਲੀਆਂ ਨੇ ਬਿੱਲ ਦੀ ਭਾਸ਼ਾ ਵਿੱਚ ÷ਜਾਤ÷ 'ਤੇ ਜ਼ੋਰ ਨਹੀਂ ਦਿੱਤਾ। ਪਰ ਬਹੁਤ ਸਾਰੇ ਆਲੋਚਕਾਂ ਨੇ ਸੰਸਦ ਮੈਂਬਰਾਂ ਨੂੰ ਇਸ ਸ਼ਬਦ ਨੂੰ ਹਟਾਉਣ ਜਾਂ ਬਿਲ ਨੂੰ ਪੂਰੀ ਤਰ੍ਹਾਂ ਖਤਮ ਕਰਨ ਲਈ ਕਿਹਾ ਸੀ। ਕੈਲੀਫੋਰਨੀਆ ਅਜੇ ਵੀ ਇੱਕ ਅਜਿਹਾ ਰਾਜ ਹੈ ਜੋ ਨਾਗਰਿਕ ਅਧਿਕਾਰਾਂ ਲਈ ਖੜ੍ਹਾ ਹੈ।

ਸੰਸਦ ਮੈਂਬਰਾਂ ਨੇ ਇਸ ਦਲੀਲ ਨੂੰ ਇੱਕ ਪਾਸੇ ਰੱਖਣ ਦਾ ਫੈਸਲਾ ਕੀਤਾ ਕਿ ਬਿੱਲ ਭਾਰਤ ਅਤੇ ਹਿੰਦੂ ਧਰਮ ਨਾਲ ਜਾਤ ਨੂੰ ਜੋੜਨ ਵਾਲੇ ਰੂੜ੍ਹੀਵਾਦੀ ਵਿਚਾਰਾਂ ਕਾਰਨ ਦੱਖਣੀ ਏਸ਼ੀਆਈ ਅਮਰੀਕੀਆਂ ਨੂੰ ਗਲਤ ਤਰੀਕੇ ਨਾਲ ਨਿਸ਼ਾਨਾ ਬਣਾਏਗਾ। ਇਸ ਦੀ ਬਜਾਏ, ਉਨ੍ਹਾਂ ਨੇ ਪ੍ਰਗਤੀਸ਼ੀਲ ਕਾਨੂੰਨੀ ਵਿਦਵਾਨਾਂ ਅਤੇ ਦਲਿਤ ਨਾਗਰਿਕ ਅਧਿਕਾਰ ਸਮੂਹ, ਸਮਾਨਤਾ ਲੈਬਜ਼ ਦਾ ਸਮਰਥਨ ਕੀਤਾ। ਦਲਿਤ ਸ਼ਬਦ ਉਨ੍ਹਾਂ ਲੋਕਾਂ ਨੂੰ ਦਰਸਾਉਂਦਾ ਹੈ ਜੋ ਹਿੰਸਕ ਤੌਰ 'ਤੇ ਦੱਖਣ ਏਸ਼ੀਆਈ ਜਾਤ ਪ੍ਰਣਾਲੀ ਦੇ ਹੇਠਲੇ ਹਿੱਸੇ ਤੱਕ ਪਹੁੰਚੇ ਹੋਏ ਹਨ, ਜਿਸ ਨੇ ਇਤਿਹਾਸਕ ਤੌਰ 'ਤੇ ਵੱਖ-ਵੱਖ ਧਰਮਾਂ ਦੇ ਲੋਕਾਂ ਦੀਆਂ ਨੌਕਰੀਆਂ ਅਤੇ ਸਿੱਖਿਆ ਨੂੰ ਆਪਣੇ ਕਬਜੇ ਚ ਕੀਤਾ ਹੋਇਆ ਹੈ। ਬਿੱਲ ਦੇ ਸਮਰਥਕਾਂ ਦੀ ਦਲੀਲ ਸੀ ਕਿ ਬੇ ਏਰੀਆ ਆਈ ਟੀ ਵਰਗੇ ਖੇਤਰਾਂ ਵਿੱਚ ਦੱਖਣੀ ਏਸ਼ੀਆਈ ਅਮਰੀਕੀਆਂ ਦੀ ਵੱਧ ਰਹੀ ਗਿਣਤੀ ਨੂੰ ਦੇਖ ਰਿਹਾ ਹੈ ਜਿਨਾਂ ਵਿੱਚ ਮਤਭੇਦਾਂ ਦੀਆਂ ਅਕਸਰ ਖਬਰਾਂ ਆਈਆਂ ਸਨ। ਵਹਾਬ ਨੇ ਵੋਟ ਤੋਂ ਬਾਅਦ ਇੱਕ ਪ੍ਰੈਸ ਬਿਆਨ ਵਿੱਚ ਕਿਹਾ ਮੈਂ ਹਰ ਵਿਧਾਨ ਸਭਾ ਮੈਂਬਰ ਦੀ ਸ਼ਲਾਘਾ ਕਰਦੀ ਹਾਂ ਜਿਸ ਨੇ ਅੱਜ SB 403 ਦੇ ਸਮਰਥਨ ਵਿੱਚ ਵੋਟ ਪਾਈ। ਜਾਤੀ ਵਿਤਕਰੇ ਦੇ ਵਿਰੁੱਧ ਸਾਡੇ ਰਾਜ ਦੇ ਕਾਨੂੰਨਾਂ ਦੀ ਸੁਰੱਖਿਆ ਵਿੱਚ ਸ਼ਾਮਲ ਕਰਨ ਦੀ ਇਸ ਕਾਨੂੰਨੀ ਕਾਰਵਾਈ ਵਿੱਚ ਮੇਰੇ ਨਾਲ ਸ਼ਾਮਲ ਹੋਣ ਲਈ ਮੈਂ ਉਹਨਾਂ ਦੀ ਹਿੰਮਤ ਲਈ ਉਹਨਾਂ ਦਾ ਧੰਨਵਾਦ ਕਰਦੀ ਹਾਂ।

ਦੱਸਣਯੋਗ ਹੈ ਕਿ ਏਸ਼ੀਅਨ ਅਮਰੀਕਨ ਪੈਸੀਫਿਕ ਆਈਲੈਂਡਰ ਕਾਕਸ ਦੇ ਅਸੈਂਬਲੀ ਮੈਂਬਰ ਐਲੇਕਸ ਲੀ ਅਤੇ ਇਵਾਨ ਲੋ ਜਿਸ ਨੇ ਪਹਿਲਾਂ ਬਿੱਲ 'ਤੇ ਅਸੈਂਬਲੀ ਜੁਡੀਸ਼ਰੀ ਕਮੇਟੀ ਨੂੰ ਜਾਤੀ ਨੂੰ ਪਾਸੇ ਕਰਨ ਜਾਂ ਹੋਰ ਅਧਿਐਨ ਲਈ ਬਿੱਲ ਨੂੰ ਰੋਕਣ ਦੀ ਬੇਨਤੀ ਕੀਤੀ। ਬਿੱਲ ਦੇ ਸਮਰਥਕਾਂ ਨੇ ਪਹਿਲਾਂ ਬੇਨਤੀ ਕੀਤੀਆਂ ਤਬਦੀਲੀਆਂ ਦੇ ਵਿਰੁੱਧ ਰੋਸ ਪ੍ਰਗਟ ਕੀਤਾ ਹੈ, ਲੀ ਅਤੇ ਲੋ ਨੂੰ ਸੋਧਾਂ ਤੋਂ ਬਾਅਦ ਬਿੱਲ ਦੇ ਸਮਰਥਨ ਵਿੱਚ ਆਉਣ ਲਈ ਕਿਹਾ ਹੈ। ਲੀ ਨੇ ਸੋਮਵਾਰ ਨੂੰ ਸਮਰਥਨ ਵਿੱਚ ਗੱਲ ਕੀਤੀ, ਪਰ ਲੋ ਨੇ ਪਰਹੇਜ਼ ਕੀਤਾ। ਵਹਾਬ ਨੇ ਕਿਹਾ ਸੀ ਕਿ, ਇਹ ਨਾਗਰਿਕ (ਬਾਕੀ ਸਫ਼ਾ 29 'ਤੇ)

# ਕੈਲੀਫੋਰਨੀਆ ਸਿੱਖ ਯੂਥ ਅਲਾਇੰਸ ਵੱਲੋਂ ਚੌਥਾ ਸ਼ਹੀਦੀ ਟੂਰਨਾਮੈਂਟ ਯਾਦਗਾਰੀ ਹੋ ਨਿੱਬੜਿਆ

ਫਰਿਜ਼ਨੋ, ਕੈਲੀਫੋਰਨੀਆ /ਕੁਲਵੰਤ ਧਾਲੀਆਂ / ਨੀਟਾ ਮਾਛੀਕੇ: ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਫਰਿਜ਼ਨੋ ਵਿੱਚ ਪਾਵਰ ਲਿਫਟਿੰਗ (ਭਾਰ ਚੁੱਕਣ) ਦਾ ਟੂਰਨਾਮੈਂਟ ਕੈਲੀਫੋਰਨੀਆ ਸਿੱਖ ਯੂਥ ਅਲਾਇੰਸ ਵੱਲੋਂ ਕਰਵਾਇਆ ਗਿਆ। ਜੋ ਕਿ ਸਮੂਹ ਸਿੱਖ ਸ਼ਹੀਦਾਂ ਦੀ ਨਿੱਘੀ ਯਾਦ ਅਤੇ ਸ਼ਹਾਦਤ ਨੂੰ ਸਮਰਪਿਤ ਸੀ।

ਇਸ ਸੰਸਥਾ ਵੱਲੋਂ ਕੈਲੀਫੋਰਨੀਆ ਵਿੱਚ ਕਰਵਾਇਆ ਜਾਣ ਵਾਲਾ ਇਹ ਚੌਥਾ ਟੂਰਨਾਮੈਂਟ ਸੀ, ਜਿਸ ਵਿੱਚ ਭਾਰ ਚੁੱਕਣ ਦੇ ਸ਼ੌਕੀਨ ਬਹੁ ਗਿਣਤੀ ਵਿੱਚ ਲੜਕੇ, ਲੜਕੀਆਂ ਅਤੇ ਨੌਜਵਾਨਾ ਨੇ ਦੂਰ-ਦੁਰਾਡੇ ਤੋਂ ਪਹੁੰਚ ਕੇ ਭਾਗ ਲਿਆ। ਇਸ ਟੂਰਨਾਮੈਂਟ ਨੂੰ ਵੱਖ-ਵੱਖ ਉਮਰ ਅਤੇ ਭਾਰ ਚੁੱਕਣ ਦੇ ਗਰੁੱਪਾਂ ਵਿੱਚ ਵੰਡਿਆ ਗਿਆ ਸੀ। ਜਿਸ ਵਿੱਚ ਹਿੱਸਾ ਲੈਣ ਲਈ ਪਹੁੰਚੇ ਬੱਚਿਆਂ ਵਿੱਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਸੀ। ਇਸ ਵਿੱਚ ਬਹੁਤ ਜ਼ਿਆਦਾ ਭਾਰ ਚੁੱਕਣ ਦੇ ਸ਼ੌਕੀਨਾਂ ਨੇ ਹਿੱਸਾ ਲਿਆ, ਜਿਸ ਕਰਕੇ ਇਹ ਟੂਰਨਾਮੈਂਟ ਮਿਥੇ ਸਮੇਂ ਤੋਂ ਬਾਅਦ ਵੀ




ਕਈ ਘੰਟੇ ਚੱਲਿਆ। ਸਮੂਹ ਹਿੱਸਾ ਲੈਣ ਵਾਲੇ ਖਿਡਾਰੀਆਂ ਦਾ ਹੌਸਲਾ ਅਫਜਾਈ ਅਤੇ ਜੇਤੂਆਂ ਨੂੰ ਸਨਮਾਨ ਅਤੇ ਟਰਾਫੀਆਂ ਦੇ ਕੇ ਸਨਮਾਨਿਤ ਕੀਤਾ ਗਿਆ।

ਇਸ ਟੂਰਨਾਮੈਂਟ ਦੌਰਾਨ ਵੱਖ-ਵੱਖ ਬੁਲਾਰਿਆਂ ਨੇ ਵੀ ਸੰਗਤਾਂ ਨੂੰ ਸੰਬੋਧਨ ਕੀਤਾ ਅਤੇ ਸਿੱਖਾਂ ਦੇ ਸੰਘਰਸ਼ ਭਰੇ ਇਤਿਹਾਸ ਦੀ ਸਾਂਝ ਪਾਈ। ਇਸ ਟੂਰਨਾਮੈਂਟ ਤੋਂ ਇਲਾਵਾ ਸਿੱਖ ਸੰਘਰਸ਼ ਦੌਰਾਨ ਸ਼ਹੀਦ ਹੋਏ ਸਮੂਹ ਸ਼ਹੀਦਾਂ ਦੀਆਂ ਤਸਵੀਰਾਂ ਦੀ ਪ੍ਰਦਰਸ਼ਨੀ ਵੀ ਲੱਗੀ ਹੋਈ ਸੀ ਅਤੇ ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਟੀ-ਸ਼ਰਟਾਂ ਅਤੇ ਪੁਸਤਕਾਂ ਦੇ ਸਟਾਲ ਵੀ ਲੱਗੇ ਹੋਏ ਸਨ, ਜੋ ਸੰਗਤਾਂ ਨੂੰ ਸਿੱਖ ਇਤਿਹਾਸ ਤੋਂ ਜਾਣੂ ਕਰਵਾ ਰਹੇ ਸਨ। ਇਸ ਸਮੇਂ ਗੁਰੂ ਘਰ ਅੰਦਰ ਸਮੂਹ ਸੰਗਤਾਂ ਲਈ ਲੰਗਰ ਅਤੁੱਟ ਵਰਤ ਰਹੇ ਸਨ। ਕੈਲੀਫੋਰਨੀਆ ਸਿੱਖ ਯੂਥ ਅਲਾਇਸ ਦੀ ਸਮੁੱਚੀ ਟੀਮ ਵੱਲੋਂ ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਫਰਿਜ਼ਨੋ ਅਤੇ ਸਮੂਹ ਸੰਗਤ ਦਾ ਸਹਿਯੋਗ ਲਈ ਧੰਨਵਾਦ ਕੀਤਾ ਗਿਆ।

# ਐਨਸਬਰਾਂਟੇ ਗੁਰਦੁਆਰਾ ਸਾਹਿਬ ਕੈਲੀਫੋਰਨੀਆ ਵਿਖੇ ਸਜਿਆ ਧਾਰਮਿਕ ਕਵੀ ਦਰਬਾਰ







ਐਲਸਬਰਾਂਟੇ/ਏ.ਟੀ.ਨਿਊਜ਼ : ਬੀਤੇ ਦਿਨੀਂ ਸਥਾਨਕ ਅਮਰੀਕੀ ਪੰਜਾਬੀ ਕਵੀਆਂ ਵੱਲੋਂ ਐਲਸਬਰਾਂਟੇ ਗੁਰਦੁਆਰਾ ਸਾਹਿਬ ਵਿਖੇ ਸਜੇ ਹਫ਼ਤਾਵਾਰੀ ਦੀਵਾਨਾਂ ਵਿੱਚ ਸੰਪੂਰਨਤਾ ਦਿਵਸ ਗੁਰੂ ਗਰੰਥ ਸਾਹਿਬ ਜੀ ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ ਬੜੀ ਸ਼ਰਧਾ ਭਾਵਨਾ ਨਾਲ ਸਜਾਇਆ ਗਿਆ। ਗੁਰਦੁਆਰਾ ਕਮੇਟੀ ਦੇ ਸਕੱਤਰ ਰਵਿੰਦਰ ਸਿੰਘ ਰੰਧਾਵਾ ਵੱਲੋਂ ਕਵੀਆਂ ਦੀ ਜਾਣ -ਪਛਾਣ ਕਰਵਾਉਂਦਿਆਂ ਮੰਚ ਸੰਚਾਲਨ ਲਈ ਪ੍ਰਵਾਨਾ ਨੂੰ ਸੱਦਾ ਦਿੱਤਾ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਪ੍ਰਵਾਨਾ ਨੇ ਕਿਹਾ ਕਿ ਗੁਰੂ ਅਰਜਨ ਦੇਵ ਸਾਹਿਬ ਜੀ ਨੇ ਸਿੱਖ ਧਰਮ ਦੀ ਉੱਨਤੀ ਵਿੱਚ ਹਰਿਮੰਦਰ ਸਾਹਿਬ ਦੀ ਉਸਾਰੀ ਉਪਰੰਤ , ਸੰਸਾਰ ਨੂੰ ਗੁਰੂ ਗਰੰਥ ਸਾਹਿਬ ਜੀ ਦੇ ਪਾਵਨ ਸਰੂਪ ਦੀ ਵੱਡੀ ਬਖਸ਼ਿਸ਼ ਕੀਤੀ ਹੈ। ਆਪ ਜੀ ਨੇ ਅਨੁਭਵ ਕੀਤਾ ਕਿ ਜਦ ਹੁਣ ਸਿੱਖਾਂ ਦਾ ਧਾਰਮਿਕ ਕੇਂਦਰ ਸਥਾਪਤ ਹੋ ਗਿਆ ਹੈ ਤਾਂ ਇੱਕ ਅਜਿਹੇ ਧਾਰਮਿਕ ਗਰੰਥ ਦੀ ਲੋੜ ਹੈ, ਜਿਸ ਵਿੱਚ ਜਾਤ ਪਤਾ ਦੇ ਸਾਰੇ ਵਿਤਕਰਿਆਂ ਤੋਂ ਉੱਪਰ ਉੱਠ ਕੇ ਗੁਰਬਾਣੀ ਦਰਜ ਹੋਵੇ ਕਿ ਜਿਸਦੇ ਗਿਆਨ ਅਤੇ ਅਮਲ ਨਾਲ ਸਮੁੱਚੀ ਮਾਨਵਤਾ ਦਾ ਕਲਿਆਣ ਹੋਵੇ। ਗੁਰੂ ਗੋਬਿੰਦ ਸਿੰਘ ਜੀ ਨੇ ਆਦਿ ਗ੍ਰੰਥ ਨੂੰ ਗੁਰਤ ਬਖਸ਼ੀ ਅਤੇ ਸਿੱਖਾਂ ਨੂੰ ਹੁਕਮ ਦਿੱਤਾ ਕਿ ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ।ਧਾਰਮਿਕ ਕਵੀ ਦਰਬਾਰ ਵਿੱਚ ਤਰਲੋਚਨ ਸਿੰਘ ਦੁਪਾਲਪੁਰੀ, ਤਰਸੇਮ ਸਿੰਘ ਸੁੰਮਨ, ਜਸਦੀਪ ਸਿੰਘ ਫਰੀਮੈਂਟ, ਭਾਈ ਗੁਰਦਿੱਤ ਸਿੰਘ ਐਲਸਬਰਾਂਟੇ, ਪ੍ਰਮਿੰਦਰ ਸਿੰਘ ਪ੍ਰਵਾਨਾ, ਬੀਬੀ ਬਲਵਿੰਦਰ ਕੌਰ ਨੇ ਗੁਰਮੱਤ ਆਸ਼ੇ ਅਨੁਸਾਰ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਫ਼ਤ ਸਲਾਹ ਦੀਆਂ ਕਵਿਤਾਵਾਂ ਨਾਲ ਨਿਹਾਲ ਕੀਤਾ। ਗੁਰਦੁਆਰਾ ਸਾਹਿਬ ਦੇ ਸੱਕੱਤਰ ਰਵਿੰਦਰ ਸਿੰਘ ਰੰਧਾਵਾ ਵੱਲੋਂ ਕਵੀਆਂ ਦਾ ਧੰਨਵਾਦ ਕਰਦਿਆਂ ਨਵੰਬਰ ਅਤੇ ਦਸੰਬਰ ਵਿੱਚ ਕਵੀ ਦਰਬਾਰ ਸਜਾਉਣ ਦੀ ਤਾਕੀਦ ਕੀਤੀ। ਗੁਰਦੁਆਰਾ ਸਾਹਿਬ ਦੇ ਪ੍ਰਧਾਨ ਕੁਲਵੰਤ ਸਿੰਘ ਜੀ ਦਾ ਕਵੀ ਦਰਬਾਰ ਸਫਲ ਬਣਾਉਣ ਵਿੱਚ ਭਰਪੂਰ ਯੋਗਦਾਨ ਰਿਹਾ। ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਨਾਲ ਕਵੀਆਂ ਦਾ ਸਨਮਾਨ ਕੀਤਾ ਗਿਆ। ਇੱਕ ਯਾਦਗਾਰੀ ਤਸਵੀਰ ਨਾਲ ਧਾਰਮਿਕ ਕਵੀ ਦਰਬਾਰ ਦਾ ਪ੍ਰੋਗਰਾਮ ਸੰਪੰਨ ਹੋਇਆ।




# ਕਿਸਾਨ ਅੰਦੋਲਨ ਬਨਾਮ ਪੰਜਾਬ ਸਰਕਾਰ

## ਦਿੱਲੀ ਦੇ ਤਖ਼ਤ ਨੂੰ ਹਿਲਾਉਣ ਵਾਲਾ ਕਿਸਾਨ ਅੰਦੋਲਨ ਮੁੜ ਭਖਿਆ

## ਕਿਸਾਨਾਂ ਦੀਆਂ ਵੋਟਾਂ ਨਾਲ ਬਣੀ ਪੰਜਾਬ ਸਰਕਾਰ ਕਿਸਾਨ ਅੰਦੋਲਨ ਦੇ ਖ਼ਿਲਾਫ਼ ਕਿਓਂ ?

ਪਟਿਆਲਾ/ਏ.ਟੀ.ਨਿਊਜ਼ : ਕਿਸਾਨਾਂ ਦਾ ਵਿਰੋਧ ਪੰਜਾਬ ਦੇ ਵੱਖ- ਵੱਖ ਹਿੱਸਿਆਂ ਦੇ ਵਿੱਚ ਉਭਰਦਾ ਦਿਖਾਈ ਦੇ ਰਿਹਾ ਹੈ। ਲੰਘੇ ਦਿਨਾਂ ਦੇ ਵਿੱਚ ਇੱਕ ਕਿਸਾਨ ਦਾ ਪੁਲਿਸ ਵੱਲੋਂ ਤਸ਼ੱਦਦ ਕਰਨ 'ਤੇ ਦੁਨੀਆਂ ਤੋਂ ਰੁਖ਼ਸਤ ਹੋ ਜਾਣਾ, ਇਹ ਘਟਨਾ ਸਰਕਾਰ ਦੇ ਪ੍ਰਤੀ ਵਿਰੋਧ ਦੀ ਭਾਵਨਾ ਵਾਲੀ ਕੰਧ ਉਸਾਰ ਰਹੀ ਹੈ। ਅਸਲ ਮੁੱਦਾ ਸੀ ਕਿ ਕਿਸਾਨ ਕੁਝ ਮੰਗਾਂ ਨੂੰ ਲੈ ਕੇ ਚੰਡੀਗੜ੍ਹ ਵਿੱਚ ਧਰਨਾ ਦੇਣਾ ਚਾਹੁੰਦੇ ਸੀ ਪਰ ਛੋਟੀ ਜਿਹੀ ਗਲ 'ਤੇ ਸਰਕਾਰ ਕਿਸਾਨਾਂ ਦੇ ਉੱਤੇ ਵਰ੍ਹ ਪਈ। ਕਿਸਾਨਾਂ ਦੀ ਲੜਾਈ ਕੇਂਦਰ ਸਰਕਾਰ ਨਾਲ ਸੀ ਫਿਰ ਪੰਜਾਬ ਸਰਕਾਰ ਨੂੰ ਏਨੀ ਕਿਲ੍ਹਾ ਬੰਦੀ ਕਰਨ ਦੀ ਕੀ ਲੋੜ ਪੈ ਗਈ ਸੀ? ਕਿਸਾਨਾਂ ਦੇ ਅੰਦੋਲਨ ਵਿਚੋਂ ਨਿਕਲੀ ਸਰਕਾਰ ਕਿਸਾਨਾਂ ਨੂੰ ਨਿਰਾਸ਼ ਕਰ ਗਈ। ਅਸੀਂ ਕਿਸੇ ਵੀ ਰਵਾਇਤੀ ਸਿਆਸੀ ਪਾਰਟੀ ਦਾ ਪੱਖ ਨਹੀਂ ਲੈਂਦੇ ਪਰ ਤੁਹਾਨੂੰ ਯਾਦ ਹੋਵੇਗਾ ਕਿ ਜਦੋਂ ਕਿਸਾਨ ਅੰਦੋਲਨ ਦਿੱਲੀ ਵੱਲ ਨੂੰ ਵਹੀਰਾਂ ਘੱਤ ਕੇ ਤੁਰਿਆ ਸੀ, ਉਸ ਸਮੇਂ ਕੈਪਟਨ ਸਰਕਾਰ ਦੇ ਰਾਜ ਵਿੱਚ ਥਾਂ ਥਾਂ 'ਤੇ ਧਰਨੇ ਵੀ ਲੱਗੇ ਸਨ ਪਰ ਕਿਸਾਨਾਂ ਦੇ ਉੱਤੇ ਡਾਂਗ ਨਹੀਂ ਸੀ ਵਰ੍ਹੀ। ਇਥੋਂ ਤਕ ਕਿ ਕੈਪਟਨ ਅਮਰਿੰਦਰ ਸਿੰਘ ਨੇ ਅਸੈਂਬਲੀ ਵਿੱਚ ਮਤਾ ਪਾਸ ਕਰਕੇ ਕਿਸਾਨਾਂ ਨੂੰ ਕਿਹਾ ਸੀ ਕਿ 'ਤਕੜੇ ਹੋ ਜਾਓ।' ਇਹਨਾਂ ਧਰਨਿਆਂ ਦੇ ਦੌਰਾਨ ਪੰਜਾਬ ਵਿੱਚ ਇੱਕ ਵੀ ਮੌਤ ਨਹੀਂ ਸੀ ਹੋਈ ਭਾਵੇਂ ਕਿ ਦਿੱਲੀ ਬਾਰਡਰ 'ਤੇ ਧਰਨੇ ਦੌਰਾਨ 750 ਕਿਸਾਨ ਸ਼ਹੀਦ ਹੋ ਗਏ ਸਨ।









ਭਾਵੇਂ ਕਿ ਕਿਸਾਨ ਅੰਦੋਲਨ 32 ਜਥੇਬੰਦੀਆਂ ਦੇ ਨਾਲ ਚੱਲਿਆ ਸੀ ਜਿਹੜੀਆਂ ਕਿ ਹੁਣ ਟੁੱਟ ਭੁਰ ਕੇ 60 ਤੋਂ ਵੱਧ ਹੋ ਗਈਆਂ ਹਨ। ਪੰਜਾਬ ਸਰਕਾਰ ਉਹਨਾਂ ਕਿਸਾਨ ਆਗੂਆਂ ਨੂੰ ਅਣਗੌਲਿਆ ਕਰ ਰਹੀ ਹੈ, ਜਿਨ੍ਹਾਂ ਨੇ ਸਿੰਘੂ ਟਿਕਰੀ ਬਾਰਡਰ 'ਤੇ ਸੰਘਰਸ਼ ਦੀ ਨੀਂਹ ਰੱਖੀ ਸੀ, ਇਹ ਉਹ ਨੇ ਜਿਨ੍ਹਾਂ ਨੇ ਦਿੱਲੀ ਦੇ ਵਿੱਚ ਟਰੈਕਟਰ ਪਰੇਡ ਕੀਤੀ, ਇਹ ਉਹ ਨੇ, ਜਿਨ੍ਹਾਂ ਨੇ ਸੰਸਦ ਦੇ ਬਰਾਬਰ ਆਪਣੀ ਸੰਸਦ ਚਲਾਈ, ਇਹ ਉਹ ਨੇ ਜਿਨ੍ਹਾਂ ਦੇ ਪੁੱਤਰ ਪੋਤਰੇ ਹਿੱਕਾਂ ਡਾਹ ਕੇ ਸਰਕਾਰੀ ਜਲ ਤੋਪਾਂ ਅੱਗੇ ਡਟੇ, ਉਹ ਬਜ਼ੁਰਗ, ਜਿਨ੍ਹਾਂ ਨੇ ਸਟੇਜਾਂ ਤੇ ਖਲੋ ਕੇ ਨਵੀਂ ਪੀੜ੍ਹੀ ਨੂੰ ਡੂੰਘੀਆਂ ਰਮਜ਼ਾਂ ਦੱਸੀਆਂ, ਇਹ ਓਹੀ ਕਿਸਾਨ ਨੇ, ਜਿਨ੍ਹਾਂ ਨੂੰ ਆਮ ਭਾਸ਼ਾ ਵਿੱਚ ਅਨਪੜ੍ਹ ਤੇ ਗੰਵਾਰ ਕਿਹਾ ਜਾਂਦਾ ਸੀ, ਉਹਨਾਂ ਕਿਸਾਨਾਂ ਨੇ ਸਟੇਜ 'ਤੇ ਖਲੋ ਕੇ ਜਦੋਂ ਵਰਲਡ ਲੈਵਲ ਦੀਆਂ ਖ਼ਬਰਾਂ ਲੋਕਾਂ ਤਕ ਸਾਂਝੀਆਂ ਕੀਤੀਆਂ ਤੇ ਕਈ ਬੋਲੇ ਕੰਨ ਖੁੱਲ੍ਹ ਗਏ, ਕਿਵੇਂ ਦਾ ਮਾਹੌਲ ਹੋਵੇਗਾ ਜਦੋਂ ਕੋਈ ਆਮ ਕਿਸਾਨ ਇਹ ਕਹਿੰਦਾ ਸੁਣਿਆ ਸੀ ਕਿ "ਕਿਸਾਨ ਭਰਾਵੋ, ਡਟੇ ਰਹੋ, ਅੱਜ 'ਰਿਹਾਨਾ' ਤੁਹਾਡੇ ਹੱਕ ਵਿੱਚ ਬੋਲ ਪਈ ਹੈ, ਅੱਜ ਤੁਹਾਡੇ ਸੰਘਰਸ਼ ਬਾਰੇ 'ਨੌਮ ਚੌਮਸਕੀ' ਨੇ ਖੁੱਲ੍ਹ ਕੇ ਗੱਲਾਂ ਕੀਤੀਆਂ ਹਨ, ਸ਼ੇਰੋ ਪਰਵਾਹ ਨਾ ਕਰੋ।" ਇਹਨਾਂ ਗੱਲਾਂ ਤੋਂ ਤੁਸੀਂ ਗੱਲਬਾਤ ਦੇ ਲੈਵਲ ਦਾ ਹਿਸਾਬ ਲਗਾਓ ਕਿ ਕਿਸਾਨਾਂ ਦਾ ਲੈਵਲ ਕਿੱਥੇ ਤਕ ਪਹੁੰਚਿਆ ਹੋਇਆ ਸੀ। ਸਰਕਾਰ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਇਹ ਉਹੀ ਕਿਸਾਨ ਨੇ, ਜਿਨ੍ਹਾਂ ਨੇ ਰਵਾਇਤੀ ਪਾਰਟੀਆਂ ਨੂੰ ਖੂੰਜੇ ਲਗਾ ਦਿੱਤਾ ਸੀ। ਉਹੀ ਕਿਸਾਨ ਹੁਣ ਫਿਰ ਸੜਕਾਂ 'ਤੇ ਹਨ। ਉਹੀ ਕਿਸਾਨ ਜਿਨ੍ਹਾਂ ਨੇ ਹਾਕਮ ਸਰਕਾਰ ਦੇ ਗਲਾਮੇ ਨੂੰ ਹੱਥ ਪਾ ਕੇ ਕਾਲੇ ਖੇਤੀ ਬਿਲ ਵਾਪਸ ਕਰਵਾਏ ਸੀ, ਉਹ ਆਪਣੀ ਤਾਕਤ ਨੂੰ ਭੁੱਲੇ ਨਹੀਂ ਹਨ। ਸਰਕਾਰ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਭਾਵੇਂ ਇਹ ਪਾਰਟੀਆਂ 32 ਤੋਂ ਬਾਅਦ 60 ਵੱਖ ਵੱਖ ਹਿੱਸਿਆਂ ਵਿੱਚ ਵੰਡੀਆਂ ਗਈਆਂ ਹਨ, ਭਾਵੇਂ ਇਹ ਪਾਰਟੀਆਂ ਟੁੱਟੀਆਂ ਨੇ, ਭਾਵੇਂ ਭੁਰੀਆਂ ਨੇ ਪਰ ਇਹ ਮੌਕਾ ਆਉਣ 'ਤੇ ਇੱਕਮੁੱਠ ਹੋਣ ਵਿੱਚ ਦੇਰ ਨਹੀਂ ਲਗਾਉਣਗੀਆਂ। ਜਿਹੜੇ ਅੰਦੋਲਨ ਦੇ ਪਹਿਰੇਦਾਰ ਪਿੰਡਾਂ ਤੇ ਸ਼ਹਿਰਾਂ ਨੂੰ ਇਕਮਿਕ ਕਰ ਗਏ ਸਨ, ਉਹਨਾਂ ਦੀ ਏਕਤਾ ਨੂੰ ਦੋ ਫਾੜ ਕੋਈ ਨਹੀਂ ਕਰ ਸਕੇਗਾ। ਦੋ ਤਿੰਨ ਸਾਲ ਪੈਣ ਦੇ ਨਾਲ ਕਿਤੇ ਸਰਕਾਰ ਨੂੰ ਭੁਲੇਖਾ ਨਾ ਰਹੇ ਕਿ ਏਕਤਾ ਖ਼ਤਮ ਹੋ ਗਈ ਹੈ, ਲੰਘੇ ਦਿਨਾਂ ਦੀ ਗੱਲ ਲੈ ਲਵੋ, ਹੜ੍ਹਾਂ ਦੌਰਾਨ ਲੋਕਾਂ ਨੇ ਸਿੰਘੂ ਟਿਕਰੀ 'ਤੇ ਬਣਾਇਆ ਭਾਈਚਾਰਾ ਨਿਭਾਇਆ। ਸਰਕਾਰਾਂ ਤੋਂ ਉਮੀਦ ਕੀਤੇ ਬਿਨਾਂ ਤੇ ਲਾਪਰਵਾਹ ਹੋ ਕੇ ਇੱਕ ਦੂਜੇ ਦੀ ਮਦਦ ਕੀਤੀ। ਇਹ ਮਦਦ ਝੋਨੇ ਦੀ ਪਨੀਰੀ ਤੋਂ ਲੈ ਕੇ ਫਸਲੀ ਠੇਕਾ ਨਾ ਲੈਣ ਤਕ ਨਿਭਦੀ ਦਿਖੀ। ਚਾਹੇ ਸ਼ਾਹੀਨ ਬਾਗ ਦਾ ਅੰਦੋਲਨ ਹੋਵੇ, ਚਾਹੇ ਪਹਿਲਵਾਨਾਂ ਦਾ ਅੰਦੋਲਨ ਹੋਵੇ, ਹਾਜ਼ਰੀ ਲਵਾਕੇ ਏਕਤਾ ਦਾ ਸੁਨੇਹਾ ਦਿੱਤਾ ਤੇ ਜਾਤ ਪਾਤ ਨੂੰ ਠੋਕਰ ਮਾਰ ਕੇ ਅੱਗੇ ਵਧੇ। ਇਹ ਗੱਲ ਦੇ ਵਿੱਚ ਕੋਈ ਦੋਰਾਏ ਨਹੀਂ ਹੈ ਕਿ ਜਾਤ ਪਾਤ ਤੇ ਧਰਮ ਦੇ ਮੁੱਦੇ ਆਮ ਲੋਕਾਂ ਦੇ ਵਿੱਚ ਨਹੀਂ ਹਨ, ਇਹ ਸਰਕਾਰ ਵੱਲੋਂ ਮੌਸਮੀ ਬਰਸਾਤ ਹੈ, ਜਦੋਂ ਉਸ ਨੂੰ ਜਰੂਰਤ ਪੈਂਦੀ ਹੈ ਤਾਂ ਧਰਮ ਅਤੇ ਜਾਤ ਪਾਤ ਦੀ ਬਰਸਾਤ ਕਰਵਾ ਲੈਂਦੀ ਹੈ। ਸਰਕਾਰ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਲੋਕਾਂ ਨੇ ਤੁਹਾਨੂੰ ਸੱਤਾ ਦਿੱਤੀ ਹੈ, ਤੁਹਾਡੇ ਕੋਲ ਗਹਿਣੇ ਨਹੀਂ ਪਾਈ। ਇਸ ਵਾਰੀ ਹੜ੍ਹਾਂ ਦੇ ਸਤਾਏ ਲੋਕ ਤੁਹਾਡੇ ਨਾਲ ਨਹੀਂ ਖੜਨਗੇ।

# ਅੰਤਰਰਾਸ਼ਟਰੀ ਖ਼ਬਰਨਾਮਾ

## 9/11 ਹਮਲੇ ਦੇ ਦੋਸ਼ੀਆਂ ਨੂੰ ਨਹੀਂ ਮਿਲੇਗੀ ਮੌਤ ਦੀ ਸਜ਼ਾ ! ਮ੍ਰਿਤਕਾਂ ਦੇ ਵਾਰਸਾਂ 'ਚ ਰੋਸ

ਨਿਊਯਾਰਕ/ਏ.ਟੀ.ਨਿਊਜ਼ : 11 ਸਤੰਬਰ, 2001 ਨੂੰ ਨਿਊਯਾਰਕ 'ਤੇ ਹੋਏ ਅੱਤਵਾਦੀ ਹਮਲੇ ਨੇ ਅਮਰੀਕਾ ਨੂੰ ਹਿਲਾ ਕੇ ਰੱਖ ਦਿੱਤਾ ਸੀ। ਇਸ ਹਮਲੇ ਵਿੱਚ ਕਰੀਬ 3000 ਹਜ਼ਾਰ ਦੇ ਕਰੀਬ ਲੋਕ ਮਾਰੇ ਗਏ ਸਨ। ਇਸ ਹਮਲੇ ਕਾਰਨ ਅਮਰੀਕਾ ਨੂੰ ਇਸ ਦੇ ਸਦਮੇ ਤੋਂ ਉਭਰਨ ਲਈ ਕਈ ਸਾਲ ਵੀ ਲੱਗ ਗਏ ਸਨ। ਹੁਣ ਅਜਿਹੀਆਂ ਖ਼ਬਰਾਂ ਆ ਰਹੀਆਂ ਹਨ ਕਿ ਅੱਤਵਾਦੀ ਹਮਲੇ ਦੀ ਸਾਜ਼ਿਸ਼ ਰਚਣ ਵਾਲੇ ਦੋਸ਼ੀਆਂ ਦੀ ਮੌਤ ਦੀ ਸਜ਼ਾ ਮੁਆਫ਼ ਹੋ ਸਕਦੀ ਹੈ। ਹਮਲੇ 'ਚ ਮਾਰੇ ਗਏ ਲੋਕਾਂ ਦੇ ਪਰਿਵਾਰ ਇਸ ਨੂੰ ਲੈ ਕੇ ਕਾਫੀ ਗੁੱਸੇ 'ਚ ਹਨ।



ਬਹੁਤ ਸਾਰੇ ਲੋਕ ਆਪਣੇ ਆਪ ਨੂੰ ਠੱਗਿਆ ਮਹਿਸੂਸ ਕਰ ਰਹੇ ਹਨ। ਇਸ ਮਾਮਲੇ 'ਚ ਬਚਾਅ ਪੱਖ ਅਤੇ ਸਰਕਾਰੀ ਪੱਖ ਵਿਚਾਲੇ ਸਮਝੌਤਾ ਹੋ ਗਿਆ ਹੈ। ਨਤੀਜੇ ਵਜੋਂ ਜੇਕਰ ਅੱਤਵਾਦੀ ਹਮਲੇ ਦੇ ਮਾਸਟਰਮਾਈਂਡ, ਖਾਲਿਦ ਸ਼ੇਖ ਮੁਹੰਮਦ ਅਤੇ ਹੋਰ ਚਾਰ ਦੋਸ਼ੀ ਆਪਣਾ ਗੁਨਾਹ ਕਬੂਲ ਕਰਦੇ ਹਨ, ਤਾਂ ਉਨ੍ਹਾਂ ਨੂੰ ਬਦਲੇ ਵਿੱਚ ਮੌਤ ਦੀ ਸਜ਼ਾ ਨਹੀਂ ਦਿੱਤੀ ਜਾਵੇਗੀ। ਹਮਲੇ ਵਿੱਚ ਮਾਰੇ ਗਏ ਲੋਕਾਂ ਦੇ ਰਿਸ਼ਤੇਦਾਰਾਂ ਨੂੰ ਸੂਚਿਤ ਕਰਨ ਵਾਲਾ ਇੱਕ ਪੱਤਰ ਅਮਰੀਕੀ ਰੱਖਿਆ ਵਿਭਾਗ ਪੈਂਟਾਗਨ ਵੱਲੋਂ ਲਿਖਿਆ ਗਿਆ ਹੈ। ਇਸ ਤੋਂ ਬਾਅਦ ਕਈ ਲੋਕ ਬਹੁਤ ਪਰੇਸ਼ਾਨ ਵੀ ਹਨ। ਇਨ੍ਹਾਂ 'ਚੋਂ ਇਕ ਕ੍ਰਿਸਟੀਨ ਬ੍ਰਿਟਵੇਜ਼ਰ ਨੇ ਆਪਣੀ ਨਾਰਾਜ਼ਗੀ ਜ਼ਾਹਰ ਕਰਦੇ ਹੋਏ ਕਿਹਾ ਕਿ ਮੈਂ ਬਹੁਤ ਦੁਖੀ ਹਾਂ। ਮੈਂ ਸੋਚਿਆ ਕਿ ਮੈਂ ਅਜਿਹੇ ਦੇਸ਼ ਵਿੱਚ ਰਹਿ ਰਹੀ ਹਾਂ ਜਿੱਥੇ ਕਾਨੂੰਨ ਦਾ ਰਾਜ ਹੈ ਪਰ ਅਸਲ ਵਿੱਚ ਅਜਿਹਾ ਨਹੀਂ ਹੈ। ਹਮਲੇ ਵਿੱਚ ਕ੍ਰਿਸਟੀਨ ਦਾ ਪਤੀ ਮਾਰਿਆ ਗਿਆ ਸੀ। ਇਸੇ ਤਰ੍ਹਾਂ ਆਪਣੇ ਭਤੀਜੇ ਨੂੰ ਗੁਆਉਣ ਵਾਲੇ ਬ੍ਰੈਡ ਬਲੈਕਮੈਨ ਨੇ ਵੀ ਕਿਹਾ ਕਿ ਅਮਰੀਕੀ ਸਰਕਾਰ ਨੇ ਮੇਰੇ ਨਾਲ ਵਾਅਦਾ ਕੀਤਾ ਸੀ ਕਿ (ਬਾਕੀ ਸ.ਫ਼ਾ 30 'ਤੇ)

## ਅਮਰੀਕਾ 'ਚ ਪੁਲਿਸ ਅ.ਫ਼ਸਰਾਂ ਹੱਥੋਂ ਮਾਰੇ ਗਏ ਦੋ ਕਾਲੇ ਵਿਅਕਤੀਆਂ ਦੇ ਮਾਪਿਆਂ ਨੇ ਪਾਰਦਰਸ਼ਤਾ ਤੇ ਨਿਆਂ ਦੀ ਕੀਤੀ ਮੰਗ

### ਵਕੀਲ ਨੇ ਕਿਹਾ ਪੁਲਿਸ ਦੀ ਕਹਾਣੀ ਵਿੱਚ ਸਾਨੂੰ ਨਹੀਂ ਹੈ ਵਿਸ਼ਵਾਸ਼




ਸੈਕਰਾਮੈਂਟੋ, ਕੈਲੀਫੋਰਨੀਆ/ ਹੁਸਨ ਲੜੋਆ ਬੰਗਾ: ਹਾਲ ਹੀ ਵਿੱਚ ਸ਼ੈਲਬਾਈ ਕਾਊਂਟੀ, ਟੇਨੈਸੀ ਵਿਚ ਲਾਅ ਇਨਫੋਰਸਮੈਂਟ ਅਫਸਰਾਂ ਨਾਲ ਵੱਖ ਵੱਖ ਕਥਿਤ ਹਿਰਾਸਤੀ ਮੁਕਾਬਲਿਆਂ ਵਿੱਚ ਮਾਰੇ ਗਏ ਦੋ ਕਾਲੇ ਵਿਅਕਤੀਆਂ ਦੇ ਮਾਪਿਆਂ ਨੇ ਇਕ ਪ੍ਰੈਸ ਕਾਨਫਰੰਸ ਕਰਕੇ ਨਿਆਂ ਦੀ ਮੰਗ ਕੀਤੀ ਹੈ। ਪ੍ਰੈਸ ਕਾਨਫਰੰਸ, ਜਿਸ ਵਿੱਚ ਪੀੜਤਾਂ ਦਾ ਵਕੀਲ ਬੈਨ ਕਰੰਪ ਵੀ ਹਾਜ਼ਰ ਸੀ, ਵਿੱਚ ਮਾਪਿਆਂ ਨੇ ਪਾਰਦਰਸ਼ਤਾ ਤੇ ਨਿਆਂ ਦੀ ਮੰਗ ਕੀਤੀ ਹੈ।ਹਾਲਾਂ ਕਿ ਇਨ੍ਹਾਂ ਦੋਨਾਂ ਮਾਮਲਿਆਂ ਦਾ ਆਪਸ ਵਿੱਚ ਸਬੰਧ ਨਹੀਂ ਹੈ ਪਰੰਤੂ ਪੀੜਤ ਪਰਿਵਾਰਾਂ ਦਾ ਦਰਦ ਇਕੋ ਜਿਹਾ ਹੈ। ਜਰਵੇਆਨ ਹਡਸਪੈਥ (21) ਦੀ ਮੌਤ ਸ਼ੈਲਬਾਈ ਕਾਊਂਟੀ ਸ਼ੈਰਿਫ ਦਫ਼ਤਰ ਦੇ ਡਿਪਟੀ ਵੱਲੋਂ ਉਸ ਨੂੰ ਇੱਕ ਟਰੈਫ਼ਿਕ ਸਟਾਪ 'ਤੇ ਰੋਕੇ ਜਾਣ ਉਪਰੰਤ ਇਸ ਸਾਲ 24 ਜੂਨ ਨੂੰ ਹੋਈ ਸੀ ਜਦ ਕਿ ਦੂਸਰੇ ਕਾਲੇ ਵਿਅਕਤੀ ਕਰਟਨੀ ਰੋਸ ਦੀ ਮੌਤ ਇਸ ਮਹੀਨੇ ਅਗਸਤ ਵਿੱਚ ਮੈਮਫਿਸ ਪੁਲਿਸ ਵੱਲੋਂ ਹਿਰਾਸਤ ਵਿੱਚ ਲੈਣ ਦੌਰਾਨ ਹੋਈ ਸੀ। ਪ੍ਰੈਸ ਕਾਨਫਰੰਸ ਵਿੱਚ ਹਡਸਪੈਥ ਦੀ ਮਾਂ ਚਰਲੋਟ ਹੈਗਟ ਨੇ ਕਿਹਾ ਕਿ ਉਸ ਦਾ ਬੇਟਾ ਕਾਲਜ ਦਾ ਵਿਦਿਆਰਥੀ ਸੀ ਤੇ ਉਹ ਦੋ ਦਿਨਾਂ ਤੋਂ ਲਾਪਤਾ ਸੀ। ਉਪਰੰਤ ਸ਼ੈਰਿਫ ਦਫ਼ਤਰ ਵੱਲੋਂ ਦੱਸਿਆ ਗਿਆ ਕਿ ਉਹ ਕਾਰ ਹਾਦਸੇ ਵਿੱਚ ਮਾਰਿਆ ਗਿਆ ਹੈ। ਉਸ ਨੇ ਦੋਸ਼ ਲਾਇਆ ਕਿ ਅਸਲ ਵਿੱਚ ਉਸ ਦੀ ਮੌਤ ਡਿਪਟੀ ਵੱਲੋਂ ਚਲਾਈ ਗੋਲੀ ਨਾਲ ਹੋਈ ਹੈ। ਸ਼ੈਲਬੀ ਕਾਊਂਟੀ ਡਿਸਟ੍ਰਿਕਟ ਅਟਾਰਨੀ ਦੇ ਦਫ਼ਤਰ ਵੱਲੋਂ ਘਟਨਾ ਦੇ ਦੋ ਮਹੀਨੇ ਬਾਅਦ ਬੀਤੇ ਦਿਨ ਜਾਰੀ ਵੀਡੀਓ ਵਿੱਚ ਇੱਕ ਡਿਪਟੀ ਹਡਸਪੈਥ ਨੂੰ ਆਪਣੇ ਵੱਲ ਖਿੱਚ ਰਿਹਾ ਨਜ਼ਰ ਆ ਰਿਹਾ ਹੈ। ਹਡਸਪੈਥ ਡਿਪਟੀ ਦੀਆਂ ਹਦਾਇਤਾਂ ਮੰਨਦਾ ਹੋਇਆ ਕਾਰ ਵਿਚੋਂ ਬਾਹਰ ਆ ਜਾਂਦਾ ਹੈ। ਟੇਨੈਸੀ ਜਾਂਚ ਬਿਊਰੋ ਦੀ ਰਿਪੋਰਟ ਅਨੁਸਾਰ ਹਡਸਪੈਥ ਮੁੜ ਆਪਣੀ ਕਾਰ ਨੂੰ ਭਜਾ ਕੇ ਲਿਜਾਉਣ ਦਾ ਯਤਨ ਕਰਦਾ ਹੈ ਜਿਸ ਦੌਰਾਨ ਉਹ ਡਿਪਟੀ ਨੂੰ ਆਪਣੀ ਕਾਰ ਦੇ ਨਾਲ ਹੀ ਤਕਰੀਬਨ 100 ਗਜ ਧੂਹ ਕੇ ਲੈ ਜਾਂਦਾ ਹੈ।ਇਸ ਦੌਰਾਨ ਹੀ ਡਿਪਟੀ ਵੱਲੋਂ ਚਲਾਈ ਗੋਲੀ ਨਾਲ ਉਹ ਜ਼ਖਮੀ ਹੋ ਜਾਂਦਾ ਹੈ ਜਿਸ ਦੀ ਬਾਅਦ ਵਿੱਚ ਮੌਤ ਹੋ ਜਾਂਦੀ ਹੈ। ਇਸ ਘਟਨਾ ਵਿੱਚ ਡਿਪਟੀ ਵੀ ਬੁਰੀ ਤਰਾਂ ਜ਼ਖਮੀ ਹੋ ਗਿਆ ਸੀ। ਰੋਸ ਦੀ ਮੌਤ ਇਸ ਮਹੀਨੇ ਦੇ ਸ਼ੁਰੂ ਵਿੱਚ ਹੋਈ ਸੀ। ਇਸ ਮਾਮਲੇ ਵਿੱਚ ਮੈਮਫਿਸ ਪੁਲਿਸ ਵਿਭਾਗ ਦਾ ਕਹਿਣਾ ਹੈ ਕਿ ਰੋਕੇ ਜਾਣ 'ਤੇ ਉਸ ਨੇ ਭੱਜਣ ਦਾ ਯਤਨ ਕੀਤਾ ਜਿਸ ਦੌਰਾਨ ਉਹ ਬੁਰੀ ਤਰਾਂ ਹਫ ਗਿਆ ਸੀ ਤੇ ਬਾਅਦ ਵਿੱਚ ਦਮ ਤੋੜ ਗਿਆਸੀ। ਦੋਨਾਂ ਪੀੜਤ ਪਰਿਵਾਰਾਂ ਦੀ ਪ੍ਰਤੀਨਿਧਤਾ ਕਰਦਿਆਂ ਹੋਇਆਂ ਮਨੁੱਖੀ ਹੱਕਾਂ ਸਬੰਧੀ ਵਕੀਲ ਬੈਨ ਕਰੰਪ ਨੇ ਪ੍ਰੈਸ ਕਾਨਫਰੰਸ ਵਿੱਚ ਕਿਹਾ ਕਿ ਨਿਹੱਥੇ ਕਾਲੇ ਵਿਅਕਤੀ ਪੁਲਿਸ ਨਾਲ ਗੱਲਬਾਤ ਉਪਰੰਤ ਮਾਰੇ ਜਾਂਦੇ ਹਨ। ਇਹ ਭਰੋਸਾ ਤੋੜਨ ਵਾਲਾ ਵਰਤਾਰਾ ਹੈ। ਸਾਨੂੰ ਪੁਲਿਸ ਦੀ ਕਹਾਣੀ ਵਿੱਚ ਵਿਸ਼ਵਾਸ਼ ਨਹੀਂ ਹੈ।

## ਕੈਲੀ.ਫੋਰਨੀਆ 'ਚ ਇੱਕ ਪੰਜਾਬੀ ਆਪਣੀ ਮਹਿਲਾ ਮਿੱਤਰ ਦੇ ਕਤਲ ਦੇ ਦੋਸ਼ਾਂ 'ਚ ਗ੍ਰਿ.ਫਤਾਰ

ਸੈਕਰਾਮੈਂਟੋ, ਕੈਲੀਫੋਰਨੀਆ/ ਹੁਸਨ ਲੜੋਆ ਬੰਗਾ : ਕੈਲੀਫੋਰਨੀਆ ਵਿੱਚ ਇੱਕ ਪਾਰਕਿੰਗ ਗੈਰਾਜ ਵਿੱਚ ਆਪਣੀ ਦੋਸਤ ਕੁੜੀ ਦੀ ਗੋਲੀ ਮਾਰ ਕੇ ਹੱਤਿਆ ਕਰਨ ਦੇ ਦੋਸ਼ਾਂ ਤਹਿਤ 29 ਸਾਲਾ ਸਿੱਖ ਸਿਮਰਨਜੀਤ ਸਿੰਘ ਨੂੰ ਗ੍ਰਿ.ਫਤਾਰ ਕਰਨ ਤੇ ਉਸ ਵਿਰੁੱਧ ਰਸਮੀ ਦੋਸ਼ ਆਇਦ ਕਰਨ ਦੀ ਖ਼ਬਰ ਹੈ। ਰੋਜਵਿਲੇ ਸ਼ਹਿਰ ਦੀ ਗਾਲੇਰੀਆ ਮਾਲ ਦੀ ਬਹੁ ਮੰਜਿਲੀ ਪਾਰਕਿੰਗ ਵਿੱਚ 34 ਸਾਲਾ ਔਰਤ ਮ੍ਰਿਤਕ ਹਾਲਤ ਵਿਚ ਮਿਲੀ ਸੀ। ਪ੍ਰਾਪਤ ਵੇਰਵੇ ਅਨੁਸਾਰ ਪਿਛਲੇ ਹਫਤੇ ਸ਼ਨੀਵਾਰ ਨੂੰ ਅੰਦਾਜ਼ਨ ਸਵੇਰੇ 10.30 ਵਜੇ ਸਿਮਰਨਜੀਤ ਸਿੰਘ ਤੇ ਉਸ ਦੀ ਦੋਸਤ ਔਰਤ ਇਕੱਠੇ ਹੀ ਮਾਲ ਵਿੱਚ ਆਏ ਸਨ। ਸਿਮਰਨਜੀਤ ਸਿੰਘ ਨੇ ਕਥਿਤ ਤੌਰ 'ਤੇ ਆਪਣੀ ਦੋਸਤ ਦੀ ਹੱਤਿਆ ਕਰਨ ਉਪਰੰਤ ਭੱਜਣ ਦਾ ਯਤਨ ਕੀਤਾ ਜਿਸ ਦੌਰਾਨ ਉਹ ਆਪਣਾ ਅਗਨ ਸ਼ਸਤਰ ਕਾਰ ਵਿੱਚ ਹੀ ਭੁੱਲ ਗਿਆ ਜਿਸ ਨੂੰ ਪੁਲਿਸ ਨੇ ਬਰਾਮਦ ਕਰ ਲਿਆ ਹੈ। ਆਪਣੀ ਪਹਿਲੀ ਪੇਸ਼ੀ ਮੌਕੇ ਸਿਮਰਨਜੀਤ ਸਿੰਘ ਨੇ ਗੁਨਾਹ ਕਬੂਲ ਕਰਨ ਦੀ ਗੱਲ ਨਹੀਂ ਮੰਨੀ।

*ਮਾਮਲਾ ਰਾਸ਼ਟਰਪਤੀ ਚੋਣਾਂ ਦੇ ਨਤੀਜੇ ਉਲਟਾਉਣ ਦੀ ਕੋਸ਼ਿਸ਼ ਦਾ*

## ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਟਰੰਪ ਨੇ ਆਪਣੇ ਆਪ ਨੂੰ ਗ੍ਰਿ.ਫਤਾਰੀ ਲਈ ਕੀਤਾ ਪੇਸ਼



ਸੈਕਰਾਮੈਂਟੋ,ਕੈਲੀਫੋਰਨੀਆ/ ਹੁਸਨ ਲੜੋਆ ਬੰਗਾ : ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਨੇ 2020 ਦੀਆਂ ਆਮ ਚੋਣਾਂ ਦੇ ਨਤੀਜੇ ਉਲਟਾਉਣ ਦੀ ਕੋਸ਼ਿਸ਼ ਦੇ ਮਾਮਲੇ ਵਿੱਚ ਆਪਣੇ ਆਪ ਨੂੰ ਫੁਲਟੋਨ ਕਾਊਂਟੀ ਜੇਲ੍ਹ ਜਾਰਜੀਆ ਵਿੱਚ ਗ੍ਰਿਫਤਾਰੀ ਲਈ ਪੇਸ਼ ਕੀਤਾ ਜਿਥੇ ਪੁਲਿਸ ਅਫਸਰਾਂ ਨੇ ਉਨ੍ਹਾਂ ਨੂੰ ਗ੍ਰਿ.ਫਤਾਰ ਕਰਨ ਉਪਰੰਤ 200000 ਡਾਲਰ ਦੇ ਬਾਂਡ ਭਰਨ 'ਤੇ ਰਿਹਾਅ ਕਰ ਦਿੱਤਾ। ਸਾਬਕਾ ਰਾਸ਼ਟਰਪਤੀ ਅਮਰੀਕੀ ਸਮੇਂ ਅਨੁਸਾਰ ਵੀਰਵਾਰ ਸ਼ਾਮ ਨੂੰ ਤਕਰੀਬਨ 7.30 ਵਜੇ ਫੁਲਟੋਨ ਕਾਊਂਟੀ ਜੇਲ ਵਿੱਚ ਪੇਸ਼ ਹੋਏ ਜਿਥੇ ਪੁਲਿਸ ਅਫਸਰਾਂ ਨੇ ਹੋਰ ਕੈਦੀਆਂ ਵਾਂਗ ਹੀ ਉਨ੍ਹਾਂ ਦੀਆਂ ਉਂਗਲੀਆਂ ਦੇ ਨਿਸ਼ਾਨ ਲਏ ਤੇ ਤਸਵੀਰ ਖਿੱਚੀ। ਹਾਲਾਂ ਕਿ ਉਨ੍ਹਾਂ ਦੇ ਸਹਿ ਦੋਸ਼ੀਆਂ ਨੂੰ ਆਤਮ ਸਮਰਪਣ ਕਰਨ ਮੌਕੇ ਜੇਲ ਵਿੱਚ ਕਾਫ਼ੀ ਸਮਾਂ ਰਹਿਣਾ ਪਿਆ ਸੀ ਪਰੰਤੂ ਸਾਬਕਾ ਰਾਸ਼ਟਰਪਤੀ ਦੀ ਗ੍ਰਿ.ਫਤਾਰ ਤੇ ਰਿਹਾਈ ਲਈ ਕੇਵਲ 20 ਮਿੰਟ ਹੀ ਲੱਗੇ। ਇਸ ਤੋਂ ਬਾਅਦ ਬੈੱਡਮਿੰਸਟਰ,ਨਿਊਜਰਸੀ ਜਾਣ ਲਈ ਉਹ ਹਰਟਸਫੀਲਡ-ਜੈਕਸਨ ਐਟਲਾਂਟਾ ਇੰਟਰਨੈਸ਼ਨਲ ਏਅਰਪੋਰਟ ਲਈ ਰਵਾਨਾ ਹੋ ਗਏ। ਜੇਲ ਵਿੱਚ ਆਤਮ ਸਮਰਪਣ ਕਰਨ ਤੋਂ ਪਹਿਲਾਂ ਸਾਬਕਾ ਰਾਸ਼ਟਰਪਤੀ ਦੇ ਸਮਰਥਕ ਉਨ੍ਹਾਂ ਦੀ ਉਡੀਕ ਵਿੱਚ ਕਈ ਘੰਟੇ ਜੇਲ ਦੇ ਬਾਹਰ ਖੜੇ ਰਹੇ। ਕਿਸੇ ਅਣਸੁਖਾਵੀਂ ਘਟਨਾ ਦੇ ਡਰੋਂ ਜੇਲ ਦੇ ਬਾਹਰ ਸੁਰੱਖਿਆ ਦੇ ਵਿਆਪਕ ਪ੍ਰਬੰਧ ਕੀਤੇ ਗਏ ਸਨ।

## ਟਰੰਪ ਦਾ ਸਹਿਯੋਗੀ ਰੂਡੀ ਗਿਲਿਆਨੀ ਗ੍ਰਿ.ਫਤਾਰ ਤੇ ਰਿਹਾਅ



ਸੈਕਰਾਮੈਂਟੋ,ਕੈਲੀਫੋਰਨੀਆ/ ਹੁਸਨ ਲੜੋਆ ਬੰਗਾ : ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਦੇ ਤਤਕਾਲ ਚੋਣ ਮੁਹਿੰਮ ਵਕੀਲ ਰੂਡੀ ਗਿਲਿਆਨੀ ਨੇ ਫੁਲਟੋਨ ਕਾਊਂਟੀ ਜਾਰਜੀਆ ਜੇਲ੍ਹ ਵਿੱਚ ਆਤਮ ਸਮਰਪਣ ਕਰ ਦਿੱਤਾ ਜਿਥੇ ਉਸ ਨੂੰ ਗ੍ਰਿ.ਫਤਾਰ ਕਰਨ ਉਪਰੰਤ 1,50,000 ਡਾਲਰ ਦੇ ਬਾਂਡ 'ਤੇ ਰਿਹਾਅ ਕਰ ਦਿੱਤਾ। ਰਿਹਾਈ ਤੋਂ ਪਹਿਲਾਂ ਉਸ ਵਿਰੁੱਧ 2020 ਦੀਆਂ ਰਾਸ਼ਟਰਪਤੀ ਚੋਣਾਂ ਦੇ ਨਤੀਜੇ ਉਲਟਾਉਣ ਦੀ ਕੋਸ਼ਿਸ਼ ਲਈ 13 ਦੋਸ਼ ਆਇਦ ਕੀਤੇ ਗਏ। ਸਾਬਕਾ ਰਾਸ਼ਟਰਪਤੀ ਟਰੰਪ ਸਮੇਤ ਗਿਲਿਆਨੀ ਉਨ੍ਹਾਂ 19 ਵਿਅਕਤੀਆਂ ਵਿੱਚ ਸ਼ਾਮਿਲ ਹੈ ਜਿਨ੍ਹਾਂ ਨੂੰ ਗਰੈਂਡ ਜਿਊਰੀ ਜਾਰਜੀਆ ਨੇ ਚੋਣ ਨਤੀਜੇ ਉਲਟਾਉਣ ਦੀ ਕੋਸ਼ਿਸ਼ ਦੇ ਮਾਮਲੇ ਵਿੱਚ ਨਾਮਜ਼ਦ ਕੀਤਾ ਹੈ। ਜੇਲ੍ਹ ਤੋਂ ਬਾਹਰ ਗਿਲਿਆਨੀ ਨੇ ਕਿਹਾ ਕਿ ਉਸ ਵਿਰੁੱਧ ਦੋਸ਼ ਪੱਤਰ ਫੋਕਾ ਹੈ। ਉਨ੍ਹਾਂ ਕਿਹਾ ਕਿ ਇਹ ਨਾ ਕੇਵਲ

ਮੈਨੂੰ ਨਿਸ਼ਾਨਾ ਬਣਾਇਆ ਗਿਆ ਬਲਕਿ ਇਹ ਅਮਰੀਕੀ ਲੋਕਾਂ ਉਪਰ ਹਮਲਾ ਹੈ। ਗਿਲਿਆਨੀ ਨੇ ਕਿਹਾ ਕਿ ਮੈਂ ਉਨ੍ਹਾਂ ਦਾ ਸ਼ੁੱਭ ਚਿੰਤਕ ਹਾਂ ਤੇ ਮੈਨੂੰ ਉਨ੍ਹਾਂ ਉਪਰ ਹਰ ਭਰੋਸਾ ਹੈ। ਉਨ੍ਹਾਂ ਕਿਹਾ ਸੱਤਾਧਾਰੀ ਜੋ ਕਰ ਰਹੇ ਹਨ, ਉਹ ਅਮਰੀਕੀ ਸੰਵਿਧਾਨ ਉਪਰ ਹਮਲਾ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

Editor: Malkeet Singh Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Designer: Anil Kumar Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.



# ਕੀ ਪੰਜਾਬ 'ਚ ਲੱਗ ਸਕਦੈ ਰਾਸ਼ਟਰਪਤੀ ਰਾਜ?

## ਪੰਜਾਬ ਦੇ ਮੁੱਖ ਮੰਤਰੀ ਅਤੇ ਰਾਜਪਾਲ ਵਿਚਾਲੇ ਵਿਵਾਦ ਮੁੜ ਭਖਿਆ

## ਕਿਥੇ ਜਾ ਕੇ ਰੁਕੇਗਾ ਮੁੱਖ ਮੰਤਰੀ ਅਤੇ ਰਾਜਪਾਲ ਵਿਚਾਲੇ ਪੈਦਾ ਹੋਇਆ ਤਨਾਓ ?

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਵਿਚਾਲੇ ਪੈਦਾ ਹੋਇਆ ਵਿਵਾਦ ਦਿਨੋਂ ਦਿਨ ਗਹਿਰਾਉਂਦਾ ਜਾ ਰਿਹਾ ਹੈ, ਹੁਣ ਰਾਜਪਾਲ ਨੇ ਪੰਜਾਬ ਵਿੱਚ ਰਾਸ਼ਟਰਪਤੀ ਰਾਜ ਲਾਗੂ ਕਰਨ ਦੀ ਚਿਤਾਵਨੀ ਦੇ ਦਿੱਤੀ ਹੈ। ਉਹਨਾਂ ਕਿਹਾ ਕਿ ਹੈ ਕਿ ਉਹ ਸੰਵਿਧਾਨ ਦੀ ਧਾਰਾ 356 ਤਹਿਤ ਸੂਬੇ ਵਿੱਚ ਰਾਸ਼ਟਰਪਤੀ ਰਾਜ ਲਾਗੂ ਕਰਨ ਦੀ ਸਿਫਾਰਸ ਕਰ ਸਕਦੇ ਹਨ। ਉਹਨਾਂ ਦਾ ਕਹਿਣਾ ਹੈ ਕਿ ਜੇ ਮੁੱਖ ਮੰਤਰੀ ਨੇ ਉਹਨਾਂ ਦੀਆਂ ਚਿੱਠੀਆਂ ਦਾ ਜਵਾਬ ਨਾ ਦਿੱਤਾ ਤਾਂ ਉਹ ਆਈਪੀਸੀ ਦੀ ਧਾਰਾ 124 ਤਹਿਤ ਕਾਨੂੰਨੀ ਕਾਰਵਾਈ ਕਰਨਗੇ।

ਇਸ ਉਪਰੰਤ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਪ੍ਰੈੱਸ ਕਾਨਫਰੰਸ ਕਰਕੇ ਗਵਰਨਰ ਦੀ ਚਿਤਾਵਨੀ ਦਾ ਜਵਾਬ ਦਿੱਤਾ।

ਮੁੱਖ ਮੰਤਰੀ ਮਾਨ ਨੇ ਕਿਹਾ ਕਿ ਉਹ ਗੰਭੀਰ ਮੁੱਦੇ 'ਤੇ ਗੱਲ ਕਰਨ ਆਏ ਹਨ। ਉਨ੍ਹਾਂ ਦੱਸਿਆ ਕਿ ਮੈਂ ਸਾਢੇ 3 ਕਰੋੜ ਲੋਕਾਂ ਲਈ ਸੁਨੇਹਾ ਲੈ ਕੇ ਆਇਆ ਹਾਂ। ਮੈਂ ਰੋਜ਼ -ਰੋਜ਼ ਦੀ ਕਿਚ-ਕਿਚ ਨੂੰ ਖਤਮ ਕਰਨਾ ਚਾਹੁੰਦਾ ਹਾਂ। ਮੁੱਖ ਮੰਤਰੀ ਮਾਨ ਨੇ ਕਿਹਾ ਕਿ ਗਵਰਨਰ ਨੇ ਪੰਜਾਬ ਦੇ ਲੋਕਾਂ ਨੂੰ ਧਮਕੀ ਦਿੱਤੀ ਸੀ। ਸਾਨੂੰ ਲੱਗਦਾ ਸੀ ਕਿ ਇਹ ਉਪਰੋਂ ਆਰਡਰ ਹਨ, ਠੀਕ ਹੋ ਜਾਣਗੇ। ਉਨ੍ਹਾਂ ਨੇ ਕਿਹਾ ਕਿ ਸੂਬੇ ਵਿੱਚ ਕਾਨੂੰਨ ਵਿਵਸਥਾ ਪੂਰੇ ਕੰਟਰੋਲ ਵਿੱਚ ਹੈ। ਗਵਰਨਰ ਦੀ ਚਿੱਠੀ ਕੋਈ ਨਵੀਂ ਗੱਲ ਨਹੀਂ ਹੈ। ਅਸੀਂ 23,518 ਨਸ਼ਾ ਤਸਕਰ ਗ੍ਰਿਫ਼ਤਾਰ ਕੀਤੇ ਹਨ,1627 ਕਿੱਲੋ ਹੈਰੋਇਨ ਜ਼ਬਤ ਕੀਤੀ। ਉਨ੍ਹਾਂ ਨੇ ਬਿੱਲਾਂ ਦੇ ਮੁੱਦਿਆਂ 'ਤੇ ਗੱਲ ਕਰਦਿਆਂ ਕਿਹਾ ਕਿ ਗਵਰਨਰ ਦਫ਼ਤਰ 'ਚ 6 ਬਿੱਲ ਪੈਂਡਿੰਗ ਪਏ ਹਨ। ਕੈਪਟਨ ਦੇ ਸਮੇਂ ਦੇ 2 ਬਿੱਲ ਵੀ ਅਜੇ ਪੈਂਡਿੰਗ ਹਨ। ਗਵਰਨਰ ਦੀਆਂ 16 ਚਿੱਠੀਆਂ 'ਚੋਂ 9 ਦੇ ਜਵਾਬ ਦੇ ਚੁੱਕੇ ਹਾਂ ਬਾਕੀ ਦੇ ਵੀ ਤਿਆਰ ਹਨ, ਜਲਦ ਦੇ ਦੇਵਾਂਗੇ।



ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਇਹ ਸਾਰਾ ਭਾਜਪਾ ਦਾ ਏਜੰਡਾ ਹੈ। ਜੇ ਨਹੀਂ ਜਿੱਤੇ ਤਾਂ ਵਿਧਾਇਕ ਖਰੀਦ ਲਓ। ਜੇ ਵਿਧਾਇਕ ਨਹੀਂ ਖਰੀਦ ਸਕੇ ਤਾਂ ਆਰਡੀਨੈਂਸ ਲੈ ਆਓ। ਜੇ ਆਰਡੀਨੈਂਸ ਨਹੀਂ ਤਾਂ ਗਵਰਨਰ ਤੋਂ ਕੰਮ ਕਰਾ ਲਓ। ਉਹਨਾਂ ਕਿਹਾ ਕਿ ਮੈਂ ਗਵਰਨਰ ਨਾਲ ਕੋਈ ਵੀ ਸਮਝੌਤਾ ਨਹੀਂ ਕਰਾਂਗਾ।

ਸੰਵਿਧਾਨ ਦੇ ਅਨੁਛੇਦ 356 ਦੇ ਅਨੁਸਾਰ, ਕਿਸੇ ਰਾਜ ਵਿੱਚ ਰਾਸ਼ਟਰਪਤੀ ਸ਼ਾਸਨ ਲਗਾਇਆ ਜਾ ਸਕਦਾ ਹੈ, ਜੇ ਅਜਿਹੀ ਸਥਿਤੀ ਪੈਦਾ ਹੋ ਜਾਂਦੀ ਹੈ ਜਿਸ ਵਿੱਚ ਰਾਜ ਦੀ ਸਰਕਾਰ ਸੰਵਿਧਾਨ ਦੇ ਉਪਬੰਧਾਂ ਦੇ ਅਨੁਸਾਰ ਨਹੀਂ ਚੱਲ ਸਕਦੀ।

ਪੰਜਾਬ ਵਿੱਚ 9 ਵਾਰ ਰਾਸ਼ਟਰਪਤੀ ਸ਼ਾਸਨ ਲਗਾਇਆ ਜਾ ਚੁੱਕਾ ਹੈ ਵੱਧ ਤੋਂ ਵੱਧ ਦਿਨਾਂ ਤੱਕ ਰਾਸ਼ਟਰਪਤੀ ਰਾਜ ਲਾਗੂ ਰਹਿਣ ਦੇ ਮਾਮਲੇ ਵਿੱਚ ਪੰਜਾਬ ਸਭ ਤੋਂ ਅੱਗੇ ਹੈ। ਇੱਥੇ ਵੱਖ-ਵੱਖ ਮੌਕਿਆਂ 'ਤੇ ਕੁੱਲ 3510 ਦਿਨ ਭਾਵ ਲਗਭਗ 10 ਸਾਲ ਦਾ ਰਾਸ਼ਟਰਪਤੀ ਸ਼ਾਸਨ ਰਿਹਾ। ਦੂਜੇ ਨੰਬਰ 'ਤੇ ਜੰਮੂ-ਕਸ਼ਮੀਰ ਹੈ, ਜਿੱਥੇ ਤਿੰਨ ਵਾਰ ਰਾਸ਼ਟਰਪਤੀ ਸ਼ਾਸਨ ਲਗਾਇਆ ਗਿਆ ਅਤੇ ਇਹ ਕੁੱਲ 2375 ਦਿਨਾਂ ਤੱਕ ਲਾਗੂ ਰਿਹਾ।

### ਪੰਜਾਬ 'ਚ 10 ਸਾਲ ਰਿਹਾ ਰਾਸ਼ਟਰਪਤੀ ਰਾਜ

ਪੰਜਾਬ ਵਿੱਚ 20 ਜੂਨ 1951 ਤੋਂ 17 ਅਪ੍ਰੈਲ 1952 ਤਕ ਰਾਸ਼ਟਰਪਤੀ ਰਾਜ ਰਿਹਾ, ਉਸ ਤੋਂ ਬਾਅਦ 5 ਜੁਲਾਈ 1966 ਤੋਂ 1 ਨਵੰਬਰ 1966 ਤਕ ਰਾਸ਼ਟਰਪਤੀ ਰਾਜ ਰਿਹਾ।

ਉਸ ਤੋਂ ਬਾਅਦ ਪੰਜਾਬ ਵਿੱਚ 23 ਅਗਸਤ 1968 ਤੋਂ 17 ਫਰਵਰੀ 1969 ਤਕ ਰਾਸ਼ਟਰਪਤੀ ਰਾਜ ਰਿਹਾ। ਉਸ ਤੋਂ ਬਾਅਦ 14 ਜੂਨ 1971 ਤੋਂ 17 ਮਾਰਚ 1972 ਤਕ ਰਾਸ਼ਟਰਪਤੀ ਰਾਜ ਰਿਹਾ।

ਇਸ ਤੋਂ ਬਾਅਦ 30 ਅਪ੍ਰੈਲ 1977 ਤੋਂ 20 ਜੂਨ 1977 ਤੱਕ ਤਕ ਰਾਸ਼ਟਰਪਤੀ ਰਾਜ ਰਿਹਾ। ਇਸ ਤੋਂ ਬਾਅਦ ਪੰਜਾਬ ਵਿੱਚ 17 ਫਰਵਰੀ 1980 ਤੋਂ 6 ਜੂਨ 1980 ਤਕ ਰਾਸ਼ਟਰਪਤੀ ਰਾਜ ਰਿਹਾ।

ਇਸ ਤੋਂ ਬਾਅਦ ਪੰਜਾਬ ਵਿੱਚ 10 ਅਕਤੂਬਰ 1983 ਤੋਂ 29 ਸਤੰਬਰ 1985 ਤਕ ਅਤੇ 11 ਜੂਨ 1987 ਤੋਂ 25 ਫਰਵਰੀ 1992 ਤਕ ਰਾਸ਼ਟਰਪਤੀ ਰਾਜ ਰਿਹਾ। ਦਰਅਸਲ, ਪੰਜਾਬ ਵਿੱਚ 1987 ਤੋਂ 1992 ਤੱਕ ਲਗਾਤਾਰ 5 ਸਾਲ ਰਾਸ਼ਟਰਪਤੀ ਸ਼ਾਸਨ ਅਧੀਨ ਰਿਹਾ।

ਇਸੇ ਦੌਰਾਨ ਪੰਜਾਬ ਕਾਂਗਰਸ ਦੇ ਪ੍ਰਧਾਨ ਰਾਜਾ ਵੜਿੰਗ ਅਤੇ ਅਕਾਲੀ ਦਲ ਨੇ ਵੀ ਰਾਜਪਾਲ ਵੱਲੋਂ ਪੰਜਾਬ ਵਿੱਚ ਰਾਸ਼ਟਰਪਤੀ ਰਾਜ ਕਾਇਮ ਦੀ ਦਿੱਤੀ ਗਈ ਚਿਤਾਵਨੀ ਦੀ ਨਿਖੇਧੀ ਕੀਤੀ ਹੈ।

**ਪੰਜਾਬ ਮੰਤਰੀ ਮੰਡਲ ਵੱਲੋਂ ਅਹਿਮ ਫ਼ੈਸਲੇ**

# ਮੁੱਖ ਮੰਤਰੀ ਤੇ ਵਜ਼ੀਰਾਂ ਦੇ ਅਖ਼ਤਿਆਰੀ ਫੰਡਾਂ 'ਚ ਦੂਜੀ ਵਾਰ ਕਟੌਤੀ

ਚੰਡੀਗੜ੍ਹ/ਏ.ਟੀ.ਨਿਊਜ਼ : ਪੰਜਾਬ ਸਰਕਾਰ ਨੇ ਦੂਜੀ ਵਾਰ ਮੁੱਖ ਮੰਤਰੀ ਤੇ ਵਜ਼ੀਰਾਂ ਨੂੰ ਮਿਲਣ ਵਾਲੇ ਅਖ਼ਤਿਆਰੀ ਫੰਡਾਂ ਵਿੱਚ ਕਟੌਤੀ ਕਰ ਦਿੱਤੀ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਹੋਈ ਮੰਤਰੀ ਮੰਡਲ ਦੀ ਮੀਟਿੰਗ ਵਿੱਚ ਮੁੱਖ ਮੰਤਰੀ ਤੇ ਵਜ਼ੀਰਾਂ ਦੇ ਅਖ਼ਤਿਆਰੀ ਫੰਡਾਂ 'ਚ ਕਟੌਤੀ ਕਰਨ ਲਈ ਅਖਤਿਆਰੀ ਫੰਡਾਂ ਦੀ ਵੰਡ ਦੀ ਨੀਤੀ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਸ ਨੀਤੀ ਤਹਿਤ ਵਿੱਤੀ ਵਰ੍ਹੇ 2023-24 ਲਈ ਮੁੱਖ ਮੰਤਰੀ ਦੇ ਅਖ਼ਤਿਆਰੀ ਫੰਡ 'ਚ 25 ਫ਼ੀਸਦ ਤੇ ਵਜ਼ੀਰਾਂ ਦੇ ਅਖ਼ਤਿਆਰੀ ਫੰਡਾਂ 'ਚ 30 ਫ਼ੀਸਦ ਤੋਂ ਵੱਧ ਦੀ ਕਟੌਤੀ ਕੀਤੀ ਗਈ ਹੈ। ਮੰਤਰੀ ਮੰਡਲ ਦੀ ਮੀਟਿੰਗ ਵਿੱਚ ਕੁਝ ਵਜ਼ੀਰਾਂ ਨੇ ਅਖ਼ਤਿਆਰੀ ਫੰਡਾਂ ਵਿੱਚ ਕਟੌਤੀ ਕੀਤੇ ਜਾਣ ਦਾ ਵਿਰੋਧ ਕੀਤਾ, ਪਰ ਇਸ ਦੇ ਬਾਵਜੂਦ ਮੰਤਰੀ ਮੰਡਲ ਨੇ ਅਖ਼ਤਿਆਰੀ ਫੰਡਾਂ 'ਚ ਕਟੌਤੀ ਨੂੰ ਮਨਜ਼ੂਰੀ ਦੇ ਦਿੱਤੀ ਹੈ। ਮੰਤਰੀ ਮੰਡਲ ਨੇ ਮੁੱਖ ਮੰਤਰੀ ਦੇ ਅਖ਼ਤਿਆਰੀ ਫੰਡਾਂ ਨੂੰ 50 ਕਰੋੜ ਰੁਪਏ ਤੋਂ ਘਟਾ ਕੇ 37 ਕਰੋੜ ਰੁਪਏ ਕਰ ਦਿੱਤਾ ਹੈ ਜਦੋਂ ਕਿ ਵਜ਼ੀਰਾਂ ਦਾ ਅਖ਼ਤਿਆਰੀ ਫੰਡ ਡੇਢ ਕਰੋੜ ਰੁਪਏ ਸਾਲਾਨਾ ਤੋਂ ਘਟਾ ਕੇ ਇਕ ਕਰੋੜ ਰੁਪਏ ਸਾਲਾਨਾ ਕਰ ਦਿੱਤਾ ਹੈ। ਪੰਜਾਬ ਦੇ ਕੁਝ ਵਜ਼ੀਰਾਂ ਨੇ ਨਾਮ ਨਾ ਛਾਪਣ ਦੀ ਸ਼ਰਤ 'ਤੇ ਕਿਹਾ ਕਿ ਸੂਬੇ ਦੇ ਵੱਖ-ਵੱਖ ਸਮਾਗਮਾਂ ਵਿੱਚ ਜਾਣ ਕਰ ਕੇ ਉਨ੍ਹਾਂ ਨੂੰ ਵਾਧੂ ਅਖ਼ਤਿਆਰੀ ਫੰਡਾਂ ਦੀ ਲੋੜ ਪੈਂਦੀ ਹੈ। ਉੱਥੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਉਹ ਫੰਡਾਂ ਦੀ ਵਰਤੋਂ ਵਿੱਚ ਪਾਰਦਰਸ਼ਤਾ ਲਿਆਉਣ ਲਈ ਅਖ਼ਤਿਆਰੀ ਫੰਡਾਂ 'ਚ ਕਟੌਤੀ ਕਰ ਰਹੇ ਹਨ। ਉਨ੍ਹਾਂ ਸਾਰੇ ਵਜ਼ੀਰਾਂ ਨੂੰ ਕਿਹਾ ਕਿ ਕਿਸੇ ਨੂੰ ਵੀ ਹੋਰ ਫੰਡਾਂ ਦੀ ਲੋੜ ਪੈਣ 'ਤੇ ਉਹ ਉਨ੍ਹਾਂ ਦੇ ਫੰਡਾਂ ਦੀ ਵਰਤੋਂ ਕਰ ਸਕਦਾ ਹੈ। ਪੰਜਾਬ ਕੈਬਨਿਟ ਦੀ ਮੀਟਿੰਗ ਤੋਂ ਬਾਅਦ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਫੰਡਾਂ ਦੀ ਸਹੀ ਢੰਗ ਨਾਲ ਵਰਤੋਂ ਯਕੀਨੀ ਬਣਾਉਣ ਲਈ ਵਧੇਰੇ ਕੰਮ ਵਿਭਾਗ ਵੱਲੋਂ ਕਰਵਾਏ ਜਾ ਰਹੇ ਹਨ। ਇਸ ਸਬੰਧੀ ਸਾਰੀ ਵਿਉਂਤਬੰਦੀ ਤਿਆਰ ਕਰ ਲਈ ਗਈ ਹੈ। ਮੰਤਰੀਆਂ ਵੱਲੋਂ ਹੋਰ ਫੰਡ ਦਿੱਤੇ ਜਾਣ ਕਰ ਕੇ ਪੰਚਾਇਤਾਂ ਕੋਲ ਪਹਿਲਾਂ ਤੋਂ ਪਏ ਫੰਡਾਂ ਨੂੰ ਵਰਤਿਆ ਨਹੀਂ ਜਾਂਦਾ ਹੈ, ਇਸ ਵਾਸਤੇ ਹੁਣ ਵਜ਼ੀਰ ਆਪਣੇ ਫੰਡਾਂ ਨੂੰ ਲੋੜੀਂਦੀ ਥਾਂ 'ਤੇ ਹੀ ਵਰਤ ਸਕਣਗੇ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਵੀ 'ਆਪ' ਸਰਕਾਰ ਨੇ ਵਜ਼ੀਰਾਂ ਦੇ ਅਖ਼ਤਿਆਰੀ ਫੰਡਾਂ ਨੂੰ ਤਿੰਨ ਕਰੋੜ ਰੁਪਏ ਤੋਂ ਘਟਾ ਕੇ ਡੇਢ ਕਰੋੜ ਰੁਪਏ ਕਰ ਦਿੱਤਾ ਸੀ। ਇਸੇ ਦੌਰਾਨ ਮੁਹਾਲੀ ਵਿੱਚ ਪੰਜਾਬ ਇੰਸਟੀਚਿਊਟ ਆਫ਼ ਲਿਵਰ ਐਂਡ ਬਿਲਅਰੀ ਸਾਇੰਸਜ਼ ਦੀ ਸਥਾਪਨਾ ਨੂੰ ਵੀ



# ਰਾਵਲਪਿੰਡੀ 'ਚ ਫਿਰਕੂ ਮੁਸਲਮਾਨ ਸਿੱਖਾਂ ਨੂੰ ਧਮਕੀਆਂ ਦੇਣ ਲੱਗੇ

# ਮੁਸਲਮਾਨ ਬਣ ਜਾਓ ਜਾਂ ਛੱਡ ਦਿਓ ਪਾਕਿਸਤਾਨ

## ਭਾਰਤ ਪਾਕਿ ਸਰਕਾਰਾਂ ਸਿੱਖਾਂ ਦੀ ਸੁਰੱਖਿਆ ਕਰਨ : ਗਿ. ਹਰਪ੍ਰੀਤ ਸਿੰਘ



ਇਸਲਾਮਾਬਾਦ/ਏ.ਟੀ.ਨਿਊਜ਼ : ਪਾਕਿਸਤਾਨ ਵਿੱਚ ਸਿੱਖਾਂ-ਹਿੰਦੂਆਂ ਅਤੇ ਹੋਰ ਘੱਟ ਗਿਣਤੀ ਭਾਈਚਾਰਿਆਂ 'ਤੇ ਅੱਤਿਆਚਾਰ ਦੀਆਂ ਘਟਨਾਵਾਂ ਲਗਾਤਾਰ ਵੱਧ ਰਹੀਆਂ ਹਨ। ਪਾਕਿਸਤਾਨ ਵਿੱਚ ਜਰਨਵਾਲਾ ਚਰਚ ਨੂੰ ਸਾੜਨ ਦੀਆਂ ਘਟਨਾਵਾਂ ਤੋਂ ਬਾਅਦ ਹੁਣ ਰਾਵਲਪਿੰਡੀ ਵਿੱਚ ਸਿੱਖਾਂ ਨੂੰ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ। ਪਾਕਿਸਤਾਨ ਵਿੱਚ ਸਿੱਖ ਭਾਈਚਾਰੇ ਨੂੰ ਮਿਲ ਰਹੀਆਂ ਧਮਕੀਆਂ ਦੇ ਮੱਦੇਨਜ਼ਰ ਇਸ ਘੱਟ ਗਿਣਤੀ ਸਮੂਹ ਦੀ ਦੁਰਦਸ਼ਾ ਇੱਕ ਵਾਰ ਫਿਰ ਸੁਰਖ਼ੀਆਂ ਵਿੱਚ ਆ ਗਈ ਹੈ। ਰਾਵਲਪਿੰਡੀ ਦੇ ਗੁਰਦੁਆਰਿਆਂ ਵਿੱਚ ਰਹਿ ਰਹੇ ਸਿੱਖਾਂ ਨੂੰ ਉੱਥੋਂ ਦੇ ਕੱਟੜਪੰਥੀਆਂ ਵੱਲੋਂ ਮੁਸਲਮਾਨ ਬਣਨ ਲਈ ਚਿੱਠੀਆਂ ਭੇਜੀਆਂ ਜਾ ਰਹੀਆਂ ਹਨ।

ਸ੍ਰੀ ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਅਤੇ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਪਾਕਿਸਤਾਨ ਵਿੱਚ ਖਾਸ ਕਰ ਕੇ ਰਾਵਲਪਿੰਡੀ ਅਤੇ ਪੰਜਾ ਸਾਹਿਬ ਵਿੱਚ ਸਿੱਖਾਂ ਨੂੰ ਧਮਕੀਆਂ ਦਿੱਤੇ ਜਾਣ 'ਤੇ ਚਿੰਤਾ ਦਾ ਪ੍ਰਗਟਾਵਾ ਕੀਤਾ ਹੈ। ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ 30-35 ਸਾਲ ਪਹਿਲਾਂ ਅਫਗਾਨਿਸਤਾਨ, ਕਾਬੁਲ ਅਤੇ ਕੰਧਾਰ ਵਿੱਚ ਡੇਢ ਲੱਖ ਸਿੱਖ ਰਹਿੰਦੇ ਸਨ। ਪਰ ਉਥੇ ਮਾਹੌਲ ਇੰਨਾ ਵਿਗੜ ਗਿਆ ਅਤੇ ਸਿੱਖਾਂ ਦੀ ਟਾਰਗੇਟ ਕਿਲਿੰਗ ਕੀਤੀ ਗਈ, ਜਿਸ ਤੋਂ ਬਾਅਦ ਸਿੱਖ ਪਰਿਵਾਰ ਅਫਗਾਨਿਸਤਾਨ ਛੱਡ ਕੇ ਚਲੇ ਗਏ ਅਤੇ ਉਥੇ ਸਿਰਫ਼ ਪੰਜ-ਛੇ ਪਰਿਵਾਰ ਹੀ ਰਹਿ ਗਏ ਹਨ। ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਪਿਸ਼ਾਵਰ ਤੋਂ ਆ ਕੇ ਪੰਜਾਬ ਵਿੱਚ ਵਸੇ ਸਿੱਖਾਂ ਨੂੰ ਹਾਲ ਹੀ ਵਿੱਚ ਧਮਕੀ ਭਰੇ ਪੱਤਰ ਮਿਲੇ ਹਨ। ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਪਾਕਿਸਤਾਨ ਸਰਕਾਰ ਨੂੰ ਸਿੱਖਾਂ ਦੀ ਜਾਨ-ਮਾਲ ਦੀ ਰਾਖੀ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਨੂੰ ਇਸ ਵਿੱਚ ਦਖਲ ਦੇਣਾ ਚਾਹੀਦਾ ਹੈ।

ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਇਸ ਕਾਰਨ ਬਜ਼ੁਰਗਾਂ, ਵਪਾਰੀਆਂ ਅਤੇ ਬੱਚਿਆਂ ਵਿੱਚ ਸਹਿਮ ਦਾ ਮਾਹੌਲ ਹੈ। ਧਮਕੀ ਭਰੇ ਪੱਤਰਾਂ ਰਾਹੀਂ ਸਿੱਖਾਂ ਨੂੰ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਉਨ੍ਹਾਂ ਪਾਕਿਸਤਾਨ ਸਰਕਾਰ ਨੂੰ ਇਨ੍ਹਾਂ ਸ਼ਰਾਰਤੀ ਅਨਸਰਾਂ ਨੂੰ ਗ੍ਰਿਫ਼ਤਾਰ ਕਰਨ ਦੀ ਅਪੀਲ ਕਰਦਿਆਂ ਕਿਹਾ ਕਿ ਅਜਿਹੀਆਂ ਚਿੱਠੀਆਂ ਕਾਰਨ ਦੁਨੀਆਂ ਭਰ ਦੇ ਸਿੱਖਾਂ ਵਿੱਚ ਰੋਸ ਦੇਖਣ ਨੂੰ ਮਿਲ ਰਿਹਾ ਹੈ। ਪਾਕਿਸਤਾਨ ਵਿੱਚ ਧਮਕੀ ਭਰੇ ਪੱਤਰ ਭੇਜਣ ਦਾ ਇਹ ਰੁਝਾਨ ਬਹੁਤ ਹੀ ਮੰਦਭਾਗਾ ਹੈ ਅਤੇ ਪਾਕਿਸਤਾਨ ਸਰਕਾਰ ਨੂੰ ਇਸ 'ਤੇ ਰੋਕ ਲਗਾਉਣੀ ਚਾਹੀਦੀ ਹੈ। ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਬੜੇ ਦੁੱਖ ਦੀ ਗੱਲ ਹੈ ਕਿ ਪਾਕਿਸਤਾਨ ਦੇ ਸਿੱਖ ਲਗਾਤਾਰ ਡਰ ਦੇ ਸਾਏ ਹੇਠ ਰਹਿ ਰਹੇ ਹਨ ਉਨ੍ਹਾਂ ਨੂੰ ਵਾਰ-ਵਾਰ ਤੰਗ-ਪ੍ਰੇਸ਼ਾਨ ਕੀਤਾ ਜਾ ਰਿਹਾ ਹੈ ਅਤੇ ਨਿਸ਼ਾਨਾ ਬਣਾਇਆ ਜਾ ਰਿਹਾ ਹੈ।

# ਇੰਗਲੈਂਡ 'ਚ ਭਾਰਤੀ ਮੂਲ ਦੇ ਡਿਲੀਵਰੀ ਡਰਾਈਵਰ ਦੀ ਹੱਤਿਆ



ਲੰਡਨ/ਏ.ਟੀ.ਨਿਊਜ਼ : ਪੱਛਮੀ ਇੰਗਲੈਂਡ ਦੇ ਸ਼੍ਰੇਅਸਬਰੀ 'ਚ ਭਾਰਤੀ ਮੂਲ ਦੇ 23 ਸਾਲਾ ਡਿਲੀਵਰੀ ਡਰਾਈਵਰ ਦੀ ਹੱਤਿਆ ਦੇ ਮਾਮਲੇ 'ਚ ਚਾਰ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਪੱਛਮੀ ਇੰਗਲੈਂਡ ਦੇ ਸ਼੍ਰੇਅਸਬਰੀ ਵਿੱਚ ਇੱਕ ਹਮਲੇ ਤੋਂ ਬਾਅਦ 20 ਸਾਲਾਂ ਦੇ ਚਾਰ ਭਾਰਤੀ ਮੂਲ ਦੇ ਆਦਮੀਆਂ ਉੱਤੇ ਇੱਕ 23 ਸਾਲਾ ਭਾਰਤੀ ਡਿਲੀਵਰੀ ਡਰਾਈਵਰ ਦੀ ਹੱਤਿਆ ਦਾ ਦੋਸ਼ ਲਗਾਇਆ ਗਿਆ ਹੈ। ਡਾਇਨਾਮਿਕ ਪਾਰਸਲ ਡਿਸਟ੍ਰੀਬਿਊਸ਼ਨ ਦੇ ਨਾਲ ਕੰਮ ਕਰਨ ਵਾਲੇ ਓਰਮਨ ਸਿੰਘ ਦੀ 21 ਅਗਸਤ ਨੂੰ ਬਰਵਿਕ ਐਵੇਨਿਊ, ਸ਼੍ਰੇਅਸਬਰੀ ਵਿੱਚ ਪਾਰਸਲ ਡਿਲੀਵਰ ਕਰਦੇ ਸਮੇਂ ਹੋਏ ਹਮਲੇ ਵਿੱਚ ਮੌਤ ਹੋ ਗਈ ਸੀ।

ਪਤਾ ਲੱਗਾ ਹੈ ਕਿ ਪੱਛਮੀ ਬ੍ਰਿਟੇਨ ਦੇ ਸ਼੍ਰੇਸਬਰੀ 'ਚ ਭਾਰਤੀ ਮੂਲ ਦੇ 23 ਸਾਲਾ ਡਿਲੀਵਰੀ ਡਰਾਈਵਰ ਦੀ ਹੱਤਿਆ ਕਰ ਦਿੱਤੀ ਗਈ ਸੀ। ਇਸ ਕਤਲ ਵਿੱਚ ਭਾਰਤੀ ਮੂਲ ਦੇ ਚਾਰ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਸ਼ੁੱਕਰਵਾਰ ਨੂੰ 24 ਸਾਲਾ ਅਰਸ਼ਦੀਪ ਸਿੰਘ, 22 ਸਾਲਾ ਜਗਦੀਪ ਸਿੰਘ, 26 ਸਾਲਾ ਸ਼ਿਵਦੀਪ ਸਿੰਘ ਅਤੇ

(ਬਾਕੀ ਸਫ਼ਾ 29 'ਤੇ)

# ਓਸਾਮਾ ਬਿਨ ਲਾਦੇਨ ਨੂੰ ਗੋਲ਼ੀ ਮਾਰਨ ਦਾ ਦਾਅਵਾ ਕਰਨ ਵਾਲਾ ਵਿਅਕਤੀ ਗ੍ਰਿਫ਼ਤਾਰ



ਅਮਰੀਕਾ/ਏ.ਟੀ.ਨਿਊਜ਼ : ਅੱਤਵਾਦੀ ਓਸਾਮਾ ਬਿਨ ਲਾਦੇਨ ਨੂੰ ਗੋਲੀ ਮਾਰਨ ਦਾ ਦਾਅਵਾ ਕਰਨ ਵਾਲੇ ਸਾਬਕਾ ਨੇਵੀ ਸੀਲ ਰਾਬਰਟ ਓ ਨੀਲ ਨੂੰ ਅਮਰੀਕਾ ਦੇ ਟੈਕਸਾਸ ਸੂਬੇ 'ਚ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਓ ਨੀਲ 'ਤੇ ਜਨਤਕ ਥਾਂ 'ਤੇ ਸੱਟ ਮਾਰਨ ਅਤੇ ਨਸ਼ਾ ਕਰਨ ਦਾ ਦੋਸ਼ ਲਗਾਇਆ ਗਿਆ ਸੀ। ਉਸ ਨੂੰ ਬੁੱਧਵਾਰ ਨੂੰ ਫਰਿਸਕੋ, ਟੈਕਸਾਸ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਉਸੇ ਦਿਨ 3,500 ਡਾਲਰ ਦੇ ਬਾਂਡ 'ਤੇ ਰਿਹਾਅ ਕੀਤਾ ਗਿਆ ਸੀ। ਇਹ ਪਹਿਲੀ ਵਾਰ ਨਹੀਂ ਹੈ ਜਦੋਂ ਸਾਬਕਾ ਨੇਵੀ ਸੀਲ ਰਾਬਰਟ ਓ ਨੀਲ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਇਸ ਤੋਂ ਪਹਿਲਾਂ 2016 'ਚ ਉਸ ਨੂੰ ਮੋਂਟਾਨਾ 'ਚ

(ਬਾਕੀ ਸਫ਼ਾ 29 'ਤੇ)

# ਅਮਰੀਕਾ ਦੇ ਲੋਇਸਵਿਲੇ ਸ਼ਹਿਰ ਵਿੱਚ ਹੋਈ ਗੋਲੀਬਾਰੀ 'ਚ 2 ਮੌਤਾਂ ਤੇ 5 ਜ਼ਖਮੀ



ਸੈਕਰਾਮੈਂਟੋ,ਕੈਲੀਫੋਰਨੀਆ/ਹੁਸਨ ਲੜੋਆ ਬੰਗਾ : ਅਮਰੀਕਾ ਦੇ ਕੈਂਟੁਕੀ ਰਾਜ ਦੇ ਸ਼ਹਿਰ ਲੋਇਸਵਿਲੇ ਵਿਖੇ ਲੰਘੀ ਰਾਤ ਵਾਪਰੀ ਗੋਲੀਬਾਰੀ ਦੀ ਘਟਨਾ ਵਿੱਚ 2 ਵਿਅਕਤੀਆਂ ਦੇ ਮਾਰੇ ਜਾਣ ਤੇ 5 ਹੋਰਨਾਂ ਦੇ ਜ਼ਖਮੀ ਹੋਣ ਦੀ ਖਬਰ ਹੈ। ਲੋਇਸਵਿਲੇ ਮੈਟਰੋ ਪੁਲਿਸ ਵਿਭਾਗ ਅਨੁਸਾਰ ਸਦਰਨ ਰੈਸਟੋਰੈਂਟ ਐਂਡ ਲਾਂਜ ਦੇ ਬਾਹਰਵਾਰ ਰਾਤ 3 ਵਜੇ ਤੜਕਸਾਰ ਗੋਲੀ ਚੱਲਣ ਦੀ ਸੂਚਨਾ ਮਿਲਣ 'ਤੇ ਪੁਲਿਸ ਅਫਸਰ ਮੌਕੇ ਉਪਰ ਪੁੱਜੇ। ਵਿਭਾਗ ਦੇ ਡਿਪਟੀ ਚੀਫ ਸਟੀਵ ਹੀਲੇ ਅਨੁਸਾਰ ਇੱਕ ਵਿਅਕਤੀ ਨੂੰ ਮੌਕੇ ਉਪਰ ਹੀ ਮ੍ਰਿਤਕ ਐਲਾਨ ਦਿੱਤਾ ਗਿਆ ਜਦ ਕਿ ਦੂਸਰਾ ਵਿਅਕਤੀ ਹਸਪਤਾਲ ਵਿੱਚ ਜ਼ਖਮਾਂ ਦੀ ਤਾਬ ਨਾ ਸਹਾਰਦਾ ਹੋਇਆ ਦਮ ਤੋੜ ਗਿਆ। ਹੀਲੇ ਨੇ ਕਿਹਾ ਕਿ 5 ਜ਼ਖਮੀ ਸਥਾਨਕ ਹਸਪਤਾਲਾਂ ਵਿੱਚ ਜੇਰੇ ਇਲਾਜ਼ ਹਨ । ਪੁਲਿਸ ਨੇ ਕਿਹਾ ਹੈ ਕਿ ਮਾਮਲੇ ਦੀ ਜਾਂਚ ਹੋ ਰਹੀ ਹੈ ਤੇ ਅਜੇ ਤੱਕ ਇਸ ਮਾਮਲੇ ਵਿੱਚ ਕਿਸੇ ਸ਼ੱਕੀ ਨੂੰ ਹਿਰਾਸਤ ਵਿੱਚ ਨਹੀਂ ਲਿਆ

# ਅਮਰੀਕਾ ਵਿੱਚ ਨਸਲੀ ਨ਼ਫਰਤ ਲਈ ਕੋਈ ਥਾਂ ਨਹੀਂ: ਬਾਈਡਨ



ਸੈਕਰਾਮੈਂਟੋ,ਕੈਲੀਫੋਰਨੀਆ/ਹੁਸਨ ਲੜੋਆ ਬੰਗਾ : ਅਮਰੀਕੀ ਰਾਸ਼ਟਰਪਤੀ ਜੋ ਬਾਈਡਨ ਨੇ ਜੈਕਸਨਵਿਲੇ, ਫਲੋਰਿਡਾ ਵਿੱਚ 3 ਕਾਲੇ ਲੋਕਾਂ ਨੂੰ ਗੋਲੀਆਂ ਮਾਰ ਕੇ ਮਾਰਨ ਦੀ ਵਾਪਰੀ ਘਟਨਾ ਉਪਰ ਪ੍ਰਤੀਕਰਮ ਪ੍ਰਗਟ ਕਰਦਿਆਂ ਕਿਹਾ ਹੈ ਕਿ ਅਮਰੀਕਾ ਵਿੱਚ ਘ੍ਰਿਣਾ ਲਈ ਕੋਈ ਥਾਂ ਨਹੀਂ ਹੈ।

ਜੈਕਸਨਵਿਲੇ ਵਿੱਚ ਡਾਲਰ ਜਨਰਲ ਸਟੋਰ ਵਿੱਚ ਬੀਤੇ ਦਿਨ ਇੱਕ ਔਰਤ ਸਮੇਤ 3 ਕਾਲੇ ਵਿਅਕਤੀ ਮਾਰੇ ਗਏ ਸਨ। ਪੁਲਿਸ ਅਫਸਰਾਂ ਅਨੁਸਾਰ ਇਸ ਘਟਨਾ ਨੂੰ ਇੱਕ 20 ਸਾਲ ਦੇ ਗੋਰੇ ਵਿਅਕਤੀ ਨੇ ਅੰਜਾਮ ਦਿੱਤਾ ਹੈ ਜਿਸ ਨੇ ਸਟੋਰ ਵਿੱਚ ਮੌਜੂਦ ਕੇਵਲ ਕਾਲੇ ਲੋਕਾਂ ਨੂੰ ਹੀ ਨਿਸ਼ਾਨਾ ਬਣਾਇਆ। ਬਾਈਡਨ ਨੇ ਕਿਹਾ ਕਿ ਅਸੀਂ ਸਵਾਲਾਂ ਦੇ ਹੱਲ ਲੱਭਣ ਦਾ ਯਤਨ ਜਾਰੀ ਰਖਾਂਗੇ ਪਰੰਤੂ ਸਾਨੂੰ ਇਕ ਗੱਲ ਸਾਫ ਤੇ ਜੋਰਦਾਰ ਢੰਗ ਨਾਲ ਸਪੱਸ਼ਟ ਕਰਨੀ ਪਵੇਗੀ ਕਿ ਗੋਰੀ ਸੁਪਰਮੇਸੀ ਨੂੰ ਅਮਰੀਕਾ ਵਿੱਚ ਕੋਈ ਜਗਾ ਨਹੀਂ ਹੈ। ਰਾਸ਼ਟਰਪਤੀ ਨੇ ਕਿਹਾ ਕਿ ਗੋਲੀਬਾਰੀ ਦੀ ਇਹ ਘਟਨਾ ਉਸ ਵੇਲੇ ਵਾਪਰੀ ਹੈ ਜਦੋਂ ਵਾਸ਼ਿੰਗਟਨ ਵਿੱਚ ਰੈਲੀ ਦੀ 60 ਵੀਂ ਵਰ੍ਹੇਗੰਢ ਮਨਾਈ ਜਾ ਰਹੀ ਹੈ ਜੋ ਕਿ

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੰਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

ALL STATE INSURANCE
Allstate
You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

Capital DRUG TESTING
CAPITAL DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse, DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com


# ਗੁਰਬਾਣੀ ਕੀਰਤਨ ਦੇ ਸਿੱਧੇ ਪ੍ਰਸਾਰਨ ਦੇ ਸਮੇਂ ਨੂੰ ਪੰਜ ਘੰਟੇ ਹੋਰ ਵਧਾਏਗੀ ਸ਼੍ਰੋਮਣੀ ਕਮੇਟੀ

ਅੰਮ੍ਰਿਤਸਰ/ਏ.ਟੀ.ਨਿਊਜ਼ : ਸ੍ਰੀ ਹਰਿਮੰਦਰ ਸਾਹਿਬ ਤੋਂ ਗੁਰਬਾਣੀ ਕੀਰਤਨ ਦਾ ਸਿੱਧਾ ਪ੍ਰਸਾਰਨ ਕਰਨ ਲਈ ਆਪਣਾ ਯੂਟਿਊਬ ਚੈਨਲ ਸ਼ੁਰੂ ਕਰਨ ਤੋਂ ਇੱਕ ਮਹੀਨੇ ਬਾਅਦ ਹੁਣ ਸਿੱਖ ਸੰਸਥਾ ਸ਼੍ਰੋਮਣੀ ਕਮੇਟੀ ਇਸ ਦੇ ਵਿਸਥਾਰ ਲਈ ਤਿਆਰੀ ਕਰ ਰਹੀ ਹੈ। ਇਸ ਤਹਿਤ ਸ੍ਰੀ ਹਰਿਮੰਦਰ ਸਾਹਿਬ ਵਿੱਚ ਹੁੰਦੇ ਗੁਰਬਾਣੀ ਕੀਰਤਨ ਦੇ ਸਿੱਧੇ ਪ੍ਰਸਾਰਨ ਦੇ ਸਮੇਂ ਨੂੰ ਪੰਜ ਘੰਟੇ ਹੋਰ ਵਧਾਉਣ ਦੀ ਯੋਜਨਾ ਹੈ।




ਇਸ ਲਈ ਨਵੇਂ ਤੇ ਤਜਰਬੇਕਾਰ ਅਮਲੇ ਦੀ ਭਰਤੀ ਦੀ ਵੀ ਯੋਜਨਾ ਹੈ, ਜਿਸ ਵਿੱਚ ਇਸ ਖੇਤਰ ਨਾਲ ਸਬੰਧਿਤ ਛੇ ਨਵੇਂ ਮਾਹਿਰ ਭਰਤੀ ਕੀਤੇ ਜਾਣ ਦੀ ਪ੍ਰਕਿਰਿਆ ਚੱਲ ਰਹੀ ਹੈ। ਇਸ ਸਬੰਧ ਵਿੱਚ ਇੱਕ ਸਟੂਡੀਓ ਸਥਾਪਤ ਕਰਨ ਲਈ ਵੀ ਕੰਮ ਚੱਲ ਰਿਹਾ ਹੈ। ਇਹ ਸਟੂਡੀਓ ਸ਼੍ਰੋਮਣੀ ਕਮੇਟੀ ਦੇ ਦਫ਼ਤਰ ਕੈਂਪਸ ਵਿੱਚ ਹੀ ਹੋਵੇਗਾ। ਇਸ ਸਮੇਂ ਸ਼੍ਰੋਮਣੀ ਕਮੇਟੀ ਵੱਲੋਂ ਆਪਣੇ ਯੂਟਿਊਬ ਚੈਨਲ ਤੇ ਆਡੀਓ ਰਾਹੀਂ 13 ਘੰਟੇ ਗੁਰਬਾਣੀ ਦਾ ਪ੍ਰਸਾਰਨ ਕੀਤਾ ਜਾ ਰਿਹਾ ਹੈ, ਜਿਸ ਵਿੱਚ ਨੌਂ ਘੰਟੇ ਦਾ ਵੀਡੀਓ ਪ੍ਰਸਾਰਨ ਤੇ ਚਾਰ ਘੰਟਿਆਂ ਦਾ ਆਡੀਓ ਪ੍ਰਸਾਰਨ ਸ਼ਾਮਲ ਹੈ। ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਦੱਸਿਆ ਕਿ ਇਸ ਕੰਮ ਲਈ ਸਾਊਂਡ ਪਰੂਫਿੰਗ ਸਿਸਟਮ, ਇੱਕ ਸਟੂਡੀਓ, ਇੱਕ ਕੰਟਰੋਲ ਰੂਮ ਤੇ ਹੋਰ ਲੋੜੀਂਦਾ ਸਮਾਨ ਖਰੀਦਣ ਦੀ ਪ੍ਰਕਿਰਿਆ ਚੱਲ ਰਹੀ ਹੈ। ਇਸ ਦੇ ਵਿਸਥਾਰ ਲਈ ਐਂਕਰ, ਵੀਡੀਓ ਸੰਪਾਦਕ, ਕੈਮਰਾਮੈਨ ਵੀਡੀਓਗ੍ਰਾਫੀ ਵਾਸਤੇ ਲੇਖਕ ਤੇ ਗ੍ਰਾਫਿਕ ਡਿਜ਼ਾਈਨਰ ਦੀ ਨਿਯੁਕਤੀ ਵੀ ਕੀਤੀ ਜਾਵੇਗੀ। ਸ਼੍ਰੋਮਣੀ ਕਮੇਟੀ ਵੱਲੋਂ ਆਪਣਾ ਸੈਟੇਲਾਈਟ ਚੈਨਲ ਸ਼ੁਰੂ ਕਰਨ ਦੀ ਵੀ ਯੋਜਨਾ ਹੈ। ਫਿਲਹਾਲ ਸੈਟੇਲਾਈਟ ਰਾਹੀਂ ਗੁਰਬਾਣੀ ਕੀਰਤਨ ਦਾ ਪ੍ਰਸਾਰਨ ਇੱਕ ਨਿੱਜੀ ਚੈਨਲ ਰਾਹੀਂ ਕੀਤਾ ਜਾ ਰਿਹਾ ਹੈ।

# ਗੁਰੂਗ੍ਰਾਮ 'ਚ ਅੰਮ੍ਰਿਤਧਾਰੀ ਸਿੱਖ ਨੌਜਵਾਨ ਨੂੰ ਰੈਸਟੋਰੈਂਟ ਵਿੱਚ ਦਾਖ਼ਲ ਹੋਣ ਤੋਂ ਰੋਕਿਆ

ਗੁਰੂਗ੍ਰਾਮ/ਏ.ਟੀ.ਨਿਊਜ਼ : ਗੁੜਗਾਓਂ ਦੇ ਇੱਕ ਰੈਸਟੋਰੈਂਟ ਵਿੱਚ ਇੱਕ ਗੁਰਸਿੱਖ ਨੌਜਵਾਨ ਹਰਤੀਰਥ ਸਿੰਘ ਆਹਲੂਵਾਲੀਆ ਨੂੰ 'ਕਿਰਪਾਨ' ਪਹਿਨਣ ਕਾਰਨ ਦਾਖਲ ਹੋਣ ਤੋਂ ਮਨ੍ਹਾ ਕਰ ਦੇਣ ਦਾ ਮਾਮਲਾ ਸਾਹਮਣੇ ਆਇਆ ਹੈ। ਸਿੱਖ ਨੌਜਵਾਨ ਨੇ ਗੁਰੂਗ੍ਰਾਮ ਦੇ ਇੱਕ ਰੈਸਟੋਰੈਂਟ 'ਤੇ ਇਲਜ਼ਾਮ ਲਗਾਏ ਹਨ ਕਿ ਉਸ ਨੂੰ ਕਿਰਪਾਨ ਕਰਕੇ ਰੈਸਟੋਰੈਂਟ ਵਿੱਚ ਐਂਟਰੀ ਨਹੀਂ ਦਿੱਤੀ ਗਈ। ਇਸ ਸਬੰਧੀ ਟਵੀਟ ਕਰਦਿਆਂ ਨੌਜਵਾਨ ਨੇ ਕਿਹਾ ਕਿ ਕੁਝ ਲੋਕਾਂ ਦੇ ਦਖਲ ਤੋਂ ਰੈਸਟੋਰੈਂਟ ਐਂਟਰੀ ਦੇ ਦਿੱਤੀ ਗਈ ਪਰ ਬਾਅਦ ਵਿੱਚ ਉਸ ਨੂੰ ਅੰਦਰ ਜਾਣ ਤੇ ਖਾਣਾ ਨਹੀਂ ਦਿੱਤਾ ਗਿਆ। ਵੀਡੀਓ ਵਿੱਚ ਸਾਫ਼ ਸੁਣਿਆ ਜਾ ਸਕਦਾ ਹੈ ਕਿ ਕਿਰਪਾਨ ਵਾਲੇ ਸਿੱਖ ਵਿਅਕਤੀ ਨੂੰ ਰੈਸਟੋਰੈਂਟ ਵਿੱਚ ਦਾਖ਼ਲ ਹੋਣ ਤੋਂ



ਰੋਕਿਆ ਜਾ ਰਿਹਾ ਹੈ। ਰੈਸਟੋਰੈਂਟ ਵਿੱਚ ਕਿਰਪਾਨ ਲੈ ਕੇ ਦਾਖਲ ਹੋਏ ਨੌਜਵਾਨ ਨੂੰ ਇਹ ਕਹਿੰਦੇ ਸੁਣਿਆ ਜਾਂਦਾ ਹੈ ਕਿ ਕਿਰਪਾਨ ਤਲਵਾਰ ਨਹੀਂ ਹੁੰਦੀ। ਇਸ ਦੇ ਨਾਲ ਅਸੀਂ ਕਿਤੇ ਵੀ ਜਾ ਸਕਦੇ ਹਾਂ। ਇਹ ਸੁਪਰੀਮ ਕੋਰਟ ਦੀ ਰੂਲਿੰਗ ਵੀ ਹੈ। ਰੈਸਟੋਰੈਂਟ 'ਚ ਮੌਕੇ 'ਤੇ ਮੌਜੂਦ ਕੁਝ ਲੋਕਾਂ ਨੇ ਵੀ ਸਿੱਖ ਨੌਜਵਾਨ ਦਾ ਸਮਰਥਨ ਕੀਤਾ। ਕੁਝ ਲੋਕਾਂ ਦਾ ਸਮਰਥਨ (ਬਾਕੀ ਸਫ਼ਾ 30 'ਤੇ)

# ਸਿੱਖ ਧਰਮ ਬਾਰੇ ਜਾਣਕਾਰੀ ਦੇਣ ਲਈ ਸ਼੍ਰੋਮਣੀ ਕਮੇਟੀ ਨੇ 13 ਗਾਈਡ ਕੀਤੇ ਭਰਤੀ

ਅੰਮ੍ਰਿਤਸਰ/ ਏ.ਟੀ.ਨਿਊਜ਼ : ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਦੇਸ਼ਾਂ-ਵਿਦੇਸ਼ਾਂ ਤੋਂ ਦਰਸ਼ਨ-ਇਸ਼ਨਾਨ ਕਰਨ ਲਈ ਆਉਣ ਵਾਲੀਆਂ ਸੰਗਤਾਂ ਨੂੰ ਸਿੱਖ ਧਰਮ, ਸਿੱਖ ਇਤਿਹਾਸ ਤੇ ਸਿੱਖ ਸਿਧਾਂਤ ਦੇ ਨਾਲ-ਨਾਲ ਸ੍ਰੀ ਦਰਬਾਰ ਸਾਹਿਬ ਦੇ ਇਤਿਹਾਸ ਦੀ ਜਾਣਕਾਰੀ ਦੇਣ ਲਈ ਸ਼੍ਰੋਮਣੀ ਕਮੇਟੀ ਨੇ ਪਹਿਲਕਦਮੀ ਕਰਦਿਆਂ 13 ਗਾਈਡ ਭਰਤੀ ਕੀਤੇ ਗਏ ਹਨ। ਇਹ ਸਾਰੇ ਗਾਈਡ ਸੂਚਨਾ ਅਧਿਕਾਰੀ ਅੰਮ੍ਰਿਤਪਾਲ ਸਿੰਘ ਦੀ ਅਗਵਾਈ ਤੇ ਦੇਖ-ਰੇਖ ਹੇਠ ਆਏ ਸੈਲਾਨੀਆਂ ਨੂੰ ਜਾਣਕਾਰੀ ਪ੍ਰਦਾਨ ਕਰਦੇ ਹਨ।

ਇਥੇ ਇਹ ਵੀ ਦੱਸਣਯੋਗ ਹੈ ਕਿ ਇਹ ਸਾਰੇ ਹੀ ਪੋਸਟ ਗ੍ਰੈਜੂਏਟ (ਐੱਮ.ਏ.) ਨੌਜਵਾਨ ਹਨ। ਇਨ੍ਹਾਂ 'ਚੋਂ ਕੁਝ ਇੱਕ ਤਾਂ ਡਬਲ ਐੱਮ.ਏ. ਵੀ ਹਨ। ਦੇਸ਼-ਵਿਦੇਸ਼ ਤੋਂ ਆਈ ਗ਼ੈਰ-ਸਿੱਖ ਸੰਗਤ ਨੂੰ ਹਿੰਦੀ ਵਿੱਚ ਸਿੱਖ ਧਰਮ, ਸਿੱਖ ਇਤਿਹਾਸ ਤੇ ਸਿੱਖ ਸਿਧਾਂਤ ਦੇ ਨਾਲ-ਨਾਲ ਸ੍ਰੀ ਦਰਬਾਰ ਸਾਹਿਬ ਦੇ ਇਤਿਹਾਸ ਤੋਂ ਜਾਣੂ ਕਰਵਾਉਣ ਲਈ ਸ੍ਰੀ ਦਰਬਾਰ ਸਾਹਿਬ ਦੀ ਪਰਿਕਰਮਾ 'ਚ ਹਰ ਸਮੇਂ ਤਿੰਨ ਗਾਈਡ ਤਾਇਨਾਤ ਕੀਤੇ ਗਏ ਹਨ। ਇਹ ਗਾਈਡ ਗ਼ੈਰ-ਸਿੱਖ ਸ਼ਰਧਾਲੂਆਂ ਦੇ ਨਾਲ-ਨਾਲ ਵਿਦੇਸ਼ ਤੋਂ ਆਏ ਗ਼ੈਰ-ਭਾਰਤੀਆਂ ਨੂੰ ਮੁਫ਼ਤ ਵਿੱਚ ਸੇਵਾਵਾਂ ਮੁਹੱਈਆ ਕਰਵਾਉਂਦੇ ਹਨ। ਲੋੜ ਪੈਣ 'ਤੇ ਇਹ ਗਾਈਡ ਨਾਲ ਚੱਲ ਕੇ ਪਰਿਕਰਮਾ ਵਿਚਲੀਆਂ ਇਤਿਹਾਸਕ ਇਮਾਰਤਾਂ ਦੀ ਜਾਣਕਾਰੀ ਵੀ ਪ੍ਰਦਾਨ ਕਰਦੇ ਹਨ। ਸ੍ਰੀ ਦਰਬਾਰ ਸਾਹਿਬ ਤੇ ਸਿੱਖ ਧਰਮ ਬਾਰੇ ਜਾਣਕਾਰੀ ਦੇਣ ਦੇ ਨਾਲ-ਨਾਲ ਇਹ ਗਾਈਡ ਹਿੰਦੀ ਤੇ ਅੰਗਰੇਜ਼ੀ ਦਾ ਮੁਫ਼ਤ ਲਿਟਰੇਚਰ ਵੀ ਦਿੰਦੇ ਹਨ। ਇਸੇ ਤਰ੍ਹਾਂ ਸ੍ਰੀ ਦਰਬਾਰ ਸਾਹਿਬ ਸਮੂਹ ਵਿੱਚ ਸਰਾਂ ਸ੍ਰੀ ਗੁਰੂ ਰਾਮਦਾਸ ਅਤੇ ਘੰਟਾਘਰ ਬਾਹੀ 'ਤੇ ਸਹਾਇਤਾ ਕੇਂਦਰ ਵੀ ਬਣਾਏ ਗਏ ਹਨ। ਇਨ੍ਹਾਂ ਸਹਾਇਤਾ ਕੇਂਦਰਾਂ ਵਿੱਚ ਫਰਾਟੇਦਾਰ ਅੰਗਰੇਜ਼ੀ ਬੋਲ ਕੇ ਸ੍ਰੀ ਦਰਬਾਰ ਸਾਹਿਬ ਆਏ ਸ਼ਰਧਾਲੂਆਂ ਦੀ ਸੇਵਾ ਕਰ ਰਹੇ ਹਨ।

(ਬਾਕੀ ਸਫ਼ਾ 29 'ਤੇ)

# ਫ਼ਿਲਮ 'ਚ ਕਕਾਰ ਦੀ ਬੇਅਦਬੀ ਨੂੰ ਲੈ ਕੇ ਜਥੇਦਾਰ ਨੇ ਸ਼੍ਰੋਮਣੀ ਕਮੇਟੀ ਨੂੰ ਕਾਰਵਾਈ ਦੇ ਦਿੱਤੇ ਆਦੇਸ਼





ਅੰਮ੍ਰਿਤਸਰ/ਏ.ਟੀ.ਨਿਊਜ਼ : ਫ਼ਿਲਮ ਯਾਰੀਆਂ 2 ਦੇ ਇੱਕ ਸੀਨ 'ਚ ਇੱਕ ਐਕਟਰ ਜੋ ਸਿੱਖ ਕਕਾਰ ਕ੍ਰਿਪਾਨ ਪਾ ਕੇ ਇਕ ਲੜਕੀ ਨਾਲ ਬੱਸ 'ਚ ਛੇੜਛਾੜ ਕਰਦਾ ਨਜ਼ਰ ਆ ਰਿਹਾ ਹੈ। ਇਹ ਕੇਸਾਂ ਤੋਂ ਰਹਿਤ ਐਕਟਰ ਕਿਰਪਾਨ ਪਹਿਨ ਕੇ ਕਕਾਰਾਂ ਦੀ ਬੇਅਦਬੀ ਕਰ ਰਿਹਾ ਹੈ। ਸੋਸ਼ਲ ਮੀਡੀਆ 'ਤੇ ਚੱਲ ਰਹੀ ਵੀਡੀਓ 'ਤੇ ਸਖ਼ਤ ਇਤਰਾਜ਼ ਕਰਦਿਆਂ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਕਿਹਾ ਕਿ ਇਸ ਬੇਅਦਬੀ ਲਈ ਜ਼ਿੰਮੇਵਾਰ ਵਿਅਕਤੀਆਂ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕਰੇ ਤਾਂ ਜੋ ਭਵਿੱਖ 'ਚ ਕੋਈ ਐਸਾ ਕਰਨ ਦੀ ਜੁਰਅਤ ਨਾ ਕਰੇ। ਜਥੇਦਾਰ ਨੇ ਕਿਹਾ ਕਿ ਆਏ ਦਿਨ ਕੋਈ ਨਾ ਕੋਈ ਐਸੀ ਘਟਨਾ ਵਾਪਰਦੀ ਰਹਿੰਦੀ ਹੈ। ਫ਼ਿਲਮ ਸੈਂਸਰ ਬੋਰਡ 'ਚ ਇੱਕ ਸਿੱਖ ਮੈਂਬਰ ਜ਼ਰੂਰ ਸ਼ਾਮਲ ਕੀਤਾ ਜਾਵੇ ਤਾਂ ਜੋ ਅੱਗੇ ਤੋਂ ਅਜਿਹਾ ਨਾ ਵਾਪਰੇ।

ਸ਼੍ਰੋਮਣੀ ਕਮੇਟੀ ਨੇ ਕਿਹਾ ਕਿ ਰਾਧਿਕਾ ਰਾਓ ਅਤੇ ਵਿਨੈ ਸਪਰੂ ਦੁਆਰਾ ਨਿਰਦੇਸ਼ਿਤ ਫਿਲਮ 'ਯਾਰੀਆਂ 2' ਦੇ 'ਸੌਰੇ ਘਰ' ਗੀਤ ਵਿੱਚ ਪ੍ਰਕਾਸ਼ਿਤ ਕੀਤੇ ਗਏ ਇਹਨਾਂ ਵੀਡੀਓ 'ਤੇ ਅਸੀਂ ਸਖ਼ਤ ਇਤਰਾਜ਼ ਜਤਾਉਂਦੇ ਹਾਂ ਕਿਉਂਕਿ ਅਦਾਕਾਰ ਇਤਰਾਜ਼ਯੋਗ ਢੰਗ ਨਾਲ ਸਿੱਖ ਕਕਾਰ ਕਿਰਪਾਨ ਪਹਿਨੇ ਹੋਏ ਨਜ਼ਰ ਆ ਰਹੇ ਹਨ, ਜਿਸ ਨੂੰ ਸਵੀਕਾਰ ਨਹੀਂ ਕੀਤਾ ਜਾ ਸਕਦਾ। ਇਸ ਨਾਲ ਵਿਸ਼ਵ ਭਰ ਦੇ ਸਿੱਖ ਭਾਈਚਾਰੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਭਾਰੀ ਠੇਸ ਪਹੁੰਚੀ ਹੈ।

ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿੱਖ ਰਹਿਤ ਮਰਿਆਦਾ ਅਤੇ ਭਾਰਤ ਦੇ ਸੰਵਿਧਾਨ ਅਨੁਸਾਰ ਅਧਿਕਾਰਾਂ ਤਹਿਤ ਕ੍ਰਿਪਾਨ ਪਹਿਨਣ ਦਾ ਅਧਿਕਾਰ ਕੇਵਲ ਇੱਕ ਅੰਮ੍ਰਿਤਧਾਰੀ ਸਿੱਖ ਨੂੰ ਹੀ ਹੈ (ਬਾਕੀ ਸਫ਼ਾ 29 'ਤੇ)

## ਮਾਮਲਾ ਗੁਰਬਾਣੀ ਪ੍ਰਸਾਰਨ ਦੇ ਅਧਿਕਾਰਾਂ ਦਾ

# ਰਾਗੀ ਸਿੰਘਾਂ ਵੱਲੋਂ ਕੀਰਤਨ ਦੀ ਵੀਡੀਓ ਨਿੱਜੀ ਪੇਜ 'ਤੇ ਪਾਉਣ ਦਾ ਸ਼੍ਰੋਮਣੀ ਕਮੇਟੀ ਵੱਲੋਂ ਸਖ਼ਤ ਨੋਟਿਸ

ਅੰਮ੍ਰਿਤਸਰ/ਏ.ਟੀ.ਨਿਊਜ਼ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸ੍ਰੀ ਦਰਬਾਰ ਸਾਹਿਬ ਤੋਂ ਪ੍ਰਸਾਰਨ ਹੁੰਦੇ ਗੁਰਬਾਣੀ ਕੀਰਤਨ ਨੂੰ ਰਾਗੀ ਸਿੰਘਾਂ ਵੱਲੋਂ ਆਪਣੀ ਡਿਊਟੀ ਦੌਰਾਨ ਕੀਤੇ ਕੀਰਤਨ ਦੀ ਵੀਡੀਓ ਨਿੱਜੀ ਪੇਜ 'ਤੇ ਪਾਉਣ ਦਾ ਸਖਤ ਨੋਟਿਸ ਲਿਆ ਹੈ।

ਸ਼੍ਰੋਮਣੀ ਕਮੇਟੀ ਵੱਲੋਂ ਜਾਰੀ ਪੱਤਰ ਤੋਂ ਬਾਅਦ ਮੈਨੇਜਰ ਨੇ ਇਹ ਪੱਤਰ ਜਾਰੀ ਕਰਦਿਆਂ ਲਿਖਿਆ ਹੈ ਕਿ ਸ੍ਰੀ ਦਰਬਾਰ ਸਾਹਿਬ ਦੇ ਕੁਝ ਰਾਗੀ ਜਥੇ ਸ਼੍ਰੋਮਣੀ ਕਮੇਟੀ ਦੇ ਯੂ-ਟਿਊਬ ਵੈੱਬ ਚੈਨਲ ਤੋਂ ਆਪਣੀ ਡਿਊਟੀ ਸਮੇਂ ਦੇ ਕੀਰਤਨ ਪ੍ਰਸਾਰਨ ਦਾ ਲਿੰਕ ਚੁੱਕ ਕੇ ਆਪਣੇ ਨਿੱਜੀ ਪੇਜ 'ਤੇ ਚਲਾ ਰਹੇ ਹਨ। ਲਿੰਕ ਆਪਣੇ ਨਿੱਜੀ ਪੇਜ ਜਾਂ ਚੈਨਲਾਂ 'ਤੇ ਪਾਉਣਾ ਗੁਰਬਾਣੀ ਪ੍ਰਸਾਰਨ ਸਬੰਧੀ ਸ਼੍ਰੋਮਣੀ ਕਮੇਟੀ ਵੱਲੋਂ ਬਣਾਏ ਨਿਯਮਾਂ ਅਤੇ ਕਾਪੀ ਰਾਈਟ ਦੀ ਉਲੰਘਣਾ ਹੈ। ਇਸ ਲਈ ਸਮੁੱਚੇ ਰਾਗੀ ਸਿੰਘਾਂ ਨੂੰ ਨੋਟ ਕਰਵਾ ਦਿੱਤਾ ਜਾਵੇ। ਜੇਕਰ ਅੱਗੇ ਤੋਂ ਅਜਿਹਾ ਹੋਇਆ ਤਾਂ ਸਖਤ ਕਾਰਵਾਈ ਕੀਤੀ ਜਾਵੇ।

# ਇਨਸਾਫ਼ ਨਾ ਮਿਲਿਆ ਤਾਂ ਸਿੱਧੂ ਦੇ ਖ਼ੂਨ ਨਾਲ ਭਰੇ ਕੱਪੜੇ ਪਾਕੇ ਅਦਾਲਤ ਜਾਵਾਂਗਾ: ਬਲਕੌਰ ਸਿੰਘ

ਮਾਨਸਾ/ਏ.ਟੀ.ਨਿਊਜ਼ : ਮਰਹੂਮ ਪੰਜਾਬੀ ਗਾਇਕ ਸ਼ੁੱਭਦੀਪ ਸਿੰਘ ਉਰਫ਼ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਨੇ ਕਿਹਾ ਕਿ ਉਨ੍ਹਾਂ ਦਾ ਸਰਕਾਰ ਤੋਂ ਵਿਸ਼ਵਾਸ ਉੱਠ ਗਿਆ ਹੈ। ਜੇਕਰ ਉਸ ਦੇ ਪੁੱਤਰ ਦੇ ਕਤਲ ਦਾ ਇਨਸਾਫ਼ ਨਾ ਮਿਲਿਆ ਤਾਂ ਉਹ ਆਪਣੇ ਪੁੱਤਰ ਦੇ ਖ਼ੂਨ ਨਾਲ ਲੱਥਪੱਥ ਕੱਪੜੇ ਪਹਿਨ ਕੇ ਅਦਾਲਤ ਅਤੇ ਲੋਕਾਂ ਵਿੱਚ ਜਾਣਗੇ ਤਾਂ ਜੋ ਉਸਦੇ ਪੁੱਤਰ ਨੂੰ ਇਨਸਾਫ ਮਿਲ ਸਕੇ। ਹਾਲਾਂਕਿ ਉਹ ਇਹ ਵੀ ਮੰਨਦੇ ਹਨ ਕਿ ਰੱਬ ਤੋਂ ਬਾਅਦ ਅਦਾਲਤ ਹੈ ਅਤੇ ਉਨ੍ਹਾਂ ਨੂੰ ਪੂਰਾ ਵਿਸ਼ਵਾਸ ਹੈ ਕਿ ਅਦਾਲਤ ਵੱਲੋਂ ਨਿਆਂ ਜ਼ਰੂਰ ਮਿਲੇਗਾ।




ਬਲਕੌਰ ਸਿੰਘ ਬੀਤੇ ਦਿਨੀਂ ਪਿੰਡ ਮੂਸਾ ਵਿਖੇ ਸਿੱਧੂ ਮੂਸੇਵਾਲਾ ਦੇ ਚਹੇਤਿਆਂ ਨੂੰ ਸੰਬੋਧਨ ਕਰ ਰਹੇ ਸਨ। ਦੱਸ ਦੇਈਏ ਕਿ ਸਿੱਧੂ ਦੇ ਪਿਤਾ ਬਲਕੌਰ ਸਿੰਘ ਨੇ ਹੁਣ ਅਜਿਹਾ ਕੁੜਤਾ ਪਜਾਮਾ ਪਾਇਆ ਹੈ ਜਿਸ 'ਤੇ ਸਿੱਧੂ ਨੂੰ ਮਾਰਨ ਵਾਲੀ ਜਗ੍ਹਾ ਅਤੇ ਉਸ ਦੀ ਹਵੇਲੀ ਦੀਆਂ ਤਸਵੀਰਾਂ ਛਪੀਆਂ ਹਨ ਅਤੇ ਇਸ ਦੇ ਨਾਲ 'ਜਸਟਿਸ ਫਾਰ ਸਿੱਧੂ ਮੂਸੇਵਾਲਾ' ਲਿਖਿਆ ਹੋਇਆ ਹੈ।

ਇਸ ਕੁੜਤੇ 'ਤੇ ਸਿੱਧੂ ਮੂਸੇਵਾਲਾ ਦਾ ਜਨਮ ਸਾਲ 1993 ਅਤੇ 29 ਮਈ 2022 ਵੀ ਲਿਖਿਆ ਹੋਇਆ ਹੈ। ਜਿਸ ਦਿਨ ਪਿੰਡ ਜਵਾਹਰਕੇ ਵਿੱਚ ਉਸ ਦਾ ਕਤਲ ਹੋਇਆ ਸੀ। ਪਿਤਾ ਬਲਕੌਰ ਸਿੰਘ ਨੇ ਦੱਸਿਆ ਕਿ ਉਹ ਲਗਾਤਾਰ ਇਨਸਾਫ ਦੀ ਮੰਗ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਕਿੱਥੋਂ ਦਾ ਇਨਸਾਫ਼ ਹੈ, ਅੱਜ ਵੀ ਗੈਂਗਸਟਰ ਕਾਲੀਆਂ ਐਨਕਾਂ ਪਾ ਕੇ ਅਦਾਲਤਾਂ ਵਿੱਚ ਮੁਕੱਦਮੇ ਦਾ ਸਾਹਮਣਾ ਕਰਨ ਆਉਂਦੇ ਹਨ।

ਉਨ੍ਹਾਂ ਸਵਾਲ ਉਠਾਇਆ ਕਿ ਤੁਸੀਂ ਵੀ ਵੀਡੀਓ ਵਿੱਚ ਦੇਖਿਆ ਹੋਵੇਗਾ ਕਿ ਕਿਵੇਂ ਕਰੋੜਾਂ ਰੁਪਏ ਦੀ ਹੈਰੋਇਨ ਦੇ ਮਾਮਲੇ ਵਿੱਚ ਲਾਰੈਂਸ ਬਿਸ਼ਨੋਈ ਕਾਲੇ ਰੰਗ ਦੇ ਐਨਕਾਂ ਅਤੇ ਬ੍ਰਾਂਡਿਡ ਕੱਪੜੇ ਪਾ ਕੇ ਅਦਾਲਤ 'ਚ ਪੇਸ਼ ਹੋਣ ਲਈ ਪਹੁੰਚਦਾ ਹੈ। ਉਨ੍ਹਾਂ ਕਿਹਾ ਕਿ ਅਜਿਹਾ (ਬਾਕੀ ਸਫ਼ਾ 30 'ਤੇ)

# ਕੁੰਵਰ ਅੰਮ੍ਰਿਤਬੀਰ ਸਿੰਘ ਨੇ ਇੰਡੀਆ ਬੁੱਕ ਆਫ਼ ਰਿਕਾਰਡਸ 'ਚ ਦੋ ਫਿਟਨੈਸ ਰਿਕਾਰਡ ਕੀਤੇ ਸਥਾਪਤ

## ਇੱਕ ਵਾਰ ਵੀ ਜਿੰਮ ਨਹੀਂ ਗਿਆ ਪੰਜਾਬ ਦਾ ਇਹ ਨੌਜਵਾਨ




ਗੁਰਦਾਸਪੁਰ-ਪੰਜਾਬ ਦੇ ਗੁਰਦਾਸਪੁਰ ਜ਼ਿਲੇ ਦਾ ਇੱਕ ਨੌਜਵਾਨ, ਜੋ ਕਦੇ ਜਿੰਮ ਨਹੀਂ ਗਿਆ, ਨੇ ਇੰਡੀਆ ਬੁੱਕ ਆਫ਼ ਰਿਕਾਰਡਸ ਵਿੱਚ ਦੋ ਫਿਟਨੈਸ ਰਿਕਾਰਡ ਸਥਾਪਤ ਕੀਤੇ ਹਨ। ਗੁਰਦਾਸਪੁਰ ਜ਼ਿਲੇ ਦੇ ਉਮਰਵਾਲਾ ਪਿੰਡ ਦੇ 19 ਸਾਲਾ ਕੁੰਵਰ ਅੰਮ੍ਰਿਤਬੀਰ ਸਿੰਘ ਨੇ ਇੱਕ ਮਿੰਟ ਵਿੱਚ ਸਭ ਤੋਂ ਵੱਧ ਨਕਲ ਪੁਸ਼ਅੱਪ ਅਤੇ 30 ਸਕਿੰਟਾਂ ਵਿੱਚ ਸਭ ਤੋਂ ਵੱਧ ਸੁਪਰਮੈਨ ਪੁਸ਼ਅੱਪਸ ਦਾ ਰਿਕਾਰਡ ਕਾਇਮ ਕੀਤਾ ਹੈ।

ਸਿੰਘ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਦੱਸਿਆ, 'ਮੈਂ ਕਦੇ ਜਿੰਮ ਨਹੀਂ ਗਿਆ। ਦੇਸੀ ਜੁਗਾੜ ਨਾਲ ਘਰ ਵਿਚ ਹੀ ਸਭ ਬਣਾਇਆ ਹੈ।' ਉਸਨੇ ਇੱਟਾਂ, ਸੀਮੈਂਟ, ਲੋਹੇ ਦੀਆਂ ਰਾਡਾਂ, ਖਾਲੀ ਬੋਤਲਾਂ ਆਦਿ ਦੀ ਵਰਤੋਂ ਕਰ ਕੇ ਸਾਰਾ ਜਿੰਮ ਦਾ ਸਾਮਾਨ ਬਣਾਇਆ ਹੈ ਤੇ ਆਪਣੇ ਘਰ ਦੀ ਛੱਤ 'ਤੇ ਅਭਿਆਸ ਕਰਦਾ ਹੈ। ਉਸ ਨੇ ਕਿਹਾ, 'ਅੱਜ ਲੋਕ ਜਿਮ ਵਿੱਚ ਜਾਣ ਦਾ ਅਨੰਦ ਲੈਂਦੇ ਹਨ ਅਤੇ ਉਨ੍ਹਾਂ ਤੋਂ ਬਿਨਾਂ ਅਭਿਆਸ ਨਹੀਂ ਕਰਦੇ ਪਰ ਪਹਿਲਵਾਨ ਜਿਮ ਵਿੱਚ ਨਹੀਂ ਜਾਂਦੇ।'

ਸਿੰਘ ਨੇ ਬਚਪਨ ਵਿੱਚ ਭਗਤ ਸਿੰਘ, ਕਰਤਾਰ ਸਿੰਘ ਸਰਾਭਾ ਅਤੇ ਊਧਮ ਸਿੰਘ ਦੀ ਜੀਵਨੀ ਪੜ੍ਹਨ ਦੇ ਨਾਲ ਨਾਲ ਸਕੂਲੀ ਸਾਲਾਂ ਦੌਰਾਨ ਇਨ੍ਹਾਂ ਕਿਰਦਾਰਾਂ ਦੀ ਸਕਿੱਟਾਂ ਵਿੱਚ ਭੂਮਿਕਾਵਾਂ ਨਿਭਾਈਆਂ। 19 ਸਾਲਾ ਨੌਜਵਾਨ ਨੇ ਕਿਹਾ, 'ਉਨ੍ਹਾਂ ਨੇ ਮੈਨੂੰ ਜ਼ਿੰਦਗੀ ਵਿੱਚ ਕੁਝ ਕਰਨ ਲਈ ਪ੍ਰੇਰਿਤ ਕੀਤਾ।' ਕੁੰਵਰ ਅੰਮ੍ਰਿਤਬੀਰ ਸਿੰਘ ਦੇ ਪਿਤਾ ਤੇ ਚਾਚਾ ਕਈ ਸਾਲਾਂ ਤੋਂ ਖੇਡਾਂ ਨਾਲ ਜੁੜੇ ਰਹੇ, ਉਨ੍ਹਾਂ ਨੇ ਵੀ ਫਿਟਨੈਸ ਵਿੱਚ ਆਉਣ ਲਈ ਕੁੰਵਰ ਨੂੰ ਪ੍ਰੇਰਿਤ ਕੀਤਾ।

ਸਿੰਘ ਨੇ ਕਿਹਾ, 'ਮੈਂ ਪੜ੍ਹਾਈ ਵਿੱਚ ਚੰਗਾ ਨਹੀਂ ਸੀ ਅਤੇ 12ਵੀਂ ਜਮਾਤ ਦੀ ਗਣਿਤ ਦੀ ਪ੍ਰੀਖਿਆ ਵਿੱਚ ਅਸਫਲ ਰਿਹਾ। ਮੈਂ ਕੁਝ ਮਹੀਨਿਆਂ ਲਈ ਉਦਾਸ ਸੀ। ਇਕ ਦਿਨ, ਮੈਂ ਆਪਣੇ ਆਪ ਨੂੰ ਕਿਹਾ,'ਇਕ ਪੇਪਰ ਕੀ ਸ਼ੀਟ ਭਵਿਖ ਤੈਅ ਨਹੀਂ ਕਰ ਸਕਦੀ.' ਫਿਰ, ਮੈਨੂੰ ਨਕਲ ਪੁਸ਼ਅੱਪਾਂ ਬਾਰੇ ਇੱਕ ਯੂਟਿਊਬ ਵੀਡੀਓ ਮਿਲੀ ਅਤੇ ਮੈਂ ਅਭਿਆਸ ਕਰਨਾ ਸ਼ੁਰੂ ਕਰ ਦਿੱਤਾ।'ਜਦੋਂ ਸਿੰਘ ਨੇ 2019 ਦੇ ਅੰਤ ਵਿੱਚ ਰਿਕਾਰਡ ਲਈ ਅਰਜ਼ੀ ਦਿੱਤੀ ਸੀ, ਤਾਂ ਉਸ ਦੀ ਅਰਜ਼ੀ ਰੱਦ ਕਰ ਦਿੱਤੀ ਗਈ ਸੀ ਕਿਉਂਕਿ ਪੁਸ਼ਅੱਪ ਕਰਨ ਦਾ ਉਸ ਦਾ ਤਰੀਕਾ ਸਹੀ ਨਹੀਂ ਸੀ।ਯੂਟਿਊਬ ਵੀਡੀਓ ਤੋਂ ਦੁਬਾਰਾ ਮਦਦ ਲੈਂਦੇ ਹੋਏ, ਸਿੰਘ ਨੇ ਦੁਬਾਰਾ ਆਪਣੇ ਟੀਚੇ ਵੱਲ ਕੰਮ ਕਰਨਾ ਸ਼ੁਰੂ ਕਰ ਦਿੱਤਾ। ਜੁਲਾਈ 2020 ਵਿੱਚ, ਉਸਨੇ ਇੱਕ ਮਿੰਟ ਵਿੱਚ 118 ਨਕਲ ਪੁਸ਼ਅੱਪ ਕੀਤੇ ਅਤੇ 17 ਸਾਲ ਦੀ ਉਮਰ ਵਿੱਚ ਇੰਡੀਆ ਬੁੱਕ ਆਫ ਰਿਕਾਰਡਜ਼ ਵਿੱਚ ਜਗ੍ਹਾ ਬਣਾਈ।ਸਤੰਬਰ 2020 ਵਿੱਚ, ਉਸਨੇ 30 ਸਕਿੰਟਾਂ ਵਿੱਚ 35 ਸੁਪਰਮੈਨ ਪੁਸ਼ਅੱਪ ਕਰਕੇ ਇੱਕ ਹੋਰ ਵਿਸ਼ਵ ਰਿਕਾਰਡ ਬਣਾਇਆ।

(ਬਾਕੀ ਸਫ਼ਾ 29 'ਤੇ)

# ਸਾਲ ਵਿੱਚ ਦੋ ਵਾਰ ਹੋਣਗੀਆਂ ਬੋਰਡ ਦੀਆਂ ਪ੍ਰੀਖਿਆਵਾਂ

## ਵਿਦਿਆਰਥੀਆਂ ਦੀ ਪ੍ਰਤਿਭਾ ਦਾ ਸਹੀ ਮੁਲਾਂਕਣ ਅਤੇ ਭਵਿੱਖਮੁਖੀ ਰੁਜ਼ਗਾਰ ਲਈ ਤਿਆਰ ਹੋਣਾ ਚਾਹੀਦੇ ਸਕੂਲੀ ਸਿੱਖਿਆ ਦਾ ਉਦੇਸ਼



ਕੇਂਦਰੀ ਸਿੱਖਿਆ ਮੰਤਰਾਲੇ ਵੱਲੋਂ ਸਕੂਲੀ ਸਿੱਖਿਆ ਲਈ ਨਵਾਂ ਰਾਸ਼ਟਰੀ ਪਾਠਕ੍ਰਮ ਫਰੇਮਵਰਕ ਤਿਆਰ ਕੀਤਾ ਗਿਆ ਹੈ, ਜਿਸ ਤਹਿਤ ਹੁਣ ਬੋਰਡ ਦੀਆਂ ਪ੍ਰੀਖਿਆਵਾਂ ਸਾਲ ਵਿੱਚ ਦੋ ਵਾਰ ਹੋਣਗੀਆਂ। ਵਿਦਿਆਰਥੀਆਂ ਕੋਲ ਇਸ ਵਿੱਚ ਵਧੀਆ ਅੰਕ ਬਰਕਰਾਰ ਰੱਖਣ ਦਾ ਮੌਕਾ ਹੋਵੇਗਾ। ਨਾਲ ਹੀ, ਗਿਆਰਵੀਂ ਅਤੇ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਦੋ ਭਾਸ਼ਾਵਾਂ ਦੀ ਪੜ੍ਹਾਈ ਕਰਨੀ ਪਵੇਗੀ, ਜਿਨ੍ਹਾਂ ਵਿੱਚੋਂ ਇੱਕ ਭਾਸ਼ਾ ਭਾਰਤੀ ਹੋਣੀ ਚਾਹੀਦੀ ਹੈ। 2024 ਦੇ ਅਕਾਦਮਿਕ ਸੈਸ਼ਨ ਲਈ ਨਵੇਂ ਸਿਲੇਬਸ ਅਨੁਸਾਰ ਕਿਤਾਬਾਂ ਤਿਆਰ ਕੀਤੀਆਂ ਜਾਣਗੀਆਂ। ਚੰਗੀ ਗੱਲ ਇਹ ਹੈ ਕਿ ਕਲਾ, ਵਿਗਿਆਨ, ਪਾਠਕ੍ਰਮ ਜਾਂ ਪਾਠਕ੍ਰਮ ਤੋਂ ਬਾਹਰਲੀਆਂ ਗਤੀਵਿਧੀਆਂ ਅਤੇ ਵੋਕੇਸ਼ਨਲ ਅਤੇ ਅਕਾਦਮਿਕ ਵਿਸ਼ਿਆਂ ਵਿਚਕਾਰ ਕੋਈ ਸਖ਼ਤ ਵੰਡ ਲਾਈਨ ਨਹੀਂ ਹੈ। 11ਵੀਂ ਅਤੇ 12ਵੀਂ ਵਿੱਚ ਵਿਸ਼ਿਆਂ ਦੀ ਚੋਣ ਆਰਟਸ, ਸਾਇੰਸ, ਕਾਮਰਸ ਸਟਰੀਮ ਤੱਕ ਸੀਮਤ ਨਹੀਂ ਹੋਵੇਗੀ। ਵਿਦਿਆਰਥੀਆਂ ਨੂੰ ਵਿਸ਼ੇ ਦੀ ਚੋਣ ਕਰਨ ਦੀ ਆਜ਼ਾਦੀ ਹੋਵੇਗੀ। ਕਈ ਵਾਰ ਵਿਦਿਆਰਥੀ ਆਪਣੀ ਰੁਚੀਆਂ ਅਤੇ ਸਟਰੀਮ ਦੀ ਚੋਣ ਬਾਰੇ ਸ਼ੱਕ/ਭੰਬਲਭੂਸੇ ਵਿੱਚ ਰਹਿੰਦੇ ਸਨ। ਹੁਣ ਉਹ ਆਪਣੀ ਸਹੂਲਤ ਅਨੁਸਾਰ ਇਨ੍ਹਾਂ ਦੀ ਚੋਣ ਕਰਨ ਲਈ ਆਜ਼ਾਦ ਹੋਣਗੇ। ਹੁਣ ਵਿਦਿਆਰਥੀ ਬੋਰਡ ਪ੍ਰੀਖਿਆ ਵਿੱਚ ਬੈਠ ਸਕਦਾ ਹੈ ਜਿਸ ਲਈ ਉਹ ਤਿਆਰ ਹੈ। ਸਿੱਖਿਆ ਢਾਂਚੇ ਵਿੱਚ ਇਨ੍ਹਾਂ ਬੁਨਿਆਦੀ ਤਬਦੀਲੀਆਂ ਦੀ ਚਰਚਾ ਲੰਬੇ ਸਮੇਂ ਤੋਂ ਕੀਤੀ ਜਾ ਰਹੀ ਸੀ। ਇਹ ਫਰੇਮਵਰਕ ਵਿਦਿਆਰਥੀਆਂ ਵਿੱਚ ਬੇਲੋੜੇ ਵਧ ਰਹੇ ਦਬਾਅ ਅਤੇ ਰੁਕਾਵਟਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਤਿਆਰ ਕੀਤਾ ਗਿਆ ਹੈ। ਅਧਿਐਨ ਦਾ ਤਰੀਕਾ ਅਤੇ ਰੁਚੀ ਅਤੇ ਲੋੜ ਅਨੁਸਾਰ ਵਿਸ਼ਿਆਂ ਦੀ ਚੋਣ ਕਰਨ ਨਾਲ ਮਾਨਸਿਕ ਤਣਾਅ ਜ਼ਰੂਰ ਘਟੇਗਾ। ਹਾਲਾਂਕਿ ਕੁਝ ਥਾਵਾਂ 'ਤੇ ਅਜੇ ਵੀ ਦੋ ਭਾਸ਼ਾਵਾਂ ਸਿਖਾਈਆਂ ਜਾ ਰਹੀਆਂ ਹਨ, ਪਰ ਦੋ ਸਾਲਾਂ ਵਿੱਚ ਨਵੀਂ ਭਾਸ਼ਾ ਸਿੱਖਣੀ ਥੋੜੀ ਮੁਸ਼ਕਲ ਹੈ। ਉਹ ਸਿਰਫ਼ ਇਮਤਿਹਾਨ ਪਾਸ ਕਰਨ ਤੱਕ ਹੀ ਸੀਮਤ ਹਨ। ਇਸ ਲਈ ਉਨ੍ਹਾਂ ਦਾ ਸਮਾਂ ਵਧਾਉਣਾ ਜ਼ਰੂਰੀ ਹੈ। ਇਹ ਵੀ ਸਖ਼ਤੀ ਕੀਤੀ ਜਾਵੇ ਕਿ ਸਕੂਲਾਂ ਵਿੱਚ ਵੱਖ-ਵੱਖ ਵਿਸ਼ਿਆਂ ਦੇ ਅਧਿਆਪਕ ਨਿਯੁਕਤ ਕੀਤੇ ਜਾਣ ਕਿਉਂਕਿ ਦੇਖਿਆ ਜਾ ਰਿਹਾ ਹੈ ਕਿ ਪ੍ਰਬੰਧਕ ਇਸ ਨੂੰ ਗੰਭੀਰਤਾ ਨਾਲ ਨਹੀਂ ਲੈਂਦੇ। ਇਹੀ ਗੱਲ ਪਾਠ ਪੁਸਤਕਾਂ 'ਤੇ ਵੀ ਲਾਗੂ ਹੁੰਦੀ ਹੈ। ਇੰਨੇ ਸੀਮਤ ਸਮੇਂ ਵਿੱਚ, ਹਰ ਸਾਲ ਐਨਸੀਈਆਰਟੀ ਦੀਆਂ ਕਿਤਾਬਾਂ ਦੀ ਪ੍ਰਕਾਸ਼ਨਾ ਆਪਣੇਆਪ ਵਿੱਚ ਢਿੱਲੀ ਹੈ। ਸਕੂਲੀ ਸਿੱਖਿਆ ਦਾ ਉਦੇਸ਼ ਵਿਦਿਆਰਥੀਆਂ ਦੀ ਪ੍ਰਤਿਭਾ ਦਾ ਸਹੀ ਮੁਲਾਂਕਣ ਅਤੇ ਭਵਿੱਖਮੁਖੀ ਰੁਜ਼ਗਾਰ ਲਈ ਤਿਆਰੀ ਹੋਣਾ ਚਾਹੀਦਾ ਹੈ। ਵਿਸ਼ੇਸ਼ ਪ੍ਰਤਿਭਾਵਾਂ ਵਾਲੇ ਵਿਦਿਆਰਥੀਆਂ ਨੂੰ ਮੌਜੂਦਾ ਸਿੱਖਿਆ ਢਾਂਚੇ ਵਿੱਚ ਰੁਕਾਵਟਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਉਮੀਦ ਕੀਤੀ ਜਾ ਰਹੀ ਹੈ ਕਿ ਨਵੀਆਂ ਤਬਦੀਲੀਆਂ ਰਾਹ ਪੱਧਰਾ ਸਾਬਤ ਹੋ ਸਕਦੀਆਂ ਹਨ।

# ਆਊਟ ਲੁੱਕ ਗਰੁੱਪ ਨੇ ਰਿਲੀਜ਼ ਕੀਤੀ 'ਸਿੱਖ ਐਂਡ ਮੋਦੀ' ਕਿਤਾਬ



ਨਵੀਂ ਦਿੱਲੀ/ਏ.ਟੀ.ਨਿਊਜ਼: ਆਊਟ ਲੁੱਕ ਗਰੁੱਪ ਵੱਲੋਂ ਕਾਫ਼ੀ ਟੇਬਲ ਬੁੱਕ 'ਸਿੱਖਸ ਐਂਡ ਮੋਦੀ: ਏ ਜਰਨੀ ਆਫ਼ 9 ਯਿਅਰਜ਼' ਰਿਲੀਜ਼ ਕੀਤੀ ਗਈ। ਇਸ ਬਾਰੇ ਇੱਕ ਸਮਾਗਮ ਦੌਰਾਨ ਸਿੱਖ ਭਾਈਚਾਰੇ ਨੂੰ ਸੰਬੋਧਨ ਕਰਦਿਆਂ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਪ੍ਰਧਾਨ ਜੇ.ਪੀ. ਨੱਡਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਿੱਖ ਭਾਈਚਾਰੇ ਦੇ ਮੈਂਬਰਾਂ ਨੂੰ ਦ੍ਰਿੜ੍ਹਤਾ ਨਾਲ ਨਿਆਂ ਪ੍ਰਦਾਨ ਕਰਕੇ ਮੁੱਖ ਧਾਰਾ ਵਿੱਚ ਲਿਆਂਦਾ ਹੈ। ਕੇਂਦਰ ਦੀ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਲਏ ਗਏ ਵੱਖ-ਵੱਖ ਫ਼ੈਸਲਿਆਂ ਨੂੰ ਉਜਾਗਰ ਕਰਦਿਆਂ ਨੱਡਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੇ ਸਿੱਖ ਭਾਈਚਾਰੇ ਲਈ ਜੋ ਕੀਤਾ ਹੈ, ਉਹ ਅੱਜ ਤਕ ਕਿਸੇ ਹੋਰ ਆਗੂ ਨੇ ਨਹੀਂ ਕੀਤਾ। ਕਾਂਗਰਸ 'ਤੇ ਨਿਸ਼ਾਨਾ ਵਿੰਨ੍ਹਦਿਆਂ ਭਾਜਪਾ ਪ੍ਰਧਾਨ ਨੇ ਕਿਹਾ, 30 ਸਾਲਾਂ ਤੋਂ 1984 ਦੇ ਸਿੱਖ ਵਿਰੋਧੀ ਦੰਗਿਆਂ 'ਚ ਸ਼ਾਮਲ ਲੋਕਾਂ ਖ਼ਿਲਾਫ਼ ਕੋਈ ਗ੍ਰਿਫ਼ਤਾਰੀ ਨਹੀਂ ਹੋਈ ਅਤੇ ਨਾ ਹੀ ਕੋਈ ਕਾਰਵਾਈ ਹੋਈ। ਸਿਆਸੀ ਪਾਰਟੀ ਨਾਲ ਜੁੜੇ ਲੋਕਾਂ ਨੂੰ ਸੁਰੱਖਿਆ ਮਿਲਦੀ ਰਹੀ। ਹਾਲਾਂ ਕਿ, ਮੋਦੀ ਸਰਕਾਰ ਨੇ ਇੱਕ ਵਿਸ਼ੇਸ਼ ਜਾਂਚ ਟੀਮ (ਐੱਸ.ਆਈ.ਟੀ.) ਦਾ ਗਠਨ ਕੀਤਾ ਅਤੇ ਕਾਰਵਾਈ ਕੀਤੀ ਗਈ। ਉਨ੍ਹਾਂ ਕਿਹਾ ਕਿ 33 ਸਾਲਾਂ ਬਾਅਦ, ਦੋਸ਼ੀਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ। ਦ੍ਰਿੜ ਇਰਾਦੇ ਨਾਲ, ਮੋਦੀ ਨੇ ਸਿੱਖ ਕੌਮ ਨੂੰ ਇਨਸਾਫ਼ ਦਿਵਾਇਆ ਹੈ ਅਤੇ ਉਨ੍ਹਾਂ ਨੂੰ ਮੁੱਖ ਧਾਰਾ ਵਿੱਚ ਲਿਆਂਦਾ ਹੈ।

# ਭਾਈ ਹਵਾਰਾ ਦੇ ਖਿਲਾਫ਼ 18 ਸਾਲ ਪੁਰਾਣੇ ਕੇਸ 'ਚ ਦੋਸ਼ ਤੈਅ

## ਮਾਮਲਾ ਥਾਣਾ ਸਦਰ ਖਰੜ ਅਤੇ ਥਾਣਾ ਸੋਹਾਣਾ ਵਿਚ ਦਰਜ ਵਿਸਫੋਟਕ ਸਮੱਗਰੀ ਦਾ



ਮੁਹਾਲੀ :ਜਥੇਦਾਰ ਜਗਤਾਰ ਸਿੰਘ ਹਵਾਰਾ ਖ਼ਿਲਾਫ਼ ਥਾਣਾ ਸਦਰ ਖਰੜ ਅਤੇ ਥਾਣਾ ਸੋਹਾਣਾ ਵਿਚ ਦਰਜ ਵਿਸਫੋਟਕ ਸਮੱਗਰੀ ਮਿਲਣ ਅਤੇ ਸਾਜ਼ਸ਼ ਰਚਣ ਦੇ ਦਰਜ ਮਾਮਲੇ ਦੀ ਸੁਣਵਾਈ ਵਧੀਕ ਜ਼ਿਲ੍ਹਾ ਸੈਸ਼ਨ ਜੱਜ ਕ੍ਰਿਸ਼ਨ ਕੁਮਾਰ ਸਿੰਗਲਾ ਦੀ ਅਦਾਲਤ ਵਿਚ ਹੋਈ। ਅਦਾਲਤ ਵੱਲੋਂ ਥਾਣਾ ਸਦਰ ਖਰੜ ਵਿਚ ਦਰਜ ਮਾਮਲੇ ਵਿਚ ਜਗਤਾਰ ਸਿੰਘ ਹਵਾਰਾ ਖ਼ਿਲਾਫ਼ ਧਾਰਾ-ਆਰਮਜ਼ ਐਕਟ, 120ਬੀ ਅਤੇ 4,5 ਐਕਸਕਲੂਸਿਵ ਸਬਸਟਾਇਸਸ ਐਕਟ ਦੇ ਤਹਿਤ ਦੋਸ਼ ਤੈਅ ਕਰ ਦਿੱਤੇ ਹਨ, ਜਦੋਂ ਕਿ ਥਾਣਾ ਸੋਹਾਣਾ 'ਚ ਦਰਜ ਮਾਮਲੇ 'ਚ ਪੁਲਿਸ ਕੋਲੋਂ ਇਸ ਮਾਮਲੇ ਦੀ ਅਸਲ ਫਾਈਲ ਮੰਗੀ ਗਈ ਹੈ।

ਜਾਣਕਾਰੀ ਮੁਤਾਬਕ ਇਸ ਸਬੰਧੀ ਖਰੜ ਥਾਣੇ ਵਿੱਚ 2005 ਵਿੱਚ ਦਰਜ ਐਫਆਈਆਰ ਵਿੱਚ ਅਦਾਲਤ ਵੱਲੋਂ ਜਗਤਾਰ ਸਿੰਘ ਹਵਾਰਾ ਦੇ ਖ਼ਿਲਾਫ਼ ਆਈਪੀਸੀ ਦੀ ਧਾਰਾ 120ਬੀ, ਅਸਲਾ ਐਕਟ ਅਤੇ ਵਿਸਫੋਟਕ ਐਕਟ ਦੇ ਤਹਿਤ ਦੋਸ਼ ਆਇਦ ਕੀਤੇ ਗਏ ਹਨ। ਅਦਾਲਤ ਨੇ ਦੋਹਾਂ ਮਾਮਲਿਆਂ ਦੀ ਅਗਲੀ ਸੁਣਵਾਈ ਲਈ 14 ਅਤੇ 18 ਸਤੰਬਰ ਦੀ ਤਰੀਕ ਤੈਅ ਕੀਤੀ ਹੈ।

ਦੱਸ ਦੇਈਏ ਕਿ 2005 ਵਿੱਚ ਅਸਲਾ ਬਰਾਮਦ ਹੋਣ 'ਤੇ ਖਰੜ ਵਿਖੇ ਵਿਸਫੋਟਕ ਅਤੇ ਅਸਲਾ ਐਕਟ ਦੇ ਕੇਸ ਦਰਜ ਕੀਤਾ ਗਿਆ ਸੀ ਇਸ ਤੋਂ ਇਲਾਵਾ ਸੋਹਾਣਾ ਵਿਖੇ ਦਰਜ 1998 ਦੇ ਅਸਲਾ ਐਕਟ ਦੇ ਕੇਸ ਵਿੱਚ ਦੋਸ਼ ਤੈਅ ਕਰਨ ਲਈ ਦੋ ਮਾਮਲਿਆਂ ਵਿੱਚ ਸੁਣਵਾਈ ਜਾਰੀ ਰਹੀ। ਇਨ੍ਹਾਂ ਮਾਮਲਿਆਂ ਦੀ ਸੁਣਵਾਈ ਨਾਲੋਂ-ਨਾਲ ਕੀਤੀ ਜਾਵੇਗੀ।ਮੋਰਚੇ ਨੇ ਮੰਗ ਕੀਤੀ ਹੈ ਕਿ ਜਥੇਦਾਰ ਹਵਾਰਾ ਨੂੰ ਅਦਾਲਤ ਵਿੱਚ ਪੇਸ਼ ਕੀਤਾ ਜਾਵੇ ਅਤੇ ਰੋਪੜ ਅਤੇ ਪਟਿਆਲਾ ਦੀਆਂ ਦੋ ਜੇਲ੍ਹਾਂ ਵਿੱਚੋਂ ਕਿਸੇ ਇੱਕ ਵਿੱਚ ਤਬਦੀਲ ਕੀਤਾ ਜਾਵੇ, ਭਾਵੇਂ ਕਿ ਮੁਹਾਲੀ ਵਿੱਚ ਐੱਫ.ਆਈ.ਆਰ. ਮੋਰਚੇ ਨੇ ਦਲੀਲ ਦਿੱਤੀ ਕਿ ਕਿਉਂਕਿ ਹਵਾਰਾ ਖ਼ਿਲਾਫ਼ ਦਿੱਲੀ ਵਿੱਚ ਕੋਈ ਕੇਸ ਨਹੀਂ ਹੈ, ਇਸ ਲਈ ਉਸ ਨੂੰ ਦਿੱਲੀ ਦੀ ਜੇਲ੍ਹ ਵਿੱਚ ਰੱਖਣਾ ਗ਼ੈਰ-ਕਾਨੂੰਨੀ ਹੈ।

**ਦਰਪਣ ਝੂਠ ਨਹੀਂ ਬੋਲਦਾ**

# ਭਾਰਤ ਤੇ ਚੀਨ ਦਾ ਟਕਰਾਅ ਜਾਰੀ, ਮੋਦੀ-ਸ਼ੀ ਦੀ ਗੱਲਬਾਤ ਸਿਰੇ ਨਾ ਚੜ੍ਹੀ

## ਚੀਨੀ ਕਬਜ਼ੇ ਕਾਰਨ ਪੂਰਬੀ ਲੱਦਾਖ ਖੇਤਰ ਦੀਆਂ 65 ਚੌਕੀਆਂ ਦੀ ਥਾਂ ਹੁਣ ਭਾਰਤੀ ਦਸਤੇ 26 ਚੌਕੀਆਂ 'ਤੇ ਕਰਦੇ ਨੇ ਸੁਰੱਖਿਆ

ਬ੍ਰਿਕਸ ਸੰਮੇਲਨ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਵਿਚਾਲੇ ਹੋਈ ਮੁਲਾਕਾਤ ਨੇ ਇਸ ਗੱਲ 'ਤੇ ਨਵੀਂ ਰੋਸ਼ਨੀ ਪਾਈ ਹੈ ਕਿ ਭਾਰਤ ਅਤੇ ਚੀਨ ਵਿਚਾਲੇ ਬੇਵਿਸ਼ਵਾਸੀ ਦੀ ਖਾੜੀ ਕਿੰਨੀ ਡੂੰਘੀ ਹੋ ਗਈ ਹੈ। ਉਪਲਬਧ ਤੱਥਾਂ ਦੇ ਆਧਾਰ 'ਤੇ ਇਹ ਬਿਨਾਂ ਸ਼ੱਕ ਕਿਹਾ ਜਾ ਸਕਦਾ ਹੈ ਕਿ ਇਨ੍ਹਾਂ ਮੁਲਾਕਾਤਾਂ ਨਾਲ ਆਪਸੀ ਪਾੜੇ ਨੂੰ ਪੂਰਾ ਕਰਨ ਦੀ ਦਿਸ਼ਾ ਵਿੱਚ ਕੋਈ ਪ੍ਰਗਤੀ ਨਹੀਂ ਹੋਈ ਹੈ। ਇਹ ਮੀਟਿੰਗ ਕਿਸ ਦੀ ਪਹਿਲਕਦਮੀ ਨਾਲ ਹੋਈ, ਜੇਕਰ ਇਹ ਵਿਵਾਦ ਦਾ ਵਿਸ਼ਾ ਬਣ ਜਾਵੇ ਤਾਂ ਸਮਝਿਆ ਜਾ ਸਕਦਾ ਹੈ ਕਿ ਅਸਲ ਮੁੱਦਿਆਂ 'ਤੇ ਮਤਭੇਦਾਂ ਦਾ ਘੇਰਾ ਕਿੰਨਾ ਵਿਸ਼ਾਲ ਹੈ। ਵੈਸੇ ਵੀ ਪਹਿਲਾਂ ਦੋਵਾਂ ਧਿਰਾਂ ਵੱਲੋਂ ਗੱਲਬਾਤ ਬਾਰੇ ਜੋ ਵੇਰਵਾ ਦਿਤਾ ਹੈ, ਉਸ ਵਿੱਚ ਇਕਸਾਰਤਾ ਨਹੀਂ ਸੀ।

ਨਰਿੰਦਰ ਮੋਦੀ-ਸ਼ੀ ਜਿਨਪਿੰਗ ਦੀ ਗੱਲਬਾਤ ਦੀ ਖਬਰ ਸਭ ਤੋਂ ਪਹਿਲਾਂ ਭਾਰਤ ਦੇ ਵਿਦੇਸ਼ ਸਕੱਤਰ ਵਿਨੈ ਮੋਹਨ ਕਵਾਤਰਾ ਨੇ ਜਨਤਕ ਕੀਤੀ ਸੀ। ਕਵਾਤਰਾ ਅਨੁਸਾਰ ਸ਼ੀ ਨਾਲ ਗੱਲਬਾਤ ਦੌਰਾਨ, ਪ੍ਰਧਾਨ ਮੰਤਰੀ ਮੋਦੀ ਨੇ ਭਾਰਤ-ਚੀਨ ਸਰਹੱਦ ਦੇ ਪੱਛਮੀ ਸੈਕਟਰ ਵਿੱਚ ਅਸਲ ਕੰਟਰੋਲ ਰੇਖਾ ਦੇ ਨਾਲ ਅਣਸੁਲਝੇ ਮੁੱਦਿਆਂ ਵੱਲ ਚੀਨ ਦਾ ਧਿਆਨ ਦਿਵਾਇਆ ਸੀ। ਮੋਦੀ ਨੇ ਸਰਹੱਦੀ ਖੇਤਰਾਂ ਵਿੱਚ ਅਮਨ-ਸ਼ਾਂਤੀ ਬਣਾਈ ਰੱਖਣ ਅਤੇ ਐਲਏਸੀ ਦਾ ਸਨਮਾਨ ਕਰਨ 'ਤੇ ਜ਼ੋਰ ਦਿੱਤਾ ਸੀ। ਉਨ੍ਹਾਂ ਸ਼ੀ ਨੂੰ ਕਿਹਾ ਸੀ ਕਿ ਭਾਰਤ-ਚੀਨ ਸਬੰਧਾਂ ਨੂੰ ਆਮ ਬਣਾਉਣ ਲਈ ਅਜਿਹਾ ਕਰਨਾ ਜ਼ਰੂਰੀ ਹੈ।

ਦੋਵੇਂ ਨੇਤਾ ਆਪਣੇ ਸੰਬੰਧਿਤ ਅਧਿਕਾਰੀਆਂ ਨੂੰ ਇਹ ਨਿਰਦੇਸ਼ ਦੇਣ ਲਈ ਸਹਿਮਤ ਹੋਏ ਕਿ ਉਹ (ਐੱਲ.ਏ.ਸੀ. 'ਤੇ) ਫੌਜੀਆਂ ਦੇ ਆਹਮੋ-ਸਾਹਮਣੇ ਦੀ ਸਥਿਤੀ ਅਤੇ ਤਣਾਅ ਨੂੰ ਘੱਟ ਕਰਨ ਲਈ ਆਪਣੇ ਯਤਨਾਂ ਵਿੱਚ ਤੇਜ਼ੀ ਲਿਆਉਣ। ਕਵਾਤਰਾ ਨੇ ਇਹ ਨਹੀਂ ਦੱਸਿਆ ਕਿ ਦੋਵਾਂ ਨੇਤਾਵਾਂ ਵਿਚਾਲੇ ਕਦੋਂ ਅਤੇ ਕਿਸ ਫਾਰਮੈਟ ਵਿੱਚ ਮੁਲਾਕਾਤ ਹੋਈ। ਇਸ ਕਾਰਨ ਇਹ ਅੰਦਾਜ਼ਾ ਲਗਾਇਆ ਜਾ ਰਿਹਾ ਸੀ ਕਿ 24 ਅਗਸਤ ਨੂੰ ਬ੍ਰਿਕਸ ਘੋਸ਼ਣਾ ਪੱਤਰ ਜਾਰੀ ਹੋਣ ਤੋਂ ਪਹਿਲਾਂ ਦੋਵਾਂ ਨੇਤਾਵਾਂ ਨੇ ਗੱਲਬਾਤ ਕੀਤੀ ਪਰ ਮੀਡੀਆ ਰਿਪੋਰਟਾਂ ਅਨੁਸਾਰ ਇਹ ਗੱਲਬਾਤ 23 ਅਗਸਤ ਨੂੰ ਹੋਈ ਸੀ।



ਚੀਨ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਨੇ 25 ਅਗਸਤ ਨੂੰ ਪ੍ਰੈੱਸ ਕਾਨਫਰੰਸ ਵਿੱਚ ਇਸ ਬਾਰੇ ਪੁੱਛੇ ਗਏ ਸਵਾਲ 'ਤੇ ਚੀਨ ਦਾ ਪੱਖ ਪੇਸ਼ ਕੀਤਾ। ਬੁਲਾਰੇ ਨੇ ਕਿਹਾ ਕਿ ਸ਼ੀ ਜਿਨਪਿੰਗ ਨੇ ਬ੍ਰਿਕਸ ਸੰਮੇਲਨ ਦੇ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਪੀਲ 'ਤੇ ਚਰਚਾ ਕੀਤੀ ਗਈ ਸੀ। ਰਾਸ਼ਟਰਪਤੀ ਸ਼ੀ ਨੇ ਕਿਹਾ ਸੀ ਕਿ ਭਾਰਤ-ਚੀਨ ਸਬੰਧਾਂ ਨੂੰ ਸੁਧਾਰਨਾਂ ਦੋਵਾਂ ਦੇਸਾਂ ਦੇ ਸਾਂਝੇ ਹਿੱਤ ਵਿੱਚ ਹੈ। ਇਸ ਦੇ ਨਾਲ ਹੀ ਇਸ ਖੇਤਰ ਅਤੇ ਵਿਸ਼ਵ ਵਿੱਚ ਸ਼ਾਂਤੀ, ਸਥਿਰਤਾ ਅਤੇ ਵਿਕਾਸ ਲਈ ਅਨੁਕੂਲ ਮਾਹੌਲ ਸਿਰਜਿਆ ਜਾਵੇਗਾ। ਸ਼ੀ ਨੇ ਕਿਹਾ ਸੀ ਕਿ ਦੋਵਾਂ ਧਿਰਾਂ ਨੂੰ ਦੁਵੱਲੇ ਸਬੰਧਾਂ ਤੇ ਸਰਹੱਦੀ ਵਿਵਾਦ ਦੇ ਹੱਲ ਦੀ ਮਹੱਤਤਾ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ ਤਾਂ ਕਿ ਉਹ ਮਿਲਕੇ ਸ਼ਾਂਤੀ ਕਾਇਮ ਰਖ ਸਕਣ।

ਚੀਨ ਦੇ ਸਪੱਸ਼ਟ ਦਾਅਵੇ ਅਨੁਸਾਰ ਇਹ ਮੀਟਿੰਗ ਭਾਰਤ ਦੀ ਬੇਨਤੀ 'ਤੇ ਹੋਈ ਸੀ। ਵਰਣਨਯੋਗ ਹੈ ਕਿ ਚੀਨ ਦੇ ਸਰਕਾਰੀ ਬੁਲਾਰੇ ਨੇ ਜਿੱਥੇ ਚੀਨੀ ਪੱਖ 'ਤੇ ਰਸਮੀ ਪ੍ਰੈੱਸ ਕਾਨਫਰੰਸ ਵਿੱਚ ਇਹ ਦਾਅਵਾ ਕੀਤਾ ਹੈ, ਉਥੇ ਹੀ ਇਕ ਅਣਪਛਾਤੇ ਸੂਤਰ ਨੇ ਭਾਰਤੀ ਪੱਖ 'ਤੇ ਸਪੱਸ਼ਟੀਕਰਨ ਦਿੱਤਾ ਹੈ ਕਿ ਚੀਨ ਦੀ ਅਪੀਲ ਉਪਰ ਇਹ ਮੀਟਿੰਗ ਹੋਈ। ਭਾਰਤੀ ਬੁਲਾਰੇ ਅਨੁਸਾਰ- ਦੁਵੱਲੀ ਗੱਲਬਾਤ ਲਈ ਚੀਨ ਦੀ ਬੇਨਤੀ ਪੈਂਡਿੰਗ ਸੀ। ਦੋਵਾਂ ਨੇਤਾਵਾਂ ਨੇ ਬ੍ਰਿਕਸ ਸੰਮੇਲਨ ਤੋਂ ਇਲਾਵਾ ਲਾਊਂਜ ਵਿੱਚ ਗੈਰ ਰਸਮੀ ਗੱਲਬਾਤ ਕੀਤੀ।

ਇਸ ਸਬੰਧ ਵਿਚ ਸਪੱਸ਼ਟਤਾ ਜ਼ਰੂਰੀ ਹੈ, ਕਿਉਂਕਿ ਦੋਵਾਂ ਦੇਸ਼ਾਂ ਵਿਚਾਲੇ ਗੱਲਬਾਤ ਨੂੰ ਲੈ ਕੇ ਇੱਕ ਤਰ੍ਹਾਂ ਦਾ ਭੰਬਲਭੂਸਾ ਬਣਿਆ ਹੋਇਆ ਹੈ। ਪਿਛਲੇ ਸਾਲ ਨਵੰਬਰ ਵਿੱਚ ਇੰਡੋਨੇਸ਼ੀਆ ਦੇ ਬਾਲੀ ਵਿੱਚ ਜੀ-20 ਸੰਮੇਲਨ ਦੌਰਾਨ ਮੋਦੀ ਅਤੇ ਸ਼ੀ ਜਿਨਪਿੰਗ ਦੀ ਗੱਲਬਾਤ ਲਗਭਗ ਅੱਠ ਮਹੀਨਿਆਂ ਬਾਅਦ ਭਾਰਤ ਦੇ ਲੋਕਾਂ ਨੂੰ ਪਤਾ ਲੱਗੀ ਸੀ- ਉਹ ਵੀ ਉਦੋਂ ਜਦੋਂ ਚੀਨੀ ਵਿਦੇਸ਼ ਮੰਤਰਾਲੇ ਨੇ ਇੱਕ ਬਿਆਨ ਵਿੱਚ ਇਸ ਗੱਲਬਾਤ ਦਾ ਜ਼ਿਕਰ ਕੀਤਾ ਸੀ। ਉਸ ਬਿਆਨ ਦੇ ਜਨਤਕ ਹੋਣ ਤੋਂ ਦੋ ਦਿਨ ਬਾਅਦ, ਭਾਰਤੀ ਵਿਦੇਸ਼ ਮੰਤਰਾਲੇ ਨੇ ਬਾਲੀ ਵਿੱਚ ਮੀਟਿੰਗ ਦੀ ਪੁਸ਼ਟੀ ਕੀਤੀ ਸੀ।

ਜੇਕਰ ਪ੍ਰਧਾਨ ਮੰਤਰੀ ਮੋਦੀ ਚੀਨ ਦੇ ਰਾਸ਼ਟਰਪਤੀ ਨੂੰ ਮਿਲੇ ਹਨ ਅਤੇ ਉਨ੍ਹਾਂ ਦੀ ਗੱਲਬਾਤ ਵਿੱਚ ਮਤਭੇਦ ਬਣੇ ਰਹੇ ਹਨ ਤਾਂ ਇਸ ਵਿੱਚ ਕੋਈ ਅਸਾਧਾਰਨ ਗੱਲ ਨਹੀਂ। ਕੂਟਨੀਤੀ ਵਿੱਚ ਕਿਹਾ ਜਾਂਦਾ ਹੈ ਕਿ ਜਦੋਂ ਰਿਸ਼ਤੇ ਚੰਗੇ ਨਹੀਂ ਹੁੰਦੇ ਤਾਂ ਗੱਲਬਾਤ ਦੀ ਲੋੜ ਜ਼ਿਆਦਾ ਹੁੰਦੀ ਹੈ। ਇਹ ਵੀ ਜ਼ਰੂਰੀ ਨਹੀਂ ਕਿ ਹਰ ਗੱਲਬਾਤ ਵਿੱਚ ਤਰੱਕੀ ਹੋਵੇ। ਅਸਲ ਵਿੱਚ ਖਰਾਬ ਰਿਸ਼ਤਿਆਂ ਦੇ ਸਮੇਂ ਵਿੱਚ ਗੱਲਬਾਤ ਦਾ ਜਾਰੀ ਰਹਿਣਾ ਆਪਣੇ ਆਪ ਵਿੱਚ ਤਰੱਕੀ ਮੰਨੀ ਜਾਂਦੀ ਹੈ। ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਭਾਰਤ ਅਤੇ ਚੀਨ ਦੇ ਸਬੰਧ ਇਸ ਸਮੇਂ ਚੰਗੇ ਨਹੀਂ ਹਨ। ਇਸ ਲਈ ਪ੍ਰਧਾਨ ਮੰਤਰੀ ਦੀ ਚੀਨ ਦੇ ਰਾਸ਼ਟਰਪਤੀ ਨਾਲ ਮੁਲਾਕਾਤ ਨੂੰ ਸਹੀ ਦਿਸ਼ਾ ਵਿੱਚ ਇਕ ਯਤਨ ਹੈ, ਪਰ ਸਮੱਸਿਆ ਅਜਿਹੇ ਦੌਰਿਆਂ 'ਤੇ ਪਰਦਾ ਪਾਉਣ ਨਾਲ ਆਉਂਦੀ ਹੈ। ਇਹ ਦੋਸ਼ਾਂ ਨੂੰ ਜਨਮ ਦਿੰਦਾ ਹੈ ਕਿ ਮੌਜੂਦਾ ਮੋਦੀ ਸਰਕਾਰ ਦੀ ਵਿਦੇਸ਼ ਨੀਤੀ ਵਿੱਚ ਪਹਿਲ ਦੇਸ਼ ਦੇ ਹਿੱਤਾਂ ਦੀ ਰਾਖੀ ਕਰਨਾ ਨਹੀਂ ਹੈ, ਸਗੋਂ ਪ੍ਰਧਾਨ ਮੰਤਰੀ ਦੇ ਜੁਝਾਰੂ ਅਕਸ ਨੂੰ ਬਰਕਰਾਰ ਰੱਖਣਾ ਹੈ।ਵਿਰੋਧੀ ਧਿਰ ਅਤੇ ਕਈ ਰੱਖਿਆ ਮਾਹਿਰਾਂ ਦਾ ਵਿਚਾਰ ਹੈ ਕਿ ਇਸ ਅਕਸ ਨੂੰ ਬਚਾਉਣ ਲਈ ਭਾਰਤ ਸਰਕਾਰ ਨੇ ਅੱਜ ਤੱਕ 2020 ਵਿੱਚ ਐਲਏਸੀ ਉੱਤੇ ਭਾਰਤੀ ਖੇਤਰ ਵਿੱਚ ਚੀਨੀ ਫ਼ੌਜ ਦੀ ਘੁਸਪੈਠ ਨੂੰ ਸਵੀਕਾਰ ਨਹੀਂ ਕੀਤਾ ਹੈ। 19 ਜੂਨ, 2020 ਨੂੰ, 15 ਜੂਨ, 2020 ਨੂੰ ਗਲਵਾਨ ਘਾਟੀ ਵਿੱਚ ਹੋਈ ਮੰਦਭਾਗੀ ਝੜਪ (ਜਿਸ ਵਿੱਚ 20 ਭਾਰਤੀ ਸੈਨਿਕਾਂ ਦੀ ਜਾਨ ਚਲੀ ਗਈ) ਤੋਂ ਬਾਅਦ, ਪ੍ਰਧਾਨ ਮੰਤਰੀ ਨੇ ਇੱਕ ਸਰਬ ਪਾਰਟੀ ਮੀਟਿੰਗ ਵਿੱਚ ਕਿਹਾ ਸੀ ਕਿ ਸਾਡੇ ਭਾਰਤੀ

# ਪਾਕਿ 'ਚ ਨਾ ਮਹਾਰਾਜਾ ਰਣਜੀਤ ਸਿੰਘ ਦਾ ਬੁੱਤ ਸੁਰੱਖਿਅਤ, ਨਾ ਹੀ ਜੱਦੀ ਹਵੇਲੀ

## ਤਹਿਰੀਕ-ਏ-ਲੈਬਬੈਕ ਦੇ ਡਰ ਤੋਂ ਅਜੇ ਤੱਕ ਕਿਲ੍ਹੇ ਵਿੱਚ ਮੁੜ ਤੋਂ ਸਥਾਪਤ ਨਹੀਂ ਕਰ ਸਕੀ ਪਾਕਿਸਤਾਨ ਸਰਕਾਰ

ਪਾਕਿਸਤਾਨ ਦੇ ਲਾਹੌਰ ਸ਼ਾਹੀ ਕਿਲ੍ਹੇ ਵਿਚਲੀ ਸਿੱਖ ਗੈਲਰੀ ਦੇ ਬਾਹਰੋਂ ਉਤਾਰਿਆ ਗਿਆ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦਾ ਆਦਮ-ਕੱਦ ਬੁੱਤ ਸੁਰੱਖਿਅਤ ਨਹੀਂ ਹੈ ਅਤੇ ਨਾ ਹੀ ਜ਼ਿਲ੍ਹਾ ਗੁੱਜਰਾਂਵਾਲਾ ਵਿੱਚ ਮੌਜੂਦ ਉਨ੍ਹਾਂ ਦੀ ਜੱਦੀ ਹਵੇਲੀ ਹੀ ਮਹਿਫ਼ੂਜ਼ ਹੈ । ਉਕਤ ਬੁੱਤ ਨੂੰ ਧਾਰਮਿਕ ਕੱਟੜਪੰਥੀਆਂ ਵਲੋਂ ਲਗਾਤਾਰ ਤੀਜੀ ਵਾਰ ਕੀਤੀ ਗਈ ਭੰਨਤੋੜ ਤੋਂ ਬਾਅਦ ਕੱਟੜਪੰਥੀ ਸੰਗਠਨ ਪਾਕਿਸਤਾਨ ਤਹਿਰੀਕ-ਏ-ਲੈਬਬੈਕ (ਪੀ. ਟੀ. ਐਲ.) ਦੇ ਡਰ ਤੋਂ ਅਜੇ ਤਕ ਕਿਲ੍ਹੇ ਵਿਚ ਮੁੜ ਤੋਂ ਸਥਾਪਤ ਨਹੀਂ ਕੀਤਾ ਜਾ ਸਕਿਆ ਹੈ। ਹਾਲਾਂਕਿ ਉਕਤ ਬੁੱਤ ਦੀ ਮੁਰੰਮਤ ਦਾ ਕੰਮ ਲਗਪਗ ਢਾਈ ਸਾਲ ਪਹਿਲਾਂ ਮੁਕੰਮਲ ਕੀਤਾ ਜਾ ਚੁੱਕਿਆ ਹੈ। ਇਸ ਦੇ ਇਲਾਵਾ ਜ਼ਿਲ੍ਹਾ ਗੁੱਜਰਾਂਵਾਲਾ ਵਿਚਲੀ ਮੱਛੀ ਮੰਡੀ ਵਿੱਚ ਸਥਿਤ ਸ਼ੇਰ-ਏ-ਪੰਜਾਬ ਦੀ ਜੱਦੀ ਹਵੇਲੀ ਦੇ ਵੱਡੇ ਹਿੱਸੇ ਦੇ ਢਹਿ ਜਾਣ ਦੇ ਇਕ ਸਾਲ ਬਾਅਦ ਵੀ ਸੰਬੰਧਿਤ ਵਿਭਾਗ ਨੇ ਅਜੇ ਤਕ ਉਕਤ ਸਮਾਰਕ ਦੀ ਨਵਉਸਾਰੀ ਸ਼ੁਰੂ ਨਹੀਂ ਕੀਤੀ ਹੈ। ਗੁੱਜਰਾਂਵਾਲਾ ਦੇ ਕਸਬਾ ਰਸੂਲ ਨਗਰ ਵਿੱਚ ਮੌਜੂਦ ਮਹਾਰਾਜਾ ਰਣਜੀਤ ਸਿੰਘ ਦਾ ਸਮਰ ਪੈਲੇਸ (ਗਰਮੀਆਂ ਦਾ ਮਹਿਲ) ਖੰਡਰ ਦਾ ਰੂਪ ਲੈ ਚੁੱਕਿਆ ਹੈ। ਪਿੰਡ ਦੇ ਲੋਕਾਂ ਵੱਲੋਂ ਪਿਛਲੇ ਲੰਬੇ ਸਮੇਂ ਤੋਂ ਇਸ ਵਿਰਾਸਤੀ ਧਰੋਹਰ 'ਚ ਪਸ਼ੂ ਬੰਨ੍ਹੇ ਜਾ ਰਹੇ ਹਨ ਅਤੇ ਕੰਧਾਂ 'ਤੇ ਪਾਥੀਆਂ ਥੱਪੀਆਂ ਜਾ ਰਹੀਆਂ ਹਨ ।



**ਪੈਨੋਰਮਾ ਸਰਕਾਰੀ ਅਣਗਹਿਲੀ ਦਾ ਸ਼ਿਕਾਰ** : ਮਹਾਰਾਜਾ ਰਣਜੀਤ ਸਿੰਘ ਦੇ ਇਤਿਹਾਸਕ ਸਥਾਨਕ ਰਾਮ ਬਾਗ਼ (ਕੰਪਨੀ ਬਾਗ਼) ਵਿਖੇ ਉਨ੍ਹਾਂ ਦੀ ਯਾਦ ਵਿੱਚ ਕਰੀਬ ਸਾਢੇ ਚਾਰ ਏਕੜ 'ਚ ਬਣਾਇਆ ਗਿਆ ਪੈਨੋਰਮਾ ਸਰਕਾਰ ਦੀ ਬੇਰੁਖ਼ੀ ਦਾ ਸ਼ਿਕਾਰ ਹੋਣ ਕਰਕੇ ਆਪਣੀ ਪਹਿਚਾਣ ਨਹੀਂ ਬਣਾ ਸਕਿਆ । ਮੁੱਖ ਮੰਤਰੀ ਦੇ ਪ੍ਰਚਾਰ ਲਈ ਚੱਪੇ-ਚੱਪੇ ਤੋਂ ਹੋਰਡਿੰਗ ਲਗਾਏ ਹਨ ਪਰ ਇਸ ਪੈਨੋਰਮਾ ਦੀ ਪਹਿਚਾਣ ਰਾਮ ਬਾਗ਼ ਦੀ ਚਾਰਦੀਵਾਰੀ ਤੱਕ ਹੀ ਸੀਮਤ ਹੋ ਕੇ ਰਹਿ ਗਈ ਹੈ । ਦੇਸ਼ ਦੇ ਇਸ ਦੂਸਰੇ ਅਤੇ ਪੰਜਾਬ ਦਾ ਪਹਿਲੇ ਪੈਨੋਰਮਾ ਦਾ ਨੀਂਹ ਮਹਾਰਾਜਾ ਰਣਜੀਤ ਸਿੰਘ ਦੀ ਤਾਜਪੋਸ਼ੀ ਦੀ 200 ਸਾਲਾ ਵਰ੍ਹੇਗੰਢ ਦੇ ਮੌਕੇ ਦੇਸ਼ ਦੇ ਤਤਕਾਲੀ ਪ੍ਰਧਾਨ ਮੰਤਰੀ ਸ੍ਰੀ ਅਟੱਲ ਬਿਹਾਰੀ ਵਾਜਪਾਈ ਵੱਲੋਂ 18 ਨਵੰਬਰ 2001 ਨੂੰ ਪੰਜਾਬ ਦੇ ਮੁੱਖ ਮੰਤਰੀ ਸ: ਪ੍ਰਕਾਸ਼ ਸਿੰਘ ਬਾਦਲ (ਬਾਕੀ ਸ.ਫ਼ਾ 30 'ਤੇ)

# ਹੜ੍ਹਾਂ ਦੌਰਾਨ ਪੰਜਾਬ ਦੀ ਤਬਾਹੀ, ਕੇਂਦਰ ਤੇ ਪੰਜਾਬ ਸਰਕਾਰ ਨੇ ਦਿਲਾਸੇ ਤੋਂ ਬਿਨ੍ਹਾਂ ਕੁਝ ਨਹੀਂ ਦਿੱਤਾ

## ਮੁਸੀਬਤ ਦੀ ਘੜੀ ਵਿੱਚ ਸਿਆਸੀ ਨੇਤਾ ਫੋਟੋ ਸੈਸ਼ਨ ਕਰਵਾਉਣ ਨੂੰ ਮਦਦ ਸਮਝਦੇ ਰਹੇ

ਪੰਜਾਬ ਵਿੱਚ ਹੜ੍ਹਾਂ ਦੀ ਤੀਸਰੀ ਲਹਿਰ ਆਉਣ ਦੇ ਵੀ ਅਸਾਰ ਡਰਾ ਰਹੇ ਹਨ। ਹੁਣ ਤੱਕ ਵੀ ਪੰਜਾਬ ਵਿੱਚ ਲੱਖਾਂ ਏਕੜ ਫ਼ਸਲ ਤਬਾਹ ਹੋ ਚੁੱਕੀ ਹੈ। ਕਈ ਥਾਵਾਂ 'ਤੇ ਤਾਂ ਝੋਨੇ ਦੀ ਦੁਬਾਰਾ ਲਾਈ ਪਨੀਰੀ ਫਿਰ ਡੁੱਬ ਗਈ ਹੈ। ਸੜਕਾਂ ਟੁੱਟ ਗਈਆਂ ਹਨ, ਮਸ਼ੀਨਰੀ ਵੀ ਰੁੜ੍ਹੀ ਹੈ। ਮਕਾਨ ਡਿਗੇ ਹਨ, ਪਸ਼ੂ ਮਰੇ ਹਨ, ਮਨੁੱਖੀ ਜਾਨਾਂ ਵੀ ਗਈਆਂ ਹਨ। ਲੋਕਾਂ ਨੇ ਤਾਂ ਲੋਕਾਂ ਦੀ ਮਦਦ ਕੀਤੀ ਹੈ, ਲੰਗਰ ਪਹੁੰਚਾਏ ਹਨ, ਪਨੀਰੀ ਮੁਫ਼ਤ ਦਿੱਤੀ ਹੈ, ਜਾਨਾਂ ਬਚਾਈਆਂ ਹਨ, ਪਾੜ ਪੂਰੇ ਹਨ। ਸ਼੍ਰੋਮਣੀ ਕਮੇਟੀ , ਖਾਲਸਾ ਏਡ ਤੇ ਹੋਰ ਸਿੱਖ ਸੰਸਥਾਵਾਂ ਨੇ ਵੀ ਕਈ ਥਾਂ ਲੰਗਰ ਭੇਜੇ ਹਨ ਪਰ ਸਰਕਾਰਾਂ ਨੇ ਅਜੇ ਤੱਕ ਦਿਲਾਸੇ ਤੋਂ ਸਿਵਾਇ ਕੁਝ ਨਹੀਂ ਦਿੱਤਾ। ਨਾ ਕੇਂਦਰ ਸਰਕਾਰ ਨੇ ਹੀ ਚੰਗੀ ਤਰ੍ਹਾਂ ਪੰਜਾਬ ਦੀ ਬਾਂਹ ਫੜੀ ਹੈ ਤੇ ਨਾ ਹੀ ਪੰਜਾਬ ਸਰਕਾਰ ਜਿੰਨੀ ਮਦਦ ਚਾਹੀਦੀ ਸੀ ਕਰ ਸਕੀ ਹੈ। ਇਸ ਮੁਸੀਬਤ ਦੀ ਘੜੀ ਵਿਚ ਜ਼ਿਆਦਾਤਰ ਥਾਵਾਂ 'ਤੇ ਸਿਆਸੀ ਨੇਤਾ ਫੋਟੋ ਸੈਸ਼ਨ ਕਰਵਾਉਣ ਨੂੰ ਮਦਦ ਸਮਝਦੇ ਰਹੇ। ਹਰਜਾਨੇ ਤੇ ਵਿਸ਼ੇਸ਼ ਗਿਰਦਾਵਰੀ ਦੇ ਮਾਮਲੇ ਵਿਚ ਵੀ ਅਜੇ ਤੱਕ ਪੀੜਤਾਂ ਨੂੰ ਕੁਝ ਨਹੀਂ ਮਿਲਿਆ।



ਤਾਜ਼ਾ ਆਏ ਹੜ੍ਹਾਂ ਵਿਚ ਸਤਲੁਜ, ਰਾਵੀ ਤੇ ਬਿਆਸ ਦਰਿਆਵਾਂ ਨੇ ਮੁੱਖ ਨੁਕਸਾਨ ਸਿਰਫ਼ ਪੰਜਾਬ ਦਾ ਹੀ ਕੀਤਾ ਹੈ। ਹਿਮਾਚਲ ਦਾ ਜ਼ਿਆਦਾ ਨੁਕਸਾਨ ਬਰਸਾਤ, ਫਟਦੇ ਬੱਦਲ ਅਤੇ ਗਰਕਦੇ ਪਹਾੜਾਂ ਕਰਕੇ ਹੋਇਆ ਹੈ। ਹਰਿਆਣਾ ਵਿਚ ਹੜ੍ਹਾਂ ਦੀ ਮਾਰ ਯਮਨਾ ਅਤੇ ਘੱਗਰ ਦਰਿਆਵਾਂ ਕਰਕੇ ਹੋਈ ਹੈ। ਰਾਜਸਥਾਨ ਤੇ ਦਿੱਲੀ ਵਿੱਚ ਤਾਂ ਪੰਜਾਬ ਦੇ ਇਨ੍ਹਾਂ ਤਿੰਨਾਂ ਦਰਿਆਵਾਂ ਕਰਕੇ ਕੋਈ ਖਾਸ ਨੁਕਸਾਨ ਨਹੀਂ ਹੋਇਆ। ਅੰਤਰਰਾਸ਼ਟਰੀ ਪੱਧਰ 'ਤੇ ਪ੍ਰਵਾਨਿਤ ਦਰਿਆਈ ਪਾਣੀਆਂ ਬਾਰੇ ਰਾਇਪੇਰੀਅਨ ਲਾਅ (ਕਾਨੂੰਨ) ਅਨੁਸਾਰ ਦਰਿਆਈ ਪਾਣੀਆਂ ਦਾ ਮਾਲਕ ਉਹ ਰਾਜ ਹੀ ਹੁੰਦਾ ਹੈ, ਜਿਸ ਰਾਜ ਵਿੱਚ ਉਨ੍ਹਾਂ ਦਰਿਆਵਾਂ ਦਾ ਪਾਣੀ ਹੜ੍ਹ ਵਿੱਚ ਨੁਕਸਾਨ ਕਰਦਾ ਹੈ। ਇਨ੍ਹਾਂ ਤਿੰਨਾਂ ਦਰਿਆਵਾਂ ਵਿੱਚ ਆਏ ਹੜ੍ਹਾਂ ਦੀ ਮਾਰ ਜੋ ਪੰਜਾਬ ਨੂੰ ਹੀ ਸਹਿਣੀ ਪੈਂਦੀ ਹੈ ਤਾਂ ਇਨ੍ਹਾਂ ਦੇ ਪਾਣੀਆਂ ਦੀ ਮਾਲਕੀ ਵੀ ਪੰਜਾਬ ਦੀ ਹੀ ਹੈ। ਕਾਨੂੰਨੀ ਤੇ ਇਖ਼ਲਾਕੀ ਦੋਵੇਂ ਤਰ੍ਹਾਂ ਹੀ ਇਨ੍ਹਾਂ ਪਾਣੀਆਂ 'ਤੇ ਰਾਜਸਥਾਨ, ਹਰਿਆਣਾ ਅਤੇ ਦਿੱਲੀ ਦਾ ਕੋਈ ਹੱਕ ਨਹੀਂ ਹੈ। ਭਾਰਤ ਦੇ ਸੰਵਿਧਾਨ ਦੇ 7ਵੇਂ ਸ਼ਡਿਊਲ ਦੀ ਧਾਰਾ 17 ਇਹ ਸਾਫ਼ ਕਰਦੀ ਹੈ ਕਿ ਪਾਣੀ ਰਾਜਾਂ ਦਾ ਵਿਸ਼ਾ ਹੈ। ਸਾਡੇ ਦਰਿਆ ਅੰਤਰਰਾਜੀ ਦਰਿਆ ਨਹੀਂ ਹਨ ਕਿ ਕੇਂਦਰ ਨੂੰ ਕੋਈ ਹੱਕ ਜਾਂ ਬਹਾਨਾ ਮਿਲਦਾ ਹੋਵੇ। ਇਹ ਦਰਿਆ ਪਹਾੜਾਂ ਤੋਂ ਉਤਰਦੇ ਹਨ, ਪੰਜਾਬ ਤੋਂ ਹੁੰਦੇ ਹੋਏ ਪਾਕਿਸਤਾਨ ਜਾ ਵੜਦੇ ਹਨ। ਦਰਿਆ ਬਿਆਸ ਹਿਮਾਚਲ ਤੋਂ ਚਲਦਾ ਹੈ ਤੇ ਪੰਜਾਬ ਵਿੱਚ 292 ਮੀਲ ਚੱਲ ਕੇ ਦਰਿਆ ਸਤਲੁਜ ਵਿੱਚ ਮਿਲ ਜਾਂਦਾ ਹੈ। ਦਰਿਆ ਸਤਲੁਜ ਮਾਨ ਸਰੋਵਰ ਗਲੇਸ਼ੀਅਰ ਨੇੜੇ ਤਿੱਬਤ ਵਿਚਲੀ ਰਾਕਾ ਜਾਂ ਰਾਕਸ਼ਸਤਲ ਝੀਲ ਵਿਚੋਂ ਨਿਕਲਦਾ ਹੈ। ਰਾਵੀ ਦਰਿਆ ਰੋਹਤਾਂਗ ਦਰ੍ਹੇ ਤੋਂ ਨਿਕਲਦਾ ਹੈ। ਇਸ ਦਾ ਪੁਰਾਣਾ ਨਾ ਇਰਾਵਤੀ ਨਦੀ ਸੀ। ਸਤਲੁਜ ਤੇ ਰਾਵੀ ਪਾਕਿਸਤਾਨ ਵਿੱਚ ਜਾ ਕੇ ਦਰਿਆ ਚਨਾਬ ਵਿੱਚ ਅਤੇ ਫਿਰ ਦਰਿਆ ਸਿੰਧ ਵਿੱਚ ਜਾ ਮਿਲਦੇ ਹਨ ਅਤੇ ਅਖੀਰ ਸਮੁੰਦਰ ਵਿੱਚ ਸਮਾ ਜਾਂਦੇ ਹਨ। (ਬਾਕੀ ਸਫ਼ਾ 30 'ਤੇ)

ਐਨਓਆਰਸੀ ਸਰਵੇਖਣ ਵਿੱਚ ਹੋਇਆ ਖ਼ੁਲਾਸਾ

# ਅਮਰੀਕੀ ਲੋਕਾਂ ਨੇ ਰਾਸ਼ਟਰਪਤੀ ਅਹੁਦੇ ਲਈ ਬਾਇਡਨ ਤੇ ਟਰੰਪ ਨੂੰ ਕੀਤਾ ਰੱਦ

## ਸਾਰੀਆਂ ਸਿਆਸੀ ਪਾਰਟੀਆਂ ਦੇ ਜ਼ਿਆਦਾ ਸਮਰਥਕ ਨੌਜਵਾਨ ਉਮੀਦਵਾਰ ਦੇ ਹੱਕ ਵਿਚ

ਵਸ਼ਿੰਗਟਨ/ਏ.ਟੀ.ਨਿਊਜ਼: ਅਮਰੀਕਾ ਵਿੱਚ ਹੋਣ ਵਾਲੀਆਂ ਚੋਣਾਂ ਵਿੱਚ ਰਾਸ਼ਟਰਪਤੀ ਅਹੁਦੇ ਲਈ ਡੈਮੋਕ੍ਰੇਟਿਕ ਅਤੇ ਰਿਪਬਲਿਕਨ ਪਾਰਟੀ ਦੇ ਦਾਅਵੇਦਾਰ ਜੋਅ ਬਾਇਡਨ ਅਤੇ ਡੋਨਾਲਡ ਟਰੰਪ ਨੂੰ ਲੈ ਕੇ ਐਨਓਆਰਸੀ ਸਰਵੇਖਣ ਰਿਪੋਰਟ ਸਾਹਮਣੇ ਆਈ ਹੈ। ਇਸ ਮੁਤਾਬਕ ਅਮਰੀਕੀਆਂ ਨੂੰ ਲੱਗਦਾ ਹੈ ਕਿ ਬਾਇਡਨ ਦੂਜੇ ਕਾਰਜਕਾਲ ਲਈ ਬਹੁਤ ਬੁੱਢੇ ਹੋ ਗਏ ਹਨ, ਜਦੋਂ ਕਿ ਟਰੰਪ, ਜੋ ਕਿ ਉਨ੍ਹਾਂ ਤੋਂ ਕੁਝ ਸਾਲ ਛੋਟੇ ਹਨ, ਹੋਰ ਸਮੱਸਿਆਵਾਂ ਨਾਲ ਘਿਰੇ ਹੋਏ ਹਨ। ਅਜਿਹੇ ਵਿੱਚ ਨੌਜਵਾਨਾਂ ਨੂੰ ਮੌਕਾ ਮਿਲਣਾ ਚਾਹੀਦਾ ਹੈ।

ਕਈ ਅਪਰਾਧਿਕ ਸਜ਼ਾਵਾਂ ਦੇ ਬਾਵਜੂਦ, ਟਰੰਪ ਰਿਪਬਲਿਕਨ ਪਾਰਟੀ ਵਿੱਚ ਰਾਸ਼ਟਰਪਤੀ ਅਹੁਦੇ ਦੀ ਨਾਮਜ਼ਦਗੀ ਦੀ ਦੌੜ ਵਿੱਚ ਦੂਜੇ ਉਮੀਦਵਾਰਾਂ ਨਾਲੋਂ ਕਾਫੀ ਅੱਗੇ ਹਨ। ਏਪੀ-ਐਨਓਆਰਸੀ ਸੈਂਟਰ ਫਾਰ ਪਬਲਿਕ ਅਫੇਅਰਜ਼ ਰਿਸਰਚ ਪੋਲ ਦੇ ਅਨੁਸਾਰ, ਜ਼ਿਆਦਾਤਰ ਲੋਕ ਬਾਇਡਨ ਦੀ ਉੱਨਤ ਉਮਰ ’ਤੇ ਧਿਆਨ ਕੇਂਦਰਤ ਕਰ ਰਹੇ ਹਨ, ਜਿਸ ਨੂੰ ਉਹ ਬਦਲ ਨਹੀਂ ਸਕਦਾ। ਇਸ ਕਾਰਨ ਕਰਕੇ, ਬਾਇਡਨ ਨੇ ਲੋਕਾਂ ਨੂੰ ਭਰੋਸਾ ਦਿਵਾਉਣ ਲਈ ਦੁਨੀਆ ਭਰ ਦੇ 80 ਤੋਂ ਵੱਧ ਦੇਸ਼ਾਂ ਦਾ ਦੌਰਾ ਕੀਤਾ ਹੈ ਕਿ ਉਮਰ ਵਧਣ ਕਾਰਨ ਕਾਰਜਸ਼ੀਲਤਾ ’ਤੇ ਕੋਈ ਪ੍ਰਭਾਵ ਨਹੀਂ ਪੈਂਦਾ। ਸਰਵੇਖਣ ਵਿੱਚ ਸ਼ਾਮਲ 77% ਲੋਕਾਂ ਨੇ ਕਿਹਾ ਕਿ ਉਮਰ ਦੇ ਕਾਰਨ,



ਬਾਇਡਨ ਅਗਲੇ ਚਾਰ ਸਾਲਾਂ ਦੇ ਕਾਰਜਕਾਲ ਲਈ ਉਨੇ ਪ੍ਰਭਾਵਸ਼ਾਲੀ ਨਹੀਂ ਹੋਣਗੇ। ਲੋਕ ਚਾਹੁੰਦੇ ਹਨ ਕਿ ਬਾਇਡਨ ਅਤੇ ਟਰੰਪ ਦੋਵੇਂ ਰਾਸ਼ਟਰਪਤੀ ਅਹੁਦੇ ਦੀ ਦੌੜ ਤੋਂ ਹਟਣ ਅਤੇ ਨੌਜਵਾਨਾਂ ਨੂੰ ਮੌਕਾ ਦੇਣ।

ਇਸ ਸਰਵੇਖਣ ਤੋਂ ਜੋ ਗੱਲ ਸਪੱਸ਼ਟ ਤੌਰ ’ਤੇ ਸਾਹਮਣੇ ਆਈ ਹੈ, ਉਹ ਇਹ ਹੈ ਕਿ ਅਮਰੀਕੀ ਨਾਗਰਿਕ ਉੱਚ ਅਹੁਦਿਆਂ ਲਈ ਵੱਡੀ ਉਮਰ ਦੇ ਲੋਕਾਂ ਦੀ ਬਜਾਏ ਨੌਜਵਾਨਾਂ ਨੂੰ ਤਰਜੀਹ ਦਿੰਦੇ ਹਨ। ਖਾਸ ਤੌਰ ’ਤੇ, 67% ਨੇ ਸੁਪਰੀਮ ਕੋਰਟ ਦੇ ਜੱਜਾਂ ਨੂੰ ਇੱਕ ਨਿਸ਼ਚਿਤ ਉਮਰ ਵਿੱਚ ਸੇਵਾਮੁਕਤ ਹੋਣ ਦੀ ਜ਼ਰੂਰਤ ਦਾ ਸਮਰਥਨ ਕੀਤਾ ਗਿਆ। 68% ਨੇ ਪ੍ਰਤੀਨਿਧੀ ਸਭਾ ਅਤੇ ਸੈਨੇਟ ਦੇ ਮੈਂਬਰਾਂ ਲਈ ਉਮਰ ਸੀਮਾ ਨਿਰਧਾਰਤ ਕਰਨ ਦਾ ਸਮਰਥਨ ਕੀਤਾ। 66% ਨੇ ਕਿਹਾ ਕਿ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰਾਂ ਲਈ ਉਮਰ ਸੀਮਾ ਨਿਰਧਾਰਤ ਕੀਤੀ ਗਈ ਹੈ। ਸਰਵੇਖਣ ਦਰਸਾਉਂਦਾ ਹੈ ਕਿ ਸਾਰੀਆਂ ਸਿਆਸੀ ਪਾਰਟੀਆਂ ਦੇ ਜ਼ਿਆਦਾਤਰ ਸਮਰਥਕ ਨੌਜਵਾਨ ਚਿਹਰਾ ਦੇਖਣਾ ਚਾਹੁੰਦੇ ਹਨ।

ਪੋਲ ਵਿੱਚ ਸਿਰਫ 3 ਫੀਸਦੀ ਲੋਕਾਂ ਨੇ ਟਰੰਪ ਲਈ ਕੰਫਿਊਜ਼ਡ ਸ਼ਬਦ ਦੀ ਵਰਤੋਂ ਕੀਤੀ ਅਤੇ ਸਿਰਫ ਇੱਕ ਫੀਸਦੀ ਨੇ ਉਨ੍ਹਾਂ ਨੂੰ ਬੁੱਢਾ ਦੱਸਿਆ। ਜ਼ਿਆਦਾਤਰ ਲੋਕਾਂ ਨੇ ਭ੍ਰਿਸ਼ਟ (15 ਪ੍ਰਤੀਸ਼ਤ), ਬੁਰੇ ਅਤੇ ਹੋਰ ਨਕਾਰਾਤਮਕ ਸ਼ਬਦਾਂ (11 ਪ੍ਰਤੀਸ਼ਤ), ਝੂਠੇ ਅਤੇ ਬੇਈਮਾਨ (8 ਪ੍ਰਤੀਸ਼ਤ), ਚੰਗਾ ਅਤੇ ਹੋਰ ਸਕਾਰਾਤਮਕ ਸ਼ਬਦਾਂ ਦੀ ਵਰਤੋਂ ਕੀਤੀ ਗਈ। ਟਰੰਪ ਲਈ ਟਿੱਪਣੀਆਂ (8 ਪ੍ਰਤੀਸ਼ਤ) ਵਰਤੀਆਂ ਗਈਆਂ।

## ਅਮਰੀਕਾ ਵਿਚ ਕੌਂਸਲ ਚੋਣ ਲੜ ਰਹੀ ਭਾਰਤੀ ਮੂਲ ਦੀ ਔਰਤ ਦੇ ਇਸ਼ਤਿਹਾਰ ’ਤੇ ਲੱਗੀ ਤਸਵੀਰ ਉਪਰ ਕਾਲਾ ਚੇਹਰਾ ਲਾਇਆ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਮਰੀਕਾ ਦੇ ਉੱਤਰੀ ਕੈਰੋਲੀਨਾ ਰਾਜ ਵਿਚ ਨਸਲੀ ਨਫਰਤ ਤਹਿਤ ਕਿਸੇ ਸਿਰਫਿਰੇ ਵੱਲੋਂ ਕੌਂਸਲ ਚੋਣ ਲੜ ਰਹੀ ਭਾਰਤੀ ਮੂਲ ਦੀ ਇਕ ਔਰਤ ਸਾਰਿਕਾ ਬਾਂਸਲ ਦੇ ਇਕ ਇਸ਼ਤਿਹਾਰ ਉਪਰ ਲੱਗੀ ਤਸਵੀਰ ’ਤੇ ਉਨਾਂ ਦੇ ਚੇਹਰੇ ਨੂੰ ਖੁਰਚ ਕੇ ਉਸ ਦੀ ਜਗਾ ’ਤੇ ਕਿਸੇ ਕਾਲੇ ਵਿਅਕਤੀ ਦਾ ਚੇਹਰਾ ਲਾ ਦੇਣ ਦੀ ਖਬਰ ਹੈ। ਇਹ ਘਟਨਾ ਉੱਤਰੀ ਕੈਰੋਲੀਨਾ ਰਾਜ ਦੇ ਕੇਰੀ ਸ਼ਹਿਰ ਵਿਚ ਵਾਪਰੀ ਹੈ ਜਿਥੇ ਬਾਂਸਲ ਕੌਂਸਲ ਚਣਾਂ ਵਿਚ




ਉਮੀਦਵਾਰ ਹੈ। ਪ੍ਰਾਪਤ ਵੇਰਵੇ ਅਨੁਸਾਰ ਬਾਂਸਲ ਚੋਣ ਸਬੰਧੀ ਇਕ ਮੀਟਿੰਗ ਵਿਚ ਹਿੱਸਾ ਲੈ ਰਹੀ ਸੀ ਜਦੋਂ ਉਨਾਂ ਦੇ ਇਕ ਸਮਰਥਕ ਨੇ ਵਟਸਅੱਪ ਉਪਰ ਇਹ ਜਾਣਕਾਰੀ ਦਿੱਤੀ। ਉਸ ਦੇ ਚੋਣ ਇਸ਼ਤਿਹਾਰ ਨਾਲ ਇਹ ਛੇੜਛਾੜ ਡਿਸਟ੍ਰਿਕਟ ਡੀ ਪੱਛਮੀ ਕੇਰੀ ਵਿਚ ਹਾਈਕਰਾਫਟ ਪਿੰਡ ਵਿਚ ਕੀਤੀ ਗਈ ਹੈ ਜਿਥੋਂ ਉਹ ਚੋਣਾਂ ਵਿਚ ਖੜੀ ਹੈ। ਸਾਰਿਕਾ ਬਾਂਸਲ ਇਸ ਘਟਨਾ ਉਪਰੰਤ ਗਹਿਰੇ ਸਦਮੇ ਵਿਚ ਹੈ। ਉਨਾਂ ਕਿਹਾ ਕਿ ਮੈਨੂੰ ਇਸ ਘਟਨਾ ਤੋਂ ਬਹੁਤ ਦੁੱਖ ਹੋਇਆ ਹੈ। ਬਾਂਸਲ ਅਨੁਸਾਰ ਉਹ ਨਹੀਂ ਜਾਣਦੀ ਕਿ ਉਸ ਦੇ ਹੋਰ ਕਿਸੇ ਇਸ਼ਤਿਹਾਰ ਨਾਲ ਵੀ ਅਜਿਹੀ ਛੇੜਛਾੜ ਕੀਤੀ ਗਈ ਹੈ ਜਾਂ ਨਹੀਂ। ਕੇਰੀ ਕਸਬੇ ਦੀ ਤਰਫੋਂ ਮੇਅਰ ਹਰੋਲਡ ਵੀਨਬਰੈਚਡ ਨੇ ਕਿਹਾ ਹੈ ਕਿ (ਬਾਕੀ ਸਫ਼ਾ 29 ’ਤੇ)

## ਕੈਨੇਡਾ ਜੀ 20 ਸੰਮੇਲਨ ’ਚ ਹੋਵੇਗਾ ਸ਼ਾਮਲ

ਟਰਾਂਟੋ/ਏ.ਟੀ.ਨਿਊਜ਼: ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ 9 ਅਤੇ 10 ਸਤੰਬਰ ਨੂੰ ਭਾਰਤ ਵਿੱਚ ਹੋਣ ਵਾਲੀ ਜੀ-20 ਕਾਨਫਰੰਸ ਵਿੱਚ ਹਿੱਸਾ ਲੈਣਗੇ। ਇਸ ਗੱਲ ਦੀ ਪੁਸ਼ਟੀ ਜਸਟਿਨ ਟਰੂਡੋ ਨੇ ਕੀਤੀ ਹੈ। ਹਾਲਾਂਕਿ ਇਸ ਦੌਰਾਨ ਉਨ੍ਹਾਂ ਨੇ ਜੀ-20 ਸੰਮੇਲਨ ਵਿੱਚ ਯੂਕਰੇਨ ਨੂੰ ਸ਼ਾਮਲ ਨਾ ਕੀਤੇ ਜਾਣ ’ਤੇ ਨਿਰਾਸ਼ਾ ਪ੍ਰਗਟਾਈ ਹੈ। ਹਾਲ ਹੀ ਵਿੱਚ ਜਸਟਿਨ ਟਰੂਡੋ ਅਤੇ ਯੂਕਰੇਨ ਦੇ ਰਾਸ਼ਟਰਪਤੀ ਵਲਾਦੀਮਿਰ ਜ਼ੇਲੇਨਸਕੀ ਵਿਚਾਲੇ ਟੈਲੀਫੋਨ ’ਤੇ ਗੱਲਬਾਤ ਹੋਈ ਸੀ, ਜਿਸ ਦੀ ਵੀਡੀਓ ਵਲਾਦੀਮਿਰ ਜ਼ੇਲੇਨਸਕੀ ਨੇ ਆਪਣੇ ਅਧਿਕਾਰਤ ਇੰਸਟਾਗ੍ਰਾਮ ਅਕਾਊਂਟ ’ਤੇ ਪੋਸਟ ਕੀਤੀ ਸੀ। ਜ਼ੇਲੇਂਸਕੀ ਨਾਲ ਗੱਲਬਾਤ ਦੌਰਾਨ ਜਸਟਿਨ ਟਰੂਡੋ ਨੇ ਕਿਹਾ ਕਿ ਉਹ ਇਹ ਯਕੀਨੀ ਬਣਾਉਣਗੇ ਕਿ ਉਹ ਜੀ-20 ਦੇ ਮੰਚ ’ਤੇ ਯੂਕਰੇਨ ਦੀਆਂ ਸਮੱਸਿਆਵਾਂ ਬਾਰੇ ਗੱਲ ਕਰਨ। ਇਸ ਤੋਂ ਇਲਾਵਾ ਇਹ ਵੀ ਕੋਸ਼ਿਸ਼ ਕੀਤੀ ਜਾਵੇਗੀ ਕਿ ਜੀ-20 ਵਰਗੇ ਮਹੱਤਵਪੂਰਨ ਆਲਮੀ ਆਰਥਿਕ ਮੰਚ ਤੋਂ ਗੈਰ-ਹਾਜ਼ਰੀ ਦੇ ਬਾਵਜੂਦ ਦੁਨੀਆ ਯੂਕਰੇਨ ਦੇ ਨਾਲ ਖੜ੍ਹੀ ਹੋਵੇ। ਹਾਲ ਹੀ ਵਿੱਚ ਭਾਰਤ ਦੇ ਵਿਦੇਸ਼ ਮੰਤਰੀ ਸੁਬਰਾਮਨੀਅਮ ਜੈਸ਼ੰਕਰ ਨੇ ਜਾਣਕਾਰੀ ਦਿੱਤੀ ਸੀ ਕਿ ਨੌਂ ਨਿਗਰਾਨ ਦੇਸ਼ਾਂ ਦੇ ਸੱਦੇ ਦੇ ਬਾਵਜੂਦ ਯੂਕਰੇਨ ਨੂੰ ਇੱਕ ਨਿਗਰਾਨ ਰਾਸ਼ਟਰ ਵਜੋਂ ਜੀ-20 ਸੰਮੇਲਨ ਵਿੱਚ ਸੱਦਾ ਨਹੀਂ ਦਿੱਤਾ ਜਾਵੇਗਾ। (ਬਾਕੀ ਸਫ਼ਾ 29 ’ਤੇ)



# ਲੋਕਪ੍ਰਿਅਤਾ ਪੱਖੋਂ ਰਾਹੁਲ, ਪ੍ਰਧਾਨ ਮੰਤਰੀ ਮੋਦੀ ਤੋਂ ਕੋਈ ਖ਼ਾਸ ਪਿੱਛੇ ਨਹੀਂ

**ਅਭੈ ਦੂਬੇ**

ਗ਼ੈਰ-ਭਾਜਪਾ ਗੱਠਜੋੜ ਇੰਡੀਆ (ਇੰਡੀਅਨ ਨੈਸ਼ਨਲ ਡਿਵੈਲਪਮੈਂਟਲ ਇਨਕਲੂਸਿਵ ਅਲਾਇੰਸ ਜਾਂ ਆਈ.ਐਨ.ਡੀ.ਆਈ.ਏ.) ਵੱਲੋਂ ਸੰਸਦ 'ਚ ਲਿਆਂਦੇ ਗਏ ਬੇਭਰੋਸਗੀ ਮਤੇ ਬਾਰੇ ਬਹਿਸ ਚੱਲ ਰਹੀ ਹੈ। ਸਵਾਲ ਚੁੱਕਿਆ ਜਾ ਰਿਹਾ ਹੈ ਕਿ ਉਹ ਆਪਣੇ ਮਕਸਦ 'ਚ ਸਫਲ ਰਿਹਾ ਜਾਂ ਅਸਫਲ ? ਇਸ ਸਵਾਲ ਦਾ ਜਵਾਬ ਦੋ ਤਰ੍ਹਾਂ ਲੱਭਿਆ ਜਾ ਸਕਦਾ ਹੈ। ਪਹਿਲਾ, ਸਫਲਤਾ ਜਾਂ ਅਸਫਲਤਾ ਨੂੰ ਕੌਮੀ ਏਕਤਾ, ਲੋਕਤੰਤਰ ਅਤੇ ਸਿਹਤਮੰਦ ਰਾਜਨੀਤੀ ਦੀਆਂ ਕਸੌਟੀਆਂ 'ਤੇ ਪਰਖ ਕੇ ਦੇਖਿਆ ਜਾਵੇ। ਦੂਜਾ, ਇਨ੍ਹਾਂ ਨੂੰ ਚੋਣ ਰਾਜਨੀਤੀ ਦੇ ਫੌਰੀ ਫ਼ਾਇਦਿਆਂ ਅਤੇ ਨੁਕਸਾਨਾਂ ਦੇ ਆਈਨੇ ਵਿੱਚ ਪਰਖਿਆ ਜਾਵੇ। ਮੇਰੇ ਖ਼ਿਆਲ ਨਾਲ ਇਹ ਦੋਵੇਂ ਹੀ ਕਸੌਟੀਆਂ ਵਾਜਬ ਹਨ। ਦੂਰਗਾਮੀ ਰਾਜਨੀਤੀ ਦਾ ਵੀ ਮਹੱਤਵ ਹੈ ਅਤੇ ਚੋਣ ਰਾਜਨੀਤੀ ਦਾ ਵੀ। ਆਓ, ਪਹਿਲਾਂ ਖ਼ੂਬੀਆਂ 'ਤੇ ਗੌਰ ਕਰਦੇ ਹਾਂ। ਆਜ਼ਾਦੀ ਤੋਂ ਬਾਅਦ ਤੋਂ ਹੀ ਉੱਤਰ-ਪੂਰਬ ਅਤੇ ਮਨੀਪੁਰ ਰਾਸ਼ਟਰੀ ਜੀਵਨ ਦੀ ਮੁੱਖਧਾਰਾ 'ਚ ਆਉਣ ਦੀ ਬਜਾਏ ਨੁੱਕਰ ਵਿੱਚ ਪਿਆ ਹੋਇਆ ਹੈ। ਰਾਸ਼ਟਰੀ ਕਲਪਨਾਸ਼ੀਲਤਾ 'ਚ ਉਸ ਦੀ ਕੋਈ ਥਾਂ ਨਹੀਂ ਬਣ ਸਕੀ ਹੈ। ਗਣਤੰਤਰ ਦਿਵਸ ਦੀ ਪਰੇਡ 'ਚ ਇਨ੍ਹਾਂ ਸੂਬਿਆਂ ਦੀ ਝਾਕੀ ਜ਼ਰੂਰ ਦਿਖਾਈ ਦਿੰਦੀ ਹੈ, ਪਰ ਉੱਥੇ ਕੀ ਹੋ ਰਿਹਾ ਹੈ, ਉੱਥੋਂ ਦੀਆਂ ਸਮੱਸਿਆਵਾਂ ਕੀ ਹਨ, ਉੱਥੋਂ ਦੇ ਲੋਕ ਖ਼ੁਦ ਨੂੰ ਆਧੁਨਿਕ ਭਾਰਤੀ ਰਾਸ਼ਟਰਵਾਦ ਦਾ ਹਿੱਸਾ ਮੰਨਦੇ ਹਨ ਜਾਂ ਨਹੀਂ, ਜਾਂ ਉੱਤਰ ਭਾਰਤ, ਮੱਧ ਭਾਰਤ, ਦੱਖਣ ਭਾਰਤ ਅਤੇ ਪੱਛਮੀ ਭਾਰਤ ਦਾ ਮਾਨਸ ਉੱਤਰ-ਪੂਰਬ ਵਾਲਿਆਂ ਨੂੰ ਚਿੰਕੀ-ਮਿੰਕੀ ਸਮਝਣ ਦੀ ਮਾਨਸਿਕਤਾ 'ਚੋਂ ਨਿਕਲਿਆ ਹੈ ਜਾਂ ਨਹੀਂ ਇਨ੍ਹਾਂ ਸਵਾਲਾਂ ਦੇ ਜਵਾਬ ਗਾਰੰਟੀ ਦੇ ਨਾਲ ਕੋਈ ਨਹੀਂ ਦੇ ਸਕਦਾ। ਖ਼ੁਦ ਗ੍ਰਹਿ ਮੰਤਰੀ ਨੇ ਮਨੀਪੁਰ ਬਾਰੇ ਆਪਣਾ ਬਿਆਨ ਦਿੰਦਿਆਂ ਮੰਨਿਆ ਕਿ ਆਜ਼ਾਦੀ ਤੋਂ ਬਾਅਦ ਉੱਤਰ-ਪੂਰਬ 'ਚ ਵੱਡੀਆਂ-ਵੱਡੀਆਂ ਹਿੰਸਾ ਦੀਆਂ ਘਟਨਾਵਾਂ ਵਾਪਰਦੀਆਂ ਆ ਰਹੀਆਂ ਹਨ, ਪਰ ਸੰਸਦ 'ਚ ਉਨ੍ਹਾਂ ਬਾਰੇ ਇਕ ਰਾਜ ਮੰਤਰੀ ਪੱਧਰ ਦੇ ਛੋਟੇ ਜਿਹੇ ਬਿਆਨ ਤੋਂ ਇਲਾਵਾ ਕੋਈ ਹੋਰ ਚਰਚਾ ਅੱਜ ਤੱਕ ਨਹੀਂ ਹੋਈ। ਉਹ ਕਹਿਣਾ ਤਾਂ ਇਹ ਚਾਹ ਰਹੇ ਸਨ ਕਿ ਭਾਜਪਾ ਨੇ ਉੱਤਰ-ਪੂਰਬ 'ਤੇ ਪਹਿਲਾਂ ਦੀਆਂ ਸਰਕਾਰਾਂ ਦੇ ਮੁਕਾਬਲੇ ਜ਼ਿਆਦਾ ਧਿਆਨ ਦਿੱਤਾ ਹੈ, ਪਰ ਉਨ੍ਹਾਂ ਦੇ ਬਿਆਨ ਦੀ ਥੋੜ੍ਹੀ ਵੀ ਸਮੀਖਿਆ ਦੱਸ ਦਿੰਦੀ ਹੈ ਕਿ ਜੇਕਰ ਚਾਰ ਮਈ ਦੀ ਦਿਲ ਕੰਬਾਉਣ ਵਾਲੀ ਘਟਨਾ ਦਾ ਵੀਡੀਓ ਵਾਇਰਲ ਨਾ ਹੋਇਆ ਹੁੰਦਾ ਤਾਂ ਨਾ ਸੰਸਦ 'ਚ ਬਹਿਸ ਹੋ ਰਹੀ ਹੁੰਦੀ ਅਤੇ ਨਾ ਹੀ ਗ੍ਰਹਿ ਮੰਤਰੀ ਅਤੇ ਪ੍ਰਧਾਨ ਮੰਤਰੀ ਮਨੀਪੁਰ ਉੱਪਰ ਬੋਲਣ ਲਈ ਮਜਬੂਰ ਹੁੰਦੇ। ਉਹ ਪੂਰੀ ਕੋਸ਼ਿਸ਼ ਇਹੀ ਕਰਦੇ ਕਿ ਮਨੀਪੁਰ ਪੂਰੇ ਦੇਸ਼ ਤੋਂ ਉਸੇ ਤਰ੍ਹਾਂ ਛੁਪਿਆ ਰਹੇ, ਜਿਸ ਤਰ੍ਹਾਂ ਪਹਿਲਾਂ ਦੀਆਂ ਸਰਕਾਰਾਂ ਸਮੇਂ ਛੁਪਿਆ ਰਹਿੰਦਾ ਸੀ, ਕਿਉਂਕਿ ਛੁਪਾਉਣ ਦਾ ਮਨਸੂਬਾ ਪੂਰਾ ਨਹੀਂ ਹੋ ਸਕਿਆ, ਇਸ ਲਈ ਗ੍ਰਹਿ ਮੰਤਰੀ ਵਾਰ-ਵਾਰ ਆਪਣੇ ਭਾਸ਼ਨ 'ਚ ਸਫ਼ਾਈ ਦੇ ਰਹੇ ਸਨ ਕਿ ਸਾਨੂੰ ਤਾਂ ਛੁਪਾਉਣ ਦੀ ਆਦਤ ਹੀ ਨਹੀਂ ਹੈ।



ਇਹੀ ਹੈ ਉਹ ਮੁਕਾਮ ਜਿੱਥੇ ਸਾਨੂੰ ਵਿਰੋਧੀ ਧਿਰ ਦੀ ਮਨੀਪੁਰ ਸੰਬੰਧੀ ਪਹਿਲਕਦਮੀ ਦੇ ਸਾਕਾਰਾਤਮਿਕ ਪੱਖ ਦਿਖਾਈ ਦਿੰਦੇ ਹਨ। ਜੇਕਰ ਮਨੀਪੁਰ-ਕੇਂਦਰਿਤ ਬੇਭਰੋਸਗੀ ਮਤਾ ਨਾ ਪੇਸ਼ ਕੀਤਾ ਜਾਂਦਾ ਤਾਂ ਆਮ ਤੌਰ 'ਤੇ ਉੱਤਰ-ਪੂਰਬ ਅਤੇ ਖ਼ਾਸ ਤੌਰ 'ਤੇ ਮਨੀਪੁਰ ਪੂਰੇ ਰਾਸ਼ਟਰ ਦਾ ਸਵਾਲ ਨਾ ਬਣ ਸਕਦਾ। ਅੱਜ ਹਾਲਾਤ ਇਹ ਹਨ ਕਿ ਸੱਤਾ ਧਿਰ ਅਤੇ ਵਿਰੋਧੀ ਧਿਰ ਦੇ ਨੇਤਾਵਾਂ ਨੂੰ ਸਾਰੀਆਂ ਥਾਂਵਾਂ 'ਤੇ ਮਨੀਪੁਰ ਬਾਰੇ ਬੋਲਣਾ ਪੈ ਰਿਹਾ ਹੈ। ਰਾਹੁਲ ਗਾਂਧੀ ਵਾਇਨਾਡ ਵਿਚ ਬੋਲ ਰਹੇ ਹਨ ਅਤੇ ਪ੍ਰਧਾਨ ਮੰਤਰੀ ਬੰਗਾਲ ਵਿੱਚ। ਭਾਵੇਂ ਹੀ ਉਹ ਇਕ-ਦੂਜੇ ਦੇ ਖ਼ਿਲਾਫ਼ ਬੋਲ ਰਹੇ ਹੋਣ, ਪਰ ਚਰਚਾ ਤਾਂ ਉਸ ਉੱਤਰ-ਪੂਰਬ ਬਾਰੇ ਹੋ ਰਹੀ ਹੈ, ਜਿਸ ਬਾਰੇ ਬਾਕੀ ਭਾਰਤ ਬਿਨਾਂ ਕਿਸੇ ਜਾਣਕਾਰੀ ਜਾਂ ਸਰੋਕਾਰ ਦੇ ਆਰਾਮ ਨਾਲ ਵਕਤ ਗੁਜ਼ਾਰਦਾ ਰਹਿੰਦਾ ਸੀ। ਇਸ ਲਿਹਾਜ਼ ਨਾਲ ਵਿਰੋਧੀ ਧਿਰ ਦਾ ਬੇਭਰੋਸਗੀ ਮਤਾ ਕੌਮੀ ਏਕਤਾ ਨੂੰ ਮਜ਼ਬੂਤ ਕਰਨ ਵਾਲਾ ਸਾਬਤ ਹੁੰਦਾ ਹੈ ਅਤੇ ਉਸ ਦੇ ਕਾਰਨ ਲੋਕਤੰਤਰ ਵੀ ਖ਼ੁਸ਼ਹਾਲ ਹੁੰਦਾ ਹੋਇਆ ਦਿਖਾਈ ਦਿੰਦਾ ਹੈ।

ਪਰ, ਜਿਵੇਂ ਹੀ ਅਸੀਂ ਚੋਣ ਕਸੌਟੀਆਂ 'ਤੇ ਪਰਖਦੇ ਹਾਂ ਸਾਨੂੰ ਇੰਡੀਆ ਦੀ ਰਣਨੀਤੀ ਦੀਆਂ ਖ਼ਾਮੀਆਂ ਦਿਖਾਈ ਦੇਣ ਲੱਗਦੀਆਂ ਹਨ ਜਿਵੇਂ, ਕਾਂਗਰਸ (ਜੋ ਇੰਡੀਆ ਦੀ ਐਂਕਰ ਜਾਂ ਪ੍ਰਮੁੱਖ ਪਾਰਟੀ ਹੈ) ਨੇ ਆਪਣੇ ਸਭ ਤੋਂ ਅਹਿਮ ਬੁਲਾਰੇ ਰਾਹੁਲ ਗਾਂਧੀ ਦੇ ਬੋਲਣ ਦਾ ਸਮਾਂ ਤਿੰਨ ਵਾਰ ਬਦਲਿਆ। ਪਹਿਲਾਂ ਇਹ ਤੈਅ ਕੀਤਾ ਗਿਆ ਕਿ ਉਹ ਬਹਿਸ ਦੇ ਪਹਿਲੇ ਦਿਨ ਬਿਲਕੁਲ ਸ਼ੁਰੂਆਤ ਵਿੱਚ ਬੋਲਣਗੇ, ਪਰ 11 ਵਜੇ ਠੀਕ ਐਨ ਮੌਕੇ 'ਤੇ ਪਤਾ ਲੱਗਾ ਕਿ ਉਹ ਤਾਂ ਆਖ਼ਰੀ ਦਿਨ ਬੋਲਣਗੇ ਤਾਂ ਕਿ ਉਸ ਸਮੇਂ ਪ੍ਰਧਾਨ ਮੰਤਰੀ ਵੀ ਸਦਨ 'ਚ ਮੌਜੂਦ ਹੋਣ। ਅਗਲੇ ਦਿਨ ਅਚਾਨਕ ਸਵੇਰੇ ਪਤਾ ਲੱਗਾ ਕਿ ਰਾਹੁਲ ਗਾਂਧੀ ਦੂਜੇ ਦਿਨ ਬਾਰਾਂ ਵਜੇ ਬੋਲਣਗੇ। ਉਸ ਸਮੇਂ ਤੱਕ ਕਾਂਗਰਸ ਵਲੋਂ ਏਨੇ ਬੁਲਾਰੇ ਬੋਲ ਚੁੱਕੇ ਸਨ ਕਿ ਪਾਰਟੀ ਨੂੰ ਮਿਲਿਆ ਬੋਲਣ ਦਾ ਸਮਾਂ ਘਟ ਕੇ ਸਿਰਫ਼ ਅੱਧਾ ਘੰਟਾ ਰਹਿ ਗਿਆ ਸੀ। ਭਾਵ ਜੇਕਰ ਰਾਹੁਲ ਗ੍ਰਹਿ ਮੰਤਰੀ ਜਾਂ ਪ੍ਰਧਾਨ ਮੰਤਰੀ ਵਾਂਗ ਲੰਬਾ ਭਾਸ਼ਨ ਦੇਣਾ ਚਾਹੁੰਦੇ ਤਾਂ ਨਹੀਂ ਦੇ ਸਕਦੇ ਸਨ। ਉਹ ਲਗਭਗ 37 ਮਿੰਟ ਬੋਲੇ ਅਤੇ ਮੈਨੂੰ ਲਗਦਾ ਹੈ ਕਿ ਸਮੇਂ ਦੀ ਕਮੀ ਕਾਰਨ ਉਨ੍ਹਾਂ ਨੂੰ ਭਾਸ਼ਨ ਅੱਧ-ਵਿਚਾਲੋਂ ਹੀ ਖ਼ਤਮ ਕਰਨਾ ਪਿਆ। ਜਿਸ ਤਰ੍ਹਾਂ ਉਹ ਮਨੀਪੁਰ ਦੇ ਰਾਹਤ ਕੈਂਪਾਂ ਦੇ ਆਪਣੇ ਤਜਰਬਿਆਂ ਦੀ ਮਾਨਵੀ ਅਤੇ ਬੇਹੱਦ ਪ੍ਰਭਾਵੀ ਚਰਚਾ ਕਰਦੇ ਹੋਏ ਅਚਾਨਕ ਬੁਲੰਦ ਆਵਾਜ਼ ਵਿੱਚ ਸਰਕਾਰ ਨੂੰ ਲਲਕਾਰਨ ਲੱਗੇ ਅਤੇ ਭਾਸ਼ਨ ਦਾ ਅੰਤ ਕਰ ਦਿੱਤਾ, ਉਸ ਤੋਂ ਤਾਂ ਇਹੀ ਜਾਪਦਾ ਹੈ। ਇਹ ਵੀ ਧਿਆਨ ਦੇਣ ਦੀ ਗੱਲ ਹੈ ਕਿ ਗੌਰਵ ਗੰਗੋਈ ਨੇ ਆਪਣੇ ਭਾਸ਼ਨ 'ਚ ਇਸ ਗੱਲ ਨੂੰ ਇਕ ਵਾਰ ਵੀ ਨਹੀਂ ਉਠਾਇਆ ਕਿ ਚਾਰ ਮਈ ਨੂੰ ਬਹੁਚਰਚਿਤ ਘਟਨਾ ਦੇ ਸਮੇਂ ਮਨੀਪੁਰ ਪ੍ਰਸ਼ਾਸਨ ਪੂਰੀ ਤਰ੍ਹਾਂ ਨਾਲ ਕੇਂਦਰ ਸਰਕਾਰ ਦੇ ਹੱਥਾਂ ਵਿਚ ਜਾ ਚੁੱਕਾ ਸੀ। ਮੁੱਖ ਸਕੱਤਰ, ਡੀ.ਜੀ.ਪੀ. ਅਤੇ ਹੋਰ ਵੱਡੇ ਅਫ਼ਸਰ ਮੁੱਖ ਮੰਤਰੀ ਐਨ. ਬਿਰੇਨ ਸਿੰਘ ਦੀ ਪਸੰਦ ਦੇ ਨਾ ਹੋ ਕੇ ਦਿੱਲੀ ਤੋਂ ਭੇਜੇ ਗਏ ਸਨ। ਭਾਵ ਚਾਰ ਤਰੀਕ ਦੀ ਘਟਨਾ ਜਦੋਂ ਹੋਈ ਉਦੋਂ ਮਨੀਪੁਰ ਦੀ ਵਾਗਡੋਰ ਕੇਂਦਰ ਦੇ ਹੱਥਾਂ ਵਿਚ ਸੀ। ਅਗਲੇ ਪੂਰੇ ਮਹੀਨੇ ਇਸ ਘਟਨਾ 'ਤੇ ਜੇ ਕਿਸੇ ਵੀ ਤਰ੍ਹਾਂ ਦੀ ਕਾਰਵਾਈ ਨਹੀਂ ਹੋਈ, ਉਸ ਸਮੇਂ ਵੀ ਕੇਂਦਰ ਸਰਕਾਰ ਹੀ ਸਾਰਾ ਕੰਮ ਕਰ ਰਹੀ ਸੀ। ਰਾਜ ਸਰਕਾਰ ਦੀ ਹਾਜ਼ਰੀ ਨਾਂਮਾਤਰ ਦੀ ਹੀ ਸੀ। ਪਰ ਵਿਰੋਧੀ ਧਿਰ ਨੇ ਇਸ ਪਹਿਲੂ ਵੱਲ ਸਦਨ ਦਾ ਧਿਆਨ ਨਹੀਂ ਖਿੱਚਿਆ। ਗੌਰਵ ਗੰਗੋਈ ਨੂੰ ਤਾਂ ਆਪਣੇ ਭਾਸ਼ਨ 'ਚ ਇਹ ਗੱਲ ਜ਼ੋਰ ਦੇ ਕੇ ਕਹਿਣੀ ਚਾਹੀਦੀ ਸੀ। ਇਸੇ ਤਰ੍ਹਾਂ ਵਿਰੋਧੀ ਧਿਰ ਦੇ ਬੇਭਰੋਸਗੀ ਮਤੇ ਦੀ ਬਹਿਸ 'ਚ ਹਰਿਆਣਾ ਵਿੱਚ ਨੂਹ ਦੀ ਫ਼ਿਰਕੂ ਹਿੰਸਾ ਦਾ ਮੁੱਦਾ ਵੀ ਨਹੀਂ ਉਠਾਇਆ ਗਿਆ। ਜੇਕਰ ਉਹ ਅਜਿਹਾ ਕਰਦੇ ਤਾਂ ਸਾਬਤ ਕਰ ਸਕਦੇ ਸਨ ਕਿ ਉੱਤਰ-ਪੂਰਬ ਤੋਂ ਉੱਤਰ ਤੱਕ ਜਿੱਥੇ-ਜਿੱਥੇ ਭਾਜਪਾ ਦੀਆਂ ਸਰਕਾਰਾਂ ਹਨ, ਉੱਥੇ ਜਾਂ ਤਾਂ ਜਾਤੀ ਹਿੰਸਾ ਹੋ ਰਹੀ ਹੈ ਜਾਂ ਫਿਰ ਫ਼ਿਰਕੂ ਹਿੰਸਾ। ਤਾਂ ਫਿਰ ਕੀ ਇਹ ਮੰਨ ਲੈਣਾ ਚਾਹੀਦਾ ਹੈ ਕਿ ਵਿਰੋਧੀ ਧਿਰ ਸੱਤਾਧਾਰੀ ਦਲ ਕੋਲੋਂ ਮਾਹੌਲ ਬਣਾਉਣ ਦੀ ਲੜਾਈ ਹਾਰ ਗਈ ? ਮੈਨੂੰ ਲਗਦਾ ਹੈ ਕਿ ਇਸ ਤਰ੍ਹਾਂ ਦਾ ਨਤੀਜਾ ਕੱਢਣਾ ਜਲਦਬਾਜ਼ੀ ਹੋਵੇਗੀ। ਰਾਹੁਲ ਗਾਂਧੀ ਦਾ 37 ਮਿੰਟ ਦਾ ਬਿਆਨ ਜਦੋਂ ਯੂਟਿਊਬ 'ਤੇ ਪਾਇਆ ਗਿਆ ਤਾਂ ਪਹਿਲਾਂ ਦਸ ਘੰਟਿਆਂ ਵਿੱਚ 17 ਲੱਖ ਲੋਕ ਉਸ ਨੂੰ ਦੇਖ-ਸੁਣ ਚੁੱਕੇ ਸਨ। ਅਜੇ ਤੱਕ ਇਸ ਬਿਆਨ ਨੂੰ ਜਿੰਨੇ ਲੋਕਾਂ ਨੇ ਦੇਖਿਆ-ਸੁਣਿਆ ਹੈ, ਉਹ ਗਿਣਤੀ ਬਹੁਤ ਆਕਰਸ਼ਕ ਹੈ। ਪ੍ਰਧਾਨ ਮੰਤਰੀ ਦਾ ਬਿਆਨ ਜਦੋਂ ਯੂਟਿਊਬ 'ਤੇ ਪਾਇਆ ਗਿਆ ਤਾਂ ਉਸੇ ਨੂੰ ਅਜੇ ਤੱਕ ਇਸ ਤੋਂ ਥੋੜ੍ਹੇ ਹੀ ਜ਼ਿਆਦਾ ਲੋਕਾਂ ਨੇ ਦੇਖਿਆ-ਸੁਣਿਆ ਹੈ। ਭਾਵ, ਠੋਸ ਲੋਕਪ੍ਰਿਅਤਾ ਅਤੇ ਉਤਸੁਕਤਾ ਦੇ ਲਿਹਾਜ਼ ਨਾਲ ਰਾਹੁਲ, ਪ੍ਰਧਾਨ ਮੰਤਰੀ ਤੋਂ ਕੋਈ ਖ਼ਾਸ ਪਿੱਛੇ ਨਹੀਂ ਹਨ। ਅਮਿਤ ਸ਼ਾਹ ਜਾਂ ਸਮ੍ਰਿਤੀ ਇਰਾਨੀ ਜਿਹੇ ਭਾਜਪਾ ਦੇ ਬੁਲਾਰੇ ਤਾਂ ਰਾਹੁਲ ਗਾਂਧੀ ਨਾਲ ਲੋਕਪ੍ਰਿਅਤਾ 'ਚ ਕੋਈ ਮੁਕਾਬਲਾ ਹੀ ਨਹੀਂ ਕਰ ਸਕਦੇ। ਇਸ ਤੋਂ ਇਕ ਗੱਲ ਤਾਂ ਸਪੱਸ਼ਟ ਹੁੰਦੀ ਹੀ ਹੈ ਕਿ ਦੇਸ਼ ਦੀ ਜਨਤਾ ਕਿਸੇ ਬਦਲਵੀਂ ਲੀਡਰਸ਼ਿਪ ਦੀ ਭਾਲ ਕਰ ਰਹੀ ਹੈ। ਇਹ ਤਾਂ ਨਹੀਂ ਕਿਹਾ ਜਾ ਸਕਦਾ ਕਿ ਉਸ ਨੂੰ ਅਜਿਹਾ ਨੇਤਾ ਮਿਲ ਗਿਆ ਹੈ, ਪਰ ਏਨਾ ਜ਼ਰੂਰ ਹੈ ਕਿ ਰਾਹੁਲ ਗਾਂਧੀ ਅਜਿਹੇ ਨੇਤਾ ਬਣਨ ਦੇ ਮਜ਼ਬੂਤ ਦਾਅਵੇਦਾਰ ਦੇ ਤੌਰ 'ਤੇ ਉੱਭਰ ਆਏ ਹਨ।

-ਲੇਖਕ ਅੰਬੇਡਕਰ ਵਿਸ਼ਵ ਯੂਨੀਵਰਸਿਟੀ, ਦਿੱਲੀ 'ਚ ਪ੍ਰੋਫ਼ੈਸਰ ਅਤੇ ਭਾਰਤੀ ਭਾਸ਼ਾਵਾਂ 'ਚ ਅਭਿਲੇਖਾਗਰੀ ਖੋਜ ਪ੍ਰੋਗਰਾਮ ਦੇ ਨਿਰਦੇਸ਼ਕ ਹਨ।

# ਕਾਲੀ-ਪੀਲੀ ਪੱਤਰਕਾਰੀ ਦੇ ਮਾਇਨੇ

**ਗੁਰਮੀਤ ਸਿੰਘ ਪਲਾਹੀ**
9815802070

ਦੇਸ਼ ਭਾਰਤ ਵਿੱਚ 900 ਪ੍ਰਾਇਵੇਟ ਸੈਟੇਲਾਇਟ ਟੀਵੀ ਸਟੇਸ਼ਨ ਹਨ, ਜਿਹੜੇ 197 ਮਿਲੀਅਨ ਟੀਵੀ ਘਰਾਂ 'ਚ ਸੈਟੇਲਾਇਟ ਰਾਹੀਂ ਆਪਣੀਆਂ ਸੇਵਾਵਾਂ ਦਿੰਦੇ ਹਨ। ਇਹਨਾਂ ਤੋਂ ਬਿਨ੍ਹਾਂ ਦੂਰਦਰਸ਼ਨ, ਰੇਡੀਓ ਅਤੇ ਹੋਰ ਸਾਧਨ ਦੇਸ਼ ਦੀ ਲਗਭਗ 99 ਫ਼ੀਸਦੀ ਆਬਾਦੀ ਤੱਕ ਪਹੁੰਚ ਕਰੀ ਬੈਠੇ ਹਨ। ਦੇਸ਼ 'ਚ 70 ਹਜ਼ਾਰ ਤੋਂ ਵੱਧ ਅਖ਼ਬਾਰਾਂ ਹਨ ।2022 ਦੀ ਇੱਕ ਰਿਪੋਰਟ ਅਨੁਸਾਰ ਦੇਸ਼ ਭਰ ਵਿੱਚ 833 ਮਿਲੀਅਨ ਲੋਕ ਇੰਟਰਨੈੱਟ ਦੀ ਵਰਤੋਂ ਕਰਦੇ ਹਨ ਅਤੇ 515 ਮਿਲੀਅਨ ਲੋਕ ਫੇਸਬੁੱਕ ਨਾਲ ਜੁੜੇ ਹੋਏ ਹਨ। ਮੀਡੀਆ ਅਧੀਨ ਟੈਲੀਵਿਜ਼ਨ, ਰੇਡੀਓ, ਸਿਨੇਮਾ, ਅਖ਼ਬਾਰਾਂ ਦਾ ਬਹੁਤਾ ਕੰਮ ਨਿੱਜੀ ਹੱਥਾਂ ਵਿੱਚ ਹੈ ਅਤੇ ਵੱਡੀਆਂ-ਵੱਡੀਆਂ ਕੰਪਨੀਆਂ ਵੱਲੋਂ ਸੰਚਾਲਕ ਕੀਤਾ ਜਾਂਦਾ ਹੈ।

ਜਦੋਂ ਦਾ ਦੇਸ਼ ਦੀ ਸਿਆਸਤ ਉੱਤੇ ਧੰਨ ਕੁਬੇਰਾਂ (ਕਾਰਪੋਰੇਟਾਂ) ਦਾ ਗਲਬਾ ਵਧਿਆ ਹੈ, ਉਹਨਾਂ ਪੱਤਰਕਾਰੀ ਖ਼ਾਸਕਰ ਚੈਨਲ ਪੱਤਰਕਾਰੀ ਉੱਤੇ ਆਪਣਾ ਪ੍ਰਭਾਵ ਵਧਾ ਲਿਆ ਹੈ । ਦੇਸ਼ ਦੀਆਂ ਅਖ਼ਬਾਰਾਂ (ਪ੍ਰਿੰਟ ਮੀਡੀਆ) , ਇਲੈਕਟ੍ਰੋਨਿਕ ਮੀਡੀਆ ( ਚੈਨਲ, ਸੋਸ਼ਲ ਮੀਡੀਆ) ਨੂੰ ਇਸ ਢੰਗ ਨਾਲ ਆਪਣੀ ਗੋਦ ਵਿੱਚ ਲਿਆ ਹੋਇਆ ਹੈ ਕਿ ਇਹ ਮੀਡੀਆ ਹੁਣ ਗੋਦੀ ਮੀਡੀਆ ਦੇ ਨਾਮ ਨਾਲ ਜਾਣਿਆ ਜਾਂਦਾ ਹੈ।

ਇਸ ਵੇਲੇ ਦੇਸ਼ ਵਿੱਚ ਵੱਡੀ ਗਿਣਤੀ ਵਿੱਚ ਟੀਵੀ ਚੈਨਲ ਹਨ, ਇਹਨਾਂ ਚੈਨਲਾਂ ਵਿੱਚ 90 ਫੀਸਦੀ ਮਾਲਕੀ ਦੇਸ਼ ਦੇ ਵੱਡੇ ਘਰਾਣਿਆਂ ਦੀ ਹੈ । ਇਹ ਘਰਾਣੇ ਆਪਣੇ ਹਿੱਤਾਂ ਦੀ ਪੂਰਤੀ ਲਈ, ਆਪਣੇ ਵਪਾਰਕ ਹਿੱਤ ਸਾਧਣ ਲਈ ਤਾਂ ਚੈਨਲ ਪੱਤਰਕਾਰੀ ਦਾ ਫ਼ਾਇਦਾ ਲੈਂਦੇ ਹੀ ਹਨ , ਪਰ ਸਿਆਸੀ ਘਾਗਾਂ ਨੂੰ ਥਾਂ-ਸਿਰ ਰੱਖਣ ਲਈ ਵੀ ਇਹਨਾਂ ਚੈਨਲਾਂ ਤੇ ਪੱਤਰਕਾਰਾਂ ਦੀ ਵਰਤੋਂ ਕਰਦੇ ਹਨ।

ਪਿਛਲੇ ਦਿਨਾਂ 'ਚ ਇਕ ਸਰਵੇ ਛਪਿਆ ਹੈ ਕਿ ਦੇਸ਼ ਦੀਆਂ ਸਮੱਸਿਆਵਾਂ ਨੂੰ ਨੁਕਰੇ ਲਾਉਣ ਲਈ ਇਹਨਾਂ ਚੈਨਲਾਂ ਅਤੇ ਇਹਨਾਂ ਚੈਨਲਾਂ 'ਚ ਕੰਮ ਕਰਦੇ ਬੜਬੋਲੇ ਪੱਤਰਕਾਰਾਂ ਦੀ ਵੱਡੀ ਭੂਮਿਕਾ ਹੈ । ਜਿਹੜੇ ਇੱਕ ਸਧਾਰਨ ਖ਼ਬਰ ਨੂੰ ਤਾਂ ਪੂਰਾ-ਪੂਰਾ ਦਿਨ ਸਨਸਨੀਖੇਜ਼ ਬਣਾ ਕੇ ਪੇਸ਼ ਕਰਦੇ ਹਨ ਅਤੇ ਵਾਰ-ਵਾਰ ਆਪਣੇ ਚੈਨਲ ਉੱਤੇ ਵਿਖਾਉਂਦੇ ਹਨ, ਪਰ ਦੇਸ਼ ਦੀਆਂ ਸਮੱਸਿਆਵਾਂ ਸਮੇਤ ਦੇਸ਼ 'ਚ ਹੜ੍ਹਾਂ ਦੀ ਸਥਿਤੀ, ਦੇਸ਼ 'ਚ ਭੁੱਖਮਰੀ, ਲੋਕਾਂ ਦੇ ਰਿਹਾਇਸ਼ ਸਥਾਨਾਂ, ਸਕੂਲਾਂ ਦੇ ਭੈੜੇ ਹਾਲਾਤਾਂ ਬਾਰੇ, ਉਹ ਕੁਝ ਵੀ ਦਿਖਾਉਣ ਤੋਂ ਪਰਹੇਜ਼ ਕਰਦੇ ਹਨ। ਇਹ ਦੇਸ਼ ਦੀ, ਦੇਸ਼ ਦੇ ਲੋਕਾਂ ਦੀ ਕੀ ਵੱਡੀ ਤ੍ਰਾਸਦੀ ਨਹੀਂ ਹੈ ?

ਕਰੋਨਾ ਕਾਲ 'ਚ ਦੇਸ਼ 'ਚ ਜੋ ਕੁੱਝ ਵਾਪਰਿਆ, ਕੀ ਇਹਨਾਂ ਪੱਤਰਕਾਰਾਂ ਨੇ ਆਪਣੇ ਚੈਨਲਾਂ ਉੱਤੇ ਵਿਖਾਇਆ ? ਅਮੀਰਾਂ ਦੇ ਹੋਰ ਅਮੀਰ ਅਤੇ ਗਰੀਬਾਂ ਦੇ ਹੋਰ ਗਰੀਬ ਹੋਣ ਵੱਲ ਜਾਂਦੇ ਭਾਰਤ ਦੀ ਤਸਵੀਰ ਪੇਸ਼ ਕੀਤੀ ? ਦਰਿਆਵਾਂ ਕੰਢੇ ਕਰੋਨਾ ਕਾਲ 'ਚ ਮਰਦੇ ਲੋਕਾਂ ਦੀਆਂ ਲਾਸ਼ਾਂ ਇਹਨਾਂ ਪੱਤਰਕਾਰਾਂ ਨੇ ਵਿਖਾਈਆਂ ? ਉਹਨਾਂ 'ਤੇ ਚਰਚਾ ਕੀਤੀ ? ਇਹ ਚੈਨਲਾਂ ਵਾਲੇ ਤਾਂ ਸਰਕਾਰੀ ਬੋਲੀ ਬੋਲਦੇ ਰਹੇ ਅਤੇ ਕਹਿੰਦੇ ਰਹੇ ਕਿ ਕਰੋਨਾ ਉੱਤੇ ਸਰਕਾਰ ਨੇ ਕਾਬੂ ਪਾ ਲਿਆ ਹੈ ਪਰ ਲੋਕ ਹਸਪਤਾਲਾਂ




ਵਿੱਚ ਲੁੱਟੇ ਜਾਂਦੇ ਰਹੇ, ਮਰਦੇ ਰਹੇ। ਫਾਰਮਾ-ਕੰਪਨੀਆਂ ਦੀ ਚਾਂਦੀ ਹੁੰਦੀ ਰਹੀ। ਗਰੀਬਾਂ ਦੀ ਕਿਸੇ ਸਾਰ ਨਾ ਲਈ।

ਇਹਨਾਂ ਚੈਨਲਾਂ ਨੇ ਉਹਨਾਂ ਲੋਕਾਂ ਦੇ ਵਿਰੁੱਧ ਜਿਹੜੇ ਕਿਸਾਨ ਅੰਦੋਲਨ ਵਰਗੇ ਲੋਕ ਅੰਦੋਲਨ ਕਰਦੇ ਸਨ, ਉਹਨਾਂ ਉੱਤੇ ਵੱਡੇ-ਵੱਡੇ ਮਾਹਰ ਪੱਤਰਕਾਰ ਚਰਚਾ ਲਈ ਬਿਠਾ ਦਿੱਤੇ । ਇਹਨਾਂ ਮਾਹਿਰ ਪੱਤਰਕਾਰਾਂ ਦੀ ਬੋਲੀ ਬਿਲਕੁਲ ਉਵੇਂ ਦੀ ਹੀ ਸੀ ਜਿਵੇਂ ਕੀ ਅੱਜ ਕਲ ਦੇਸ਼ ਦੇ ਸਿਆਸੀ ਲੋਕ ਬੋਲਦੇ ਹਨ। ਇੱਕ ਦੂਜੇ ਨੂੰ ਲਿਤਾੜਨ ਵਾਲੀ, ਬੇਇੱਜ਼ਤ ਕਰਨ ਵਾਲੀ ਅਤੇ ਬਹੁਤੀਆਂ ਹਾਲਤਾਂ ਵਿੱਚ ਸਰਕਾਰੀ ਬੋਲੀ।

ਦੇਸ਼ 'ਚ ਕਾਰਪੋਰੇਟ ਜਗਤ ਦੇ ਲੋਕ ਤਾਂ ਆਪਣੇ ਹਿੱਤ ਸਾਧਣ ਲਈ ਤਤਪਰ ਤਾਂ ਰਹਿੰਦੇ ਹੀ ਹਨ, ਪਰ ਦੇਸ਼ ਦੇ ਸਿਆਸਤਦਾਨ ਦੋ ਰੱਤੀਆਂ ਉਪਰ ਜਾਕੇ ਆਪਣੇ ਹਿੱਤਾਂ ਲਈ ਚੈਨਲਾਂ ਦੀ ਦੁਰਵਰਤੋਂ ਕਰਦੇ ਹਨ, ਪੱਤਰਕਾਰਾਂ ਨਾਲ ਉਹਨਾਂ ਦੀਆਂ ਸਾਂਝਾਂ ਲੁਕੀਆਂ-ਛੁਪੀਆਂ ਨਹੀਂ ਰਹਿੰਦੀਆਂ। ਆਪਣੀ ਮਰਜ਼ੀ ਨਾਲ ਅਖ਼ਬਾਰਾਂ 'ਚ ਖ਼ਬਰਾਂ ਲਗਵਾਉਣਾ ਤਾਂ ਆਮ ਸ਼ੌਕ ਹੈ, ਪਰ ਚੈਨਲਾਂ ਉੱਤੇ ਕਾਲੀ-ਪੀਲੀ ਪੱਤਰਕਾਰੀ ਰਾਹੀਂ ਵਿਰੋਧੀਆਂ ਨੂੰ ਠਿੱਠ ਕਰਨਾ ਅਤੇ ਆਪਣਾ ਅਕਸ ਸੁਧਾਰਨਾ ਸਦਾ ਚਰਚਾ 'ਚ ਰਹਿੰਦਾ ਹੈ।

ਕੀ ਕਿਸੇ ਚੈਨਲ ਨੇ ਕਦੇ ਦੇਸ਼ ਦੀ ਪਾਰਲੀਮੈਂਟ ਅਤੇ ਵਿਧਾਨ ਸਭਾ 'ਚ ਬੈਠੇ ਉਹਨਾਂ ਲੋਕਾਂ ਬਾਰੇ ਚਰਚਾ ਕੀਤੀ, ਜਿਨ੍ਹਾਂ ਉੱਤੇ ਅਪਰਾਧਿਕ ਮਾਮਲੇ ਦਰਜ ਹਨ। ਰਿਪੋਰਟਾਂ ਅਨੁਸਾਰ ਤਾਂ ਪਾਰਲੀਮੈਂਟ 'ਚ 48 ਫੀਸਦੀ ਐਮ.ਪੀਸ. ਉੱਤੇ ਅਪਰਾਧਿਕ ਮਾਮਲੇ ਹਨ, ਜਿਹਨਾ 'ਚ ਲਗਭਗ ਹਰ ਪਾਰਟੀ ਦੇ ਨੇਤਾ ਸ਼ਾਮਲ ਹਨ। ਕੀ ਕਦੇ ਇਹਨਾਂ ਲੋਕਾਂ ਬਾਰੇ ਪੱਤਰਕਾਰਾਂ ਨੇ ਚਰਚਾ ਕੀਤੀ ? ਕੀ ਇਹਨਾਂ ਚਰਚਾਵਾਂ 'ਚ ਕਦੇ ਦੇਸ਼ ਦੇ ਪ੍ਰਧਾਨ ਮੰਤਰੀ ਨੂੰ ਉਹਨਾਂ ਦਾ ਉਹ ਬਿਆਨ ਯਾਦ ਕਰਵਾਇਆ ਜਿਹੜਾ ਉਹਨਾਂ ਨੇ 2014 'ਚ ਪਾਰਲੀਮੈਂਟ 'ਚ ਬਹੁਤ ਹੀ ਜੋਸ਼ੋ-ਖਰੋਸ਼ ਨਾਲ ਦਿੱਤਾ ਸੀ, ਕਿ ਪਾਰਲੀਮੈਂਟ 'ਚ ਕੋਈ ਅਪਰਾਧੀ ਬਿਰਤੀ ਵਾਲਾ ਵਿਅਕਤੀ ਨਹੀਂ ਬੈਠ ਸਕੇਗਾ।

ਚੈਨਲ ਪੱਤਰਕਾਰੀ ਦੀਆਂ ਲੋਕ ਵਿਰੋਧੀ ਭਾਵਨਾਵਾਂ ਕਿਸਾਨ ਅੰਦੋਲਨ ਦੌਰਾਨ ਦਿੱਲੀ ਦੀਆਂ ਬਰੂੰਹਾਂ ਉੱਤੇ ਵੇਖਣ ਨੂੰ ਮਿਲਦੀਆਂ ਰਹੀਆਂ, ਜਿਨ੍ਹਾਂ ਵਿੱਚ ਕਿਸਾਨਾਂ ਨੂੰ ਦੇਸ਼ ਧ੍ਰੋਹੀ ਹੋਣ ਦਾ ਖਿਤਾਬ ਦਿੱਤਾ ਗਿਆ, ਉਹਨਾਂ ਨੂੰ ਖਾਲਿਸਤਾਨੀ ਤੱਕ ਆਖਿਆ ਗਿਆ। ਇਹ ਪੱਤਰਕਾਰ ਆਪਣੇ ਆਕਾ ਨੇਤਾਵਾਂ ਦਾ ਵਿਸ਼ਵ ਪੱਧਰੀ ਅਕਸ ਸੁਧਾਰਨ ਲਈ ਤਾਂ ਨੇਤਾਵਾਂ ਦੀਆਂ ਫੋਟੋਆਂ ਹੜ੍ਹਾਂ ਦੌਰਾਨ ਜਾਂ ਹੋਰ ਆਪਦਾਂ ਵੇਲੇ ਲੋਕਾਂ ਨਾਲ ਵਾਰਤਾਲਾਪ ਕਰਦਿਆਂ ਵਿਖਾਉਂਦੇ ਹਨ ਪਰ ਉਹਨਾਂ ਦੀਆਂ ਸਮੱਸਿਆਵਾਂ ਨੂੰ ਸੁਲਝਾਉਣ ਲਈ ਇਹ ਪੱਤਰਕਾਰ ਕੁਝ ਵੀ ਨਹੀਂ ਕਰਦੇ। ਸਿੱਟੇ ਵਜੋਂ ਪੀੜਤ ਲੋਕਾਂ ਦੇ ਪੱਲੇ ਕੁਝ ਨਹੀਂ ਪੈਂਦਾ। ਸਵਾਲ ਉੱਠਦਾ ਹੈ ਕਿ ਇਹ ਚੈਨਲ ਪੱਤਰਕਾਰ ਕਿਸ ਕਿਸਮ ਦੀ ਪੱਤਰਕਾਰੀ ਕਰਦੇ ਹਨ ?

ਦੇਸ਼ 'ਚ ਮਨੀਪੁਰ ਦੇ ਲੋਕਾਂ ਨਾਲ ਜੋ ਹੋ ਰਿਹਾ ਸੀ, ਫਿਰਕੂ ਅੱਗ ਭੜਕਾਈ ਜਾ ਰਹੀ ਸੀ। ਔਰਤਾਂ ਨਾਲ ਬੇਇੰਤਹਾ ਬੇਸ਼ਰਮੀ ਵਾਲੀਆਂ ਘਟਨਾਵਾਂ ਭੀੜ ਵਲੋਂ ਹੋ ਰਹੀਆਂ ਸਨ, ਪਰ ਇਹ ਚੈਨਲਾਂ ਵਾਲੇ ਪਤਾ ਨਹੀਂ ਕਿਹੜੀ ਗੁਫਾ 'ਚ ਤਪੱਸਿਆ ਕਰ ਰਹੇ ਸਨ। ਦੇਸ਼ ਦਾ ਪ੍ਰਧਾਨ ਮੰਤਰੀ ਬੇਸ਼ਰਮੀ ਵਾਲੀ ਘਟਨਾ 'ਤੇ ਚੁੱਪ ਰਹਿੰਦਾ ਹੈ, 79ਵੇਂ ਦਿਨ ਦੋ ਅੱਖਰ ਬੋਲਦਾ ਹੈ, ਇਹ ਤਾਂ ਉਹਦੀ ਸਿਆਸੀ ਚਾਲ ਅਤੇ ਵੋਟਾਂ ਦੀ ਭੁੱਖ ਵਾਲੀ ਮਜਬੂਰੀ ਹੈ,

(ਬਾਕੀ ਸਫ਼ਾ 31 'ਤੇ)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

# ਸੰਪਾਦਕੀ

23 ਅਗਸਤ ਤੋਂ 29 ਅਗਸਤ, 2023

## ਸ਼ਹੀਦ ਭਾਈ ਪਿਆਰਾ ਸਿੰਘ ਆਲੋਅਰਖ ਨੂੰ ਯਾਦ ਕਰਦਿਆਂ

ਭਾਈ ਪਿਆਰਾ ਸਿੰਘ ਦਾ ਜਨਮ ਜ਼ਿਲ੍ਹਾ ਸੰਗਰੂਰ ਦੇ ਪਿੰਡ ਆਲੋਅਰਖ (ਭਵਾਨੀਗੜ੍ਹ) ਵਿਖੇ ਬਾਪੂ ਸਰਦਾਰ ਭਗਵਾਨ ਸਿੰਘ ਅਤੇ ਮਾਤਾ ਕਿਰਪਾਲ ਕੌਰ ਦੇ ਘਰ ਸੰਨ 1965 ਵਿੱਚ ਹੋਇਆ। ਬਚਪਨ ਤੋਂ ਹੀ ਭਾਈ ਪਿਆਰਾ ਸਿੰਘ ਬੋਲਣ ਚੱਲਣ ਵਾਲੇ ਸੁਭਾਅ ਦੇ ਸਨ ਅਤੇ ਸਭ ਨਾਲ ਮੇਲ ਮਿਲਾਪ ਰੱਖਣ ਦੀ ਕਲਾ ਵੀ ਉਨ੍ਹਾਂ ਵਿੱਚ ਬਹੁਤ ਸੀ।

ਸੁਨਾਮ ਆਈ.ਟੀ.ਆਈ ’ਚ ਪੜ੍ਹਾਈ ਦੌਰਾਨ ਭਾਈ ਪਿਆਰਾ ਸਿੰਘ ‘ਪੰਜਾਬ ਸਟੂਡੈਂਟ ਯੂਨੀਅਨ’ ਦੇ ਸੰਪਰਕ ਵਿੱਚ ਆਏ ਅਤੇ ਕਾਫ਼ੀ ਸਰਗਰਮ ਭੂਮਿਕਾ ਨਿਭਾਈ। ਫਿਰ ਜਦੋਂ ਜੂਨ 1984 ਵਿੱਚ ਦਰਬਾਰ ਸਾਹਿਬ ਸਮੇਤ ਵੱਖ-ਵੱਖ ਗੁਰਦੁਆਰਿਆਂ ’ਤੇ ਦਿੱਲੀ ਦਰਬਾਰ ਵੱਲੋਂ ਹਮਲਾ ਕੀਤਾ ਗਿਆ ਅਤੇ ਫਿਰ ਨਵੰਬਰ 1984 ਵਿੱਚ ਇੰਡੀਆ ਦੇ ਵੱਖ-ਵੱਖ ਹਿੱਸਿਆਂ ਵਿੱਚ ਸਿੱਖਾਂ ਦਾ ਕਤਲੇਆਮ ਹੋਇਆ ਤੇ ਉਸ ਤੋਂ ਬਾਅਦ ਜਿਵੇਂ ਹਰ ਸਿੱਖ ਇਸ ਨਾਲ ਝੰਜੋੜਿਆ ਗਿਆ ਉਸੇ ਤਰ੍ਹਾਂ ਭਾਈ ਪਿਆਰਾ ਸਿੰਘ ਹੋਰਨਾਂ ਸਿੱਖ ਨੌਜਵਾਨਾਂ ਨਾਲ ਜੰਗ ਅਤੇ ਸ਼ਹਾਦਤ ਦੇ ਰਾਹ ਤੁਰ ਪਏ ਅਤੇ ਫਿਰ ਪਿੱਛੇ ਮੁੜ ਕੇ ਨਹੀਂ ਵੇਖਿਆ।

ਸੰਨ 1986 ਵਿੱਚ ਸਰਗਰਮ ਸਿੱਖਾਂ ਨੇ ਭਵਾਨੀਗੜ੍ਹ ਦੇ ਸ੍ਰੀ ਗੁਰੂ ਤੇਗ ਬਹਾਦਰ ਸਟੇਡੀਅਮ ਵਿਖੇ ਇਕੱਠ ਰੱਖਿਆ ਜਿੱਥੇ ਬੀਬੀ ਬਿਮਲ ਕੌਰ ਖਾਲਸਾ ਨੂੰ ਵਿਸ਼ੇਸ਼ ਤੌਰ ’ਤੇ ਸੱਦਿਆ ਗਿਆ। ਇਸੇ ਦਿਨ ਸਿੱਖ ਸਟੂਡੈਂਟਸ ਫੈਡਰੇਸ਼ਨ ਦੀ ਇਕਾਈ ਵੀ ਬਣਾਈ ਗਈ ਜਿਸ ਵਿੱਚ ਭਾਈ ਪਿਆਰਾ ਸਿੰਘ ਆਪਣੇ ਸਾਥੀਆਂ ਸਮੇਤ ਸ਼ਾਮਲ ਹੋਏ। ਸਰਕਾਰ ਇਸ ਗੱਲੋਂ ਹਲਚਲ ਵਿੱਚ ਆਈ ਅਤੇ ਪੁਲਿਸ ਨੇ ਸਿੱਖ ਸਟੂਡੈਂਟਸ ਫੈਡਰੇਸ਼ਨ ਨਾਲ ਸਬੰਧਿਤ ਸਿੱਖ ਨੌਜਵਾਨਾਂ ਨੂੰ ਗ੍ਰਿਫ਼ਤਾਰ ਕਰਨਾ ਸ਼ੁਰੂ ਕਰ ਦਿੱਤਾ। ਕਾਫ਼ੀ ਸਿੱਖ ਨੌਜਵਾਨ ਗ੍ਰਿਫ਼ਤਾਰ ਕਰ ਲਏ ਗਏ ਅਤੇ ਇਸੇ ਤਹਿਤ ਭਾਈ ਪਿਆਰਾ ਸਿੰਘ ਦੇ ਘਰ ਪਿੰਡ ਆਲੋਅਰਖ ਵੀ ਪੁਲਿਸ ਗਈ। ਭਾਈ ਪਿਆਰਾ ਸਿੰਘ ਹੁਰਾਂ ਨੂੰ ਪਤਾ ਸੀ ਕਿ ਅਜਿਹਾ ਵਾਪਰਨਾ ਹੈ ਉਹ ਸਮਾਂ ਪਛਾਣਦਿਆਂ ਇਧਰ ਉਧਰ ਹੋ ਗਏ। ਪੁਲਿਸ ਨੇ ਉਹਨਾਂ ਦੇ ਘਰੋਂ ਉਹਨਾਂ ਦੇ ਭਰਾ ਭਾਈ ਗੁਰਦਿੱਤ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ। ਭਾਈ ਪਿਆਰਾ ਸਿੰਘ ਦੇ ਭਰਾ ’ਤੇ ਕਾਫ਼ੀ ਤਸ਼ੱਦਦ ਕੀਤਾ ਗਿਆ। ਇਹਨਾਂ ਦੇ ਕੁਝ ਰਿਸ਼ਤੇਦਾਰਾਂ ਨੇ ਪੈਸੇ ਵਗੈਰਾ ਦੇ ਕੇ ਇਹਨਾਂ ਨੂੰ ਛੁਡਵਾਇਆ, ਉਦੋਂ ਥਾਣੇਦਾਰ ਨੇ ਕਿਹਾ ਕਿ ਭਾਈ ਪਿਆਰਾ ਸਿੰਘ ਨੂੰ ਪੇਸ਼ ਕਰ ਦੇਵੋ ਅਸੀਂ ਪੁੱਛ ਗਿੱਛ ਕਰ ਕੇ ਛੱਡ ਦਵਾਂਗੇ। ਪਰਿਵਾਰ ਨੇ ਵਿਸ਼ਵਾਸ਼ ਕਰਕੇ ਕੁਝ ਸਮੇਂ ਬਾਅਦ 8 ਮਈ 1987 ਨੂੰ ਭਾਈ ਪਿਆਰਾ ਸਿੰਘ ਨੂੰ ਪੇਸ਼ ਕਰਵਾ ਦਿੱਤਾ ਪਰ ਗ੍ਰਿਫ਼ਤਾਰ ਕਰਨ ਤੋਂ ਬਾਅਦ ਪੁੱਛ ਗਿੱਛ ਦੀ ਥਾਂ ਭਾਈ ਪਿਆਰਾ ਸਿੰਘ ’ਤੇ ਅੰਨ੍ਹਾ ਤਸ਼ੱਦਦ ਕੀਤਾ ਗਿਆ। ਉਸ ਤੋਂ ਬਾਅਦ ਉਹਨਾਂ ਨੂੰ ਸੀ.ਆਈ ਸਟਾਫ ਲੱਡਾ ਕੋਠੀ ਲਿਜਾਇਆ ਗਿਆ। ਪੁਲਿਸ ਨੇ ਇਹਨਾਂ ਦੀ ਗ੍ਰਿਫ਼ਤਾਰੀ 15 ਮਈ 1987 ਨੂੰ ਮਹਿਲ ਕਲਾਂ ਤੋਂ ਵਿਖਾਈ। ਕਈ ਧਰਾਵਾਂ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਜਿਸ ਵਿੱਚ ਐਨ.ਐੱਸ.ਏ ਵੀ ਸ਼ਾਮਲ ਸੀ। ਉਸ ਤੋਂ ਬਾਅਦ ਭਾਈ ਪਿਆਰਾ ਸਿੰਘ ਨੂੰ ਸੰਗਰੂਰ ਜੇਲ੍ਹ ਲਿਆਂਦਾ ਗਿਆ। 8 ਅਪ੍ਰੈਲ 1988 ਨੂੰ ਭਾਈ ਪਿਆਰਾ ਸਿੰਘ ਦੀ ਜ਼ਮਾਨਤ ਹੋ ਗਈ।

ਭਾਈ ਪਿਆਰਾ ਸਿੰਘ ਨੂੰ ਅਕਤੂਬਰ 1988 ਵਿੱਚ ਭਵਾਨੀਗੜ੍ਹ ਬਿਜਲੀ ਮਹਿਕਮੇ ਵਿੱਚ ਲਾਇਨਮੈਨ ਦੀ ਨੌਕਰੀ ਮਿਲ ਗਈ। ਕੁਝ ਸਮੇਂ ਬਾਅਦ ਇਹਨਾਂ ਦੀ ਮੰਗਣੀ ਜਖੇਪਲ ਦੇ ਰਹਿਣ ਵਾਲੇ ਸਰਦਾਰ ਪ੍ਰੀਤਮ ਸਿੰਘ ਦੀ ਸਪੁੱਤਰੀ ਬੀਬੀ ਭਰਪੂਰ ਕੌਰ ਨਾਲ ਹੋ ਗਈ। 1989 ਵਿੱਚ ਕੇਸਾਂ ਵਿੱਚੋਂ ਬਰੀ ਹੋ ਗਏ ਪਰ ਉਸ ਤੋਂ ਬਾਅਦ ਪੁਲਿਸ ਫਿਰ ਤੰਗ ਕਰਨ ਲੱਗ ਗਈ ਅਤੇ ਪਰਿਵਾਰ ’ਤੇ ਵੀ ਭਾਰੀ ਤਸ਼ੱਦਦ ਕੀਤਾ।

ਆਲੋਅਰਖ ਦੇ ਨਾਲ ਹੀ ਬਖਤੜੀ ਪਿੰਡ ਹੈ, ਜਿੱਥੇ ਜ਼ਿਆਦਾਤਰ ਪਰਿਵਾਰ ਚੌਧਰੀ ਰਾਜਪੂਤਾਂ ਨਾਲ ਸਬੰਧਿਤ ਰਹਿੰਦੇ ਸਨ। ਉਨੀ ਦਿਨੀਂ ਪਿੰਡ ਦੇ ਸਰਪੰਚ ਮਨਮੋਹਨ ਨੂੰ ਸ਼ੱਕ ਦੇ ਅਧਾਰ ’ਤੇ ਮਾਰ ਦਿੱਤਾ ਗਿਆ ਜਿਸ ਕਾਰਨ ਪਿੰਡ ਵਾਲੇ ਇੰਨੇ ਡਰ ਗਏ ਕਿ ਉਹ ਘਰ ਛੱਡ ਕੇ ਹਰਿਆਣੇ ਵੱਲ ਨੂੰ ਜਾਣ ਦੀ ਤਿਆਰੀ ਕਰਨ ਲੱਗੇ। ਭਾਈ ਪਿਆਰਾ ਸਿੰਘ ਹੁਰਾਂ ਨੂੰ ਪਤਾ ਲੱਗਣ ’ਤੇ ਉਨ੍ਹਾਂ ਸਭ ਨੂੰ ਭਰੋਸੇ ਵਿੱਚ ਲਿਆ ਅਤੇ ਕਿਹਾ ਕਿ ਸਾਡੀ ਜਾਣਕਾਰੀ ਤੋਂ ਬਿਨਾਂ ਇਹ ਭਾਣਾ ਵਾਪਰਿਆ ਹੈ, ਜਿੰਨ੍ਹਾਂ ਸਮਾਂ ਅਸੀਂ ਜਿਉਂਦੇ ਹਾਂ ਤੁਹਾਡੇ ਨਾਲ ਕੋਈ ਧੱਕਾ ਨਹੀਂ ਕਰੇਗਾ। ਉਹ ਸਾਰੇ ਪਰਿਵਾਰ ਇਹਨਾਂ ਸਿੰਘਾਂ ਸਦਕਾ ਆਪਣੇ ਪਿੰਡ ਵਿੱਚ ਵਸੇ ਅਤੇ ਅੱਜ ਤੱਕ ਵੱਸ ਰਹੇ ਹਨ।

ਜਦੋਂ ਭਾਈ ਪਿਆਰਾ ਸਿੰਘ ਹੁਰਾਂ ਨੂੰ ਘਰ ਛੱਡਣੇ ਪਏ ਤਾਂ ਉਨ੍ਹਾਂ ਬੀਬੀ ਭਰਪੂਰ ਕੌਰ ਹੁਰਾਂ ਤੱਕ ਸੁਨੇਹਾ ਪਹੁੰਚਾਇਆ ਕਿਉਂਕਿ ਭਾਈ ਪਿਆਰਾ ਸਿੰਘ ਹੁਰਾਂ ਨੂੰ ਆਪਣਾ ਅਗਲਾ ਰਾਹ ਸਪਸ਼ਟ ਸੀ ਜਿਸ ਕਰਕੇ ਇਹਨਾਂ ਨੇ ਬੀਬੀ ਭਰਪੂਰ ਕੌਰ ਨੂੰ ਦੱਸ ਦਿੱਤਾ ਸੀ ਕਿ ਸਾਡੇ ਰਾਹ ਸੌਖਾਲੇ ਨਹੀਂ, ਅਸੀਂ ਜੰਗ ’ਚ ਹਾਂ ਅਤੇ ਸ਼ਹਾਦਤ ਹੀ ਸਾਡੀ ਮੰਜ਼ਲ ਹੈ। ਇਸ ਵਿੱਚ ਤੈਨੂੰ ਨਾਲ ਰੱਖਣਾ ਸੰਭਵ ਨਹੀਂ, ਤੂੰ ਆਪਣਾ ਘਰ ਵਸਾ ਲੈ। ਪਰ ਬੀਬੀ ਭਰਪੂਰ ਕੌਰ ਹੁਰਾਂ ’ਤੇ ਗੁਰੂ ਪਾਤਿਸ਼ਾਹ ਦੀ ਬਖਸ਼ਿਸ਼ ਸੀ, ਉਹਨਾਂ ਜਵਾਬ ਵਿੱਚ ਕਿਹਾ ਕਿ ਆਪਣਾ ਰਿਸ਼ਤਾ ਹੋਇਆ ਹੈ ਅਤੇ ਮੈਂ ਆਪਣਾ ਬਚਨ ਆਖਰੀ ਸਾਹ ਤੱਕ ਨਿਭਾਵਾਂਗੀ ਭਾਵੇਂ ਮੌਤ ਕੱਲ੍ਹ ਆਉਂਦੀ ਅੱਜ ਆ ਜਾਵੇ। ਬੀਬੀ ਭਰਪੂਰ ਕੌਰ ਨੇ ਕਿਹਾ ਕਿ ਤੁਹਾਡੇ ਤੋਂ ਪਹਿਲਾਂ ਮੈਂ ਸ਼ਹੀਦ ਹੋਵਾਂਗੀ। ਬੀਬੀ ਭਰਪੂਰ ਕੌਰ ਦੇ ਇਹਨਾਂ ਬਚਨਾਂ ਤੋਂ ਬਾਅਦ ਭਾਈ ਪਿਆਰਾ ਸਿੰਘ ਉਹਨਾਂ ਨੂੰ ਮਨ੍ਹਾ ਨਾ ਕਰ ਸਕੇ ਤੇ ਫਿਰ ਓਹਨਾਂ ਦੇ ਅਨੰਦ ਕਾਰਜ ਹੋਏ।

ਅਨੰਦ ਕਾਰਜਾਂ ਤੋਂ ਸਵਾ ਕੁ ਮਹੀਨਾ ਬਾਅਦ ਭਾਈ ਪਿਆਰਾ ਸਿੰਘ ਅਤੇ ਬੀਬੀ ਭਰਪੂਰ ਕੌਰ ਬਠਿੰਡੇ ਵਿਖੇ ਇੱਕ ਕਿਰਾਏ ਦੇ ਮਕਾਨ ਵਿੱਚ ਰਹਿ ਰਹੇ ਸਨ ਕਿ ਕਿਸੇ ਨੇ ਪੁਲਿਸ ਨੂੰ ਇਤਲਾਹ ਕਰ ਦਿੱਤੀ। 29 ਅਗਸਤ 1991 ਨੂੰ ਪੁਲਿਸ ਨੇ ਘਰ ਨੂੰ ਘੇਰਾ ਪਾ ਲਿਆ ਅਤੇ ਤਲਾਸ਼ੀ ਸ਼ੁਰੂ ਕਰ ਦਿੱਤੀ। ਮਕਾਨ ਮਾਲਕ ਫੌਜੀ ਸੀ, ਭਾਈ ਪਿਆਰਾ ਸਿੰਘ ਨੇ ਇਸ ਲਈ ਗੋਲੀ ਨਹੀਂ ਚਲਾਈ ਕਿ ਇਸ ਗੋਲੀਬਾਰੀ ਦੌਰਾਨ ਫੌਜੀ ਦਾ ਪਰਿਵਾਰ ਖਾਹ-ਮ-ਖਾਹ ਮਾਰਿਆ ਨਾ ਜਾਵੇ। ਇਸ ਕਰਕੇ ਦੋਵਾਂ ਨੇ ਪੁਲਿਸ ਹੱਥ ਆਉਣ ਦੀ ਬਜਾਇ ‘ਸਾਇਨਾਈਡ’ ਖਾ ਕੇ ਸ਼ਹਾਦਤ ਪ੍ਰਾਪਤ ਕੀਤੀ। ਕੀਤੇ ਬਚਨਾਂ ਅਨੁਸਾਰ ਬੀਬੀ ਭਰਪੂਰ ਕੌਰ ਨੇ ਪਹਿਲਾਂ ‘ਸਾਇਨਾਈਡ’ ਖਾਧਾ ਅਤੇ ਸ਼ਹਾਦਤ ਪ੍ਰਾਪਤ ਕੀਤੀ।

ਇਹਨਾਂ ਸ਼ਹੀਦਾਂ ਨੂੰ ਯਾਦ ਕਰਦਿਆਂ ਸਾਨੂੰ ਵੀ ਅੱਜ ਨਿੱਕੇ-ਨਿੱਕੇ ਮਸਲੇ ’ਤੇ ਝਗੜਿਆਂ ਤੋਂ ਗੁਰੇਜ ਕਰਦਿਆਂ ਸਰਬੱਤ ਦੇ ਭਲੇ ਲਈ ਨਿਸ਼ਕਾਮ ਰਹਿ ਕੇ ਯਤਨਸ਼ੀਲ ਹੋਣਾ ਚਾਹੀਦਾ ਹੈ। ਗੁਰੂ ਪਾਤਿਸ਼ਾਹ ਮਿਹਰ ਕਰਨ ਸਾਨੂੰ ਆਪਣੇ ਸ਼ਹੀਦਾਂ ਵਰਗੇ ਬਣਨ ਦਾ ਬਲ ਬਖਸ਼ਣ।

**-ਸੰਪਾਦਕ, ਅੰਮ੍ਰਿਤਸਰ ਟਾਈਮਜ਼**

# ਧਾਰਾ 370 ਹਟਾਏ ਜਾਣ ਤੋਂ ਬਾਅਦ ਕਸ਼ਮੀਰ ’ਚ ਸਥਿਤੀ ਆਮ ਹੋਣ ਦਾ ਦਾਅਵਾ ਕੋਰਾ ਝੂਠ

**ਰਾਧਾ ਕੁਮਾਰ**

ਭਾਰਤੀ ਸਟੇਟ ਵੱਲੋਂ ਅਜਿਹਾ ਝੂਠਾ ਤੇ ਗੁਮਰਾਹਕੁੰਨ ਤਰਕ ਦਿੱਤਾ ਜਾ ਰਿਹਾ ਹੈ ਕਿ ਧਾਰਾ 370 ਨੂੰ ਰੱਦ ਕਰਨ ਨਾਲ ਜ਼ਮੀਨੀ ਸਥਿਤੀ ਤੇ ਲੋਕਾਂ ਦੇ ਜੀਵਨ ਵਿੱਚ ਸੁਧਾਰ ਹੋਇਆ ਹੈ।

ਧਾਰਾ 370 ਨੂੰ ਖਤਮ ਕਰਨ ਦੀ ਚੌਥੀ ਵਰ੍ਹੇਗੰਢ ’ਤੇ ਰਾਮ ਮਾਧਵ ਦੇ ਇੰਡੀਅਨ ਐਕਸਪ੍ਰੈਸ ਵਿੱਚ ਛਪੇ ਆਰਟੀਕਲ ‘ਜੇ ਐਂਡ ਕੇ, ਲਾਈਕ ਅਦਰ ਸਟੇਟਸ ਇੰਡੀਅਨ’, ਅਖਿਲੇਸ਼ ਮਿਸ਼ਰਾ ਦੇ ਆਰਟੀਕਲ ਅਤੇ ਜੰਮੂ ਐਂਡ ਕਸ਼ਮੀਰ ਦੇ ਲੈਫਟੀਨੈਂਟ ਗਵਰਨਰ ਮਨੋਜ ਸਿੰਘ ਦਾ ਇੰਟਰਵਿਊ, ਜੋ ਇੰਡੀਅਨ ਐਕਸਪ੍ਰੈਸ ਵਿੱਚ ਛਪੇ ਸਨ, ਤਿੰਨਾਂ ਨੇ ਜੰਮੂ ਕਸ਼ਮੀਰ ਦੀ ਸਥਿਤੀ ਦੇ ਤੱਥਾਂ ਅਤੇ ਪਹੁੰਚ ਬਾਰੇ ਗੁੰਮਰਾਹਕੁੰਨ ਜਾਣਕਾਰੀ ਦਿੱਤੀ।




ਮਾਧਵ ਦਾ ਦਾਅਵਾ ਹੈ ਕਿ ਜੰਮੂ ਅਤੇ ਕਸ਼ਮੀਰ ਆਪਣਾ ਵਿਸ਼ੇਸ਼ ਦਰਜਾ ਗੁਆਉਣ ਅਤੇ ਦੋ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚ ਵੰਡਣ ਤੋਂ ਬਾਅਦ ਸੁਰੱਖਿਅਤ, ਆਰਥਿਕ ਤੌਰ ’ਤੇ ਬਿਹਤਰ ਅਤੇ ਸਮਾਜਿਕ ਤੌਰ ’ਤੇ ਵਧੇਰੇ ਸਥਿਰ ਹੈ। ਉਹ ਕਹਿੰਦਾ ਹੈ ਕਿ ਇਹਨਾਂ ਇਤਿਹਾਸਕ ਕਾਰਵਾਈਆਂ ਦੇ ਨਤੀਜੇ ਵਜੋਂ ਸਭ ਠੀਕ ਹੈ ,ਹਾਲਾਤ ਆਮ ਹਨ। ਉਨ੍ਹਾਂ ਦਾ ਤਰਕ ਹੈ ਕਿ ਉਥੇ ਸਿਨੇਪਲੈਕਸ ਖੁਲ੍ਹ ਚੁੱਕੇ ਹਨ, ਸੈਲਾਨੀ ਧੜਾ ਧੜ ਆ ਰਹੇ ਹਨ ਅਤੇ ਪੱਥਰਬਾਜ਼ੀ ਦੀਆਂ ਘਟਨਾਵਾਂ ਵਿੱਚ ਕਮੀ ਆਈ ਹੈ। ਸਿਨਹਾ ਦਾ ਦਾਅਵਾ ਹੈ ਕਿ ਬੁਨਿਆਦੀ ਢਾਂਚਾ ਤੇਜ਼ੀ ਨਾਲ ਵਿਕਸਤ ਹੋ ਰਿਹਾ ਹੈ, ਨਿਵੇਸ਼ ਵਧ ਰਿਹਾ ਹੈ ਅਤੇ ਆਮ ਲੋਕ ਆਪਣੇ ਵਿਚਾਰ ਪ੍ਰਗਟ ਕਰਨ ਲਈ ਆਜ਼ਾਦ ਹਨ। ਮਿਸ਼ਰਾ ਵੀ ਇਨ੍ਹਾਂ ਨੁਕਤਿਆਂ ਨੂੰ ਦੁਹਰਾਉਂਦੇ ਹਨ ਪਰ ਇਹ ਵੀ ਦੱਸਦੇ ਹਨ ਕਿ ਕਿਵੇਂ ਆਰਐਸਐਸ ਨੇ ਮੋਦੀ ਸਰਕਾਰ ਦੀ ਅਗਸਤ 2019 ਦੀ ਕਾਰਵਾਈ ਲਈ ਜ਼ਮੀਨ ਤਿਆਰ ਕੀਤੀ ਸੀ।

ਪਰ ਤੱਥਾਂ ਆਧਾਰਿਤ ਸੱਚ ਇਹ ਕਿ ਉਹ ਇਹਨਾਂ ਤਿੰਨਾਂ ਜ਼ਮੀਨੀ ਸਥਿਤੀ ਬਾਰੇ ਗਲਤ ਵਿਚਾਰ ਦੇ ਰਹੇ ਹਨ। 5 ਅਤੇ 9 ਅਗਸਤ, 2019 ਦੀ ਕਾਰਵਾਈ ਵਿਰੁੱਧ ਉੱਠੀ ਆਵਾਜ਼ ਨੂੰ ਦਬਾਉਣ ਲਈ 5000 ਕਸ਼ਮੀਰੀਆਂ ਨੂੰ ਹਿਰਾਸਤ ਵਿੱਚ ਲੈਣਾ ਕੀ ਆਮ ਘਟਨਾ ਹੈ? ਕੀ ਹਾਲਾਤ ਨਾਰਮਲ ਹਨ? ਕੀ ਕਸ਼ਮੀਰ ਬਾਰੇ ਸਹੀ ਜਾਣਕਾਰੀ ਦੇਣ ਵਾਲੇ ਸਰਕਾਰੀ ਝੂਠ ਦਾ ਪਰਦਾਫਾਸ਼ ਕਰਨ ਵਾਲੇ ਪੱਤਰਕਾਰਾਂ ਅਤੇ ਮਨੁੱਖੀ ਅਧਿਕਾਰਾਂ ਦੇ ਕਾਰਕੁਨਾਂ ਨੂੰ ਸਾਲਾਂ ਤੋਂ ਸਲਾਖਾਂ ਪਿੱਛੇ ਰੱਖਣਾ ਆਮ ਗੱਲ ਹੈ ? ਕੀ ਇਹ ਮਨੁੱਖੀ ਹਾਲਾਤਾਂ ਦੀ ਉਲੰਘਣਾ ਨਹੀਂ ਹੈ? ਕੀ ਇਸ ਸੰਦਰਭ ਵਿੱਚ ਕਸ਼ਮੀਰ ਦੀ ਸਥਿਤੀ ਨੂੰ ਸ਼ਾਂਤ ਕਿਹਾ ਜਾ ਸਕਦਾ ਹੈ?

ਪੰਡਤਾਂ ਅਤੇ ਪ੍ਰਵਾਸੀ ਮਜ਼ਦੂਰਾਂ ਨੂੰ ਜਿਹਾਦੀਆਂ ਵੱਲੋਂ ਨਿਸ਼ਾਨਾ ਬਣਾਇਆ ਜਾ ਰਿਹਾ ਹੈ, ਔਰਤਾਂ ਅਤੇ ਬੱਚਿਆਂ ਵਿਰੁੱਧ ਅਪਰਾਧ ਵੱਧ ਰਹੇ ਹਨ ਅਤੇ ਬੇਰੁਜ਼ਗਾਰੀ 23.1% (ਰਾਸ਼ਟਰੀ ਔਸਤ ਤੋਂ ਤਿੰਨ ਗੁਣਾ) ਹੈ ਤਾਂ ਕਿਹਾ ਜਾ ਸਕਦਾ ਹੈ ਕਿ ਕਸ਼ਮੀਰ ਦੀ ਸਥਿਤੀ ਸੁਧਰ ਗਈ ਹੈ? ਕੀ ਇਹ ਸ਼ਾਂਤਮਈ ਵਰਤਾਰਾ ਹੈ ਕਿ ਪੀਰ ਪੰਜਾਲ ਖੇਤਰ ਵਿੱਚ ਜਿਹਾਦੀ ਬਗਾਵਤ ਮੁੜ ਉੱਭਰ ਰਹੀ ਹੈ ਜਿੱਥੋਂ ਇਹ 15 ਸਾਲ ਪਹਿਲਾਂ ਖ਼ਤਮ ਹੋ ਗਈ ਸੀ?

ਕੀ ਇਹਨਾਂ ਹਾਲਾਤਾਂ ਨੂੰ ਸ਼ਾਂਤਮਈ ਕਿਹਾ ਜਾ ਸਕਦਾ ਹੈ ਜਦੋਂ ਰਾਜਨੀਤਿਕ ਨੇਤਾਵਾਂ ਨੂੰ ਸ਼ਾਂਤੀਪੂਰਵਕ ਪ੍ਰਦਰਸ਼ਨ ਕਰਨ ਦੀ ਇਜਾਜ਼ਤ ਨਾ ਦਿੱਤੀ ਜਾਵੇ ਜਾਂ ਉਨ੍ਹਾਂ ਦੇ ਦਫ਼ਤਰਾਂ ਨੂੰ ਸੀਲ ਕਰ ਦਿੱਤਾ ਜਾਵੇ ਜਿਵੇਂ ਕਿ ਪੀਡੀਪੀ ਅਤੇ ਐਨਸੀ ਨਾਲ ਹੋਇਆ ਸੀ ਜਦੋਂ ਕਿ ਇਹ ਤਿੰਨੇ ਲੇਖ ਪ੍ਰੈਸ ਵਿੱਚ ਸਨ? ਕੀ ਕਿਸੇ ਖੇਤਰ ਨੂੰ ਅਲੱਗ-ਥਲੱਗ ਕਰਨਾ, ਸਰਹੱਦ ਪਾਰ ਵਪਾਰ ਬੰਦ ਕਰਨਾ, ਸਥਾਨਕ ਹੋਟਲਾਂ ਨੂੰ ਲੀਜ਼ ਵਧਾਉਣ ਤੋਂ ਇਨਕਾਰ ਕਰਕੇ ਕਾਰੋਬਾਰ ਤੋਂ ਬਾਹਰ ਕਰ ਦੇਣਾ, ਅਤੇ ਗੈਰ-ਸਥਾਨਕ ਉਦਯੋਗਾਂ ਨੂੰ ਮਾਈਨਿੰਗ ਅਧਿਕਾਰ ਦਿੱਤੇ ਜਾਣਾ ਸ਼ਾਂਤਮਈ ਵਰਤਾਰਾ ਹੈ? ਕੀ ਇਹ ਤੱਥ ਕਸ਼ਮੀਰ ਦੇ ਹਾਲਾਤ ਸ਼ਾਂਤ ਹੋਣ ਦਾ ਦਾਅਵਾ ਭਰਦੇ ਹਨ ਕਿ 2019-2022 ਦੌਰਾਨ ਚਾਰ ਸਾਲਾਂ ਵਿੱਚ 71 ਸੀਆਰਪੀਐਫ ਜਵਾਨ ਮਾਰੇ ਗਏ, ਜੋ ਕਿ 2014-2018 ਦੌਰਾਨ ਮਾਰੇ ਗਏ (35) ਜਵਾਨਾਂ ਦੀ ਗਿਣਤੀ ਨਾਲੋਂ ਦੁੱਗਣੀ ਹੈ? ਅਤੇ ਸਭ ਤੋਂ ਮਹੱਤਵਪੂਰਨ, ਕੀ ਇਹ ਆਮ ਵਰਤਾਰਾ ਹੈ ਕਿ ਵਿਧਾਨ ਸਭਾ ਚੋਣਾਂ ਪੰਜ ਸਾਲਾਂ ਲਈ ਮੁਲਤਵੀ ਕਰ ਦਿੱਤੀਆਂ ਜਾਣ? ਜਿਥੇ ਜਮਹੂਰੀਅਤ ਪ੍ਰਬੰਧ ਨਾ ਹੋਵੇ,ਉਹ ਖਿੱਤਾ ਕਿਵੇਂ ਸ਼ਾਂਤਮਈ ਹੋ ਸਕਦਾ ਹੈ?

ਮਾਧਵ ਇੱਕ ਵੱਡਾ ਝੂਠਾ ਦਾਅਵਾ ਕਰਦੇ ਹਨ ਕਿ ਮੋਦੀ ਸਰਕਾਰ ਨੇ ਉਹੀ ਹਾਸਿਲ ਕੀਤਾ ਜੋ ਯੁੱਧ ਦੇ ਬਾਅਦ ਜਰਮਨੀ ਅਤੇ ਜਾਪਾਨ ਵਿੱਚ ਮਿੱਤਰ ਦੇਸ਼ਾਂ ਨੇ ਪ੍ਰਾਪਤ ਕੀਤਾ - ਫੌਜੀ ਢਾਂਚੇ ਨੂੰ ਖਤਮ ਕਰ ਦਿੱਤਾ। ਜਦ ਕਿ ਭਾਰਤੀ ਸੁਰੱਖਿਆ ਬਲਾਂ ਨੇ ਹੀ ਜੰਮੂ-ਕਸ਼ਮੀਰ ਵਿੱਚ ਫੌਜੀ ਢਾਂਚੇ ਦੀ ਸਿਰਜਣਾ ਕੀ ਤੱਥ ਸੀ ਜਦਕਿ ਇਹ ਢਾਂਚਾ ਖਤਮ ਨਹੀਂ ਹੋਇਆ। ਕਸ਼ਮੀਰ ਵਿੱਚ ਆਮ ਹਾਲਾਤ ਨਹੀਂ ਹਨ। ਰਾਸ਼ਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਸੰਭਾਵਿਤ ਤੌਰ ’ਤੇ ਹਾਲੇ ਤੱਕ ਪਾਕਿਸਤਾਨੀ ਫੌਜ ਦੇ ਨੁਮਾਇੰਦਿਆਂ ਨਾਲ ਗੁਪਤ ਗੱਲਬਾਤ ਕਰ ਰਿਹਾ ਸੀ, ਸ਼ਾਇਦ ਅਜੇ ਵੀ ਕਰ ਰਿਹਾ ਹੈ। ਸਮਝਿਆ ਜਾ ਰਿਹਾ ਹੈ ਕਿ ਪਾਕਿਸਤਾਨ ਦੀ ਭਾਰਤੀ ਕਸ਼ਮੀਰ ਵਿੱਚ ਦਖ਼ਲ-ਅੰਦਾਜ਼ੀ ਹੈ।

ਸਿਨਹਾ ਅਤੇ ਮਾਧਵ ਦਾ ਇਹ ਝੂਠਾ ਦਾਅਵਾ ਹੈ ਕਿ ਆਮ ਲੋਕ ਹੁਣ ਆਪਣੇ ਵਿਚਾਰ ਪ੍ਰਗਟ ਕਰਨ ਲਈ ਸੁਤੰਤਰ ਹਨ। ਮੈਂ ਹੈਰਾਨ ਹਾਂ ਕਿ ਲੋਕ ਕਿੱਥੇ ਆਪਣੇ ਸੁਤੰਤਰ ਵਿਚਾਰ ਪ੍ਰਗਟ ਕਰ ਰਹੇ ਹਨ। ਅਗਸਤ 2019 ਤੋਂ, ਮੈਂ ਘਾਟੀ ਦੇ ਕਿਸੇ ਵੀ ਅਖ਼ਬਾਰ ਵਿੱਚ ਵਿਚਾਰਾਂ ਦਾ ਕੋਈ ਸੁਤੰਤਰ ਪ੍ਰਗਟਾਵਾ ਨਹੀਂ ਦੇਖਿਆ। ਜੰਮੂ ਦੇ ਕੁਝ ਅਖ਼ਬਾਰਾਂ ਵਿੱਚ ਕੁਝ ਵਿਚਾਰ ਦਿਖਦੇ ਹਨ, ਪਰ ਉਨ੍ਹਾਂ ਵਿੱਚ ਸਰਕਾਰ ਪ੍ਰਤੱਖ ਅਸਹਿਮਤੱਥ ਬਹੁਤ ਘੱਟ ਹੈ।

ਇਸੇ ਤਰ੍ਹਾਂ ਬੇਰੁਜ਼ਗਾਰੀ ਦੇ ਅੰਕੜਿਆਂ ’ਤੇ ਅਫਸੋਸ ਜ਼ਾਹਰ ਕਰਦਿਆਂ, ਮਾਧਵ ਨੇ ਜ਼ੋਰ ਦੇ ਕੇ ਕਿਹਾ ਕਿ 30000 ਸਰਕਾਰੀ ਅਸਾਮੀਆਂ (ਅਸਲ ਵਿੱਚ 29295) ਭਰੀਆਂ ਗਈਆਂ ਹਨ ਪਰ ਉਹ ਇਹ ਦੱਸਣਾ ਭੁੱਲ ਜਾਂਦੇ ਹਨ ਕਿ 54710 ਅਸਾਮੀਆਂ ਖਾਲੀ ਹਨ। ਹੈਰਾਨੀ ਦੀ ਗੱਲ ਹੈ ਕਿ ਉਹ ਦਾਅਵਾ ਕਰਦੇ ਹਨ ਕਿ ਭ੍ਰਿਸ਼ਟਾਚਾਰ ਨੂੰ ਖ਼ਤਮ ਕਰ ਦਿੱਤਾ ਗਿਆ ਹੈ ਪਰ ਇਹ ਭੁੱਲ ਜਾਂਦੇ ਹਨ ਕਿ ਜੰਮੂ-ਕਸ਼ਮੀਰ ਚੋਣ ਬੋਰਡ ਨੇ ਇੰਜੀਨੀਅਰਾਂ ਦੀ ਨਿਯੁਕਤੀ ਦੀ ਪ੍ਰਕਿਰਿਆ ਬਲੈਕ ਲਿਸਟ ਕੰਪਨੀ ਐਪਟੈਕ ਲਿਮਟਿਡ ਨੂੰ ਦਿੱਤੇ ਸੀ ਅਤੇ ਜੰਮੂ ਵਿੱਚ ਜ਼ੋਰਦਾਰ ਵਿਰੋਧ ਪ੍ਰਦਰਸ਼ਨ ਤੋਂ ਬਾਅਦ ਠੇਕਾ ਰੱਦ ਕਰ ਦਿੱਤਾ ਗਿਆ ਸੀ।ਕੀ ਉਹ ਜਾਣਦੇ ਹਨ ਕਿ ਮੰਦਰਾਂ ਦੀ ਜ਼ਮੀਨ ਹੜੱਪਣ ਲਈ ਪ੍ਰਸ਼ਾਸਨ ਦੇ ਖ਼ਿਲਾਫ਼ ਜੰਮੂ-ਕਸ਼ਮੀਰ ਹਾਈ ਕੋਰਟ ਵਿੱਚ ਕਈ ਮੰਦਰਾਂ ਦੇ ਟ੍ਰਸਟਾਂ ਦੇ ਕੇਸ ਪੈਂਡਿੰਗ ਹਨ, ਇਹਨਾਂ ਵਿੱਚ ਇੱਕ ਪਾਰਸ ਗਰੁੱਪ ਵੱਲੋਂ ਹਸਪਤਾਲ ਬਣਾਉਣ ਦਾ, ਦੂਜਾ ਹੈਲੀਕਾਪਟਰ ਕੰਪਨੀ ਨੂੰ ਸ਼ਰਧਾਲੂਆਂ ਨੂੰ ਹਿੰਦੂ ਤੀਰਥ ਸਥਾਨਾਂ ਤੱਕ ਲਿਜਾਉਣ ਲਈ ਜ਼ਮੀਨ ਲਏ ਜਾਣ ਦਾ ਮਾਮਲਾ ਸ਼ਾਮਲ ਹੈ? ਕੀ ਇਹ ਸਭ ਭ੍ਰਿਸ਼ਟਾਚਾਰ ਵਿੱਚ ਨਹੀਂ ਆਉਂਦਾ?

ਮਿਸ਼ਰਾ ਦਾ ਲੇਖ ਵੀ ਗਲਤੀਆਂ ਨਾਲ ਭਰਿਆ ਹੋਇਆ ਹੈ। ਉਸਨੇ ਦੋਸ਼ ਲਾਇਆ ਕਿ ਮਹਾਰਾਜਾ ਹਰੀ ਸਿੰਘ ਨੇ ਜੁਲਾਈ, ਅਗਸਤ ਅਤੇ ਸਤੰਬਰ 1947 ਵਿੱਚ ਭਾਰਤੀ ਸੰਘ ਵਿੱਚ ਸ਼ਾਮਲ ਹੋਣ ਦੀ ਪੇਸ਼ਕਸ਼ ਕੀ ਤੱਥ ਸੀ ਪਰ ਮਹਾਰਾਜਾ ਸਥਿਤੀ ਅਤੇ ਰਲੇਵੇਂ ਦੇ ਸਮਝੌਤੇ ਬਾਰੇ ਉਲਝਣ ਵਿੱਚ ਜਾਪਦਾ ਸੀ। ਮਹਾਰਾਜਾ ਪਹਿਲਾਂ ਬਦਲ ਚਾਹੁੰਦਾ ਸੀ। ਪਾਕਿਸਤਾਨ ਨੇ ਉਸ ਉੱਤੇ ਦਸਤਖ਼ਤ ਕੀਤੇ ਅਤੇ ਫਿਰ ਉਲੰਘਣਾ ਕੀ ਤੱਥ, ਭਾਰਤ ਨੇ ਅਜਿਹਾ ਨਹੀਂ ਕੀਤਾ।

ਖੈਰ, ਮਿਸ਼ਰਾ ਦਾ ਇਹ ਖੁਲਾਸਾ ਕਿ ਕਿਵੇਂ ਆਰਐਸਐਸ ਨੇ ਧਾਰਾ 370 ਨੂੰ ਰੱਦ ਕਰਨ ਲਈ ਲੋਕਾਂ ਵਿੱਚ ਜਨਤਕ ਰਾਏ ਬਣਾਈ - ਕਸ਼ਮੀਰ ਨੂੰ ਛੱਡ ਕੇ ਹਰ ਜਗ੍ਹਾ - ਜੇ ਸੱਚ ਹੈ ਤਾਂ ਦਿਲਚਸਪ ਗਲ ਹੈ। ਜੋ ਗੱਲ ਉੱਭਰ ਕੇ ਸਾਹਮਣੇ ਆਉਂਦੀ ਹੈ ,ਉਹ ਇਹ ਹੈ ਕਿ ਕਸ਼ਮੀਰ ਦੀ ਜਨਤਾ ਦੀ ਰਾਏ ਦੀ ਕੋਈ ਮਹੱਤਤਾ ਨਹੀਂ ਹੈ ਅਤੇ ਇਹ ਭਾਜਪਾ ਨੇ ਕਦੇ ਕਸ਼ਮੀਰੀਆਂ ਦੇ ਰਾਇ ਦੀ ਪ੍ਰਵਾਹ ਨਹੀਂ ਕੀ ਤੱਥ। ਮਿਸ਼ਰਾ ਕਹਿੰਦਾ ਹੈ ਕਿ ਆਰਐਸਐਸ ਦਾ ਰਾਸ਼ਟਰੀ ਰਾਏ-ਨਿਰਮਾਣ ਮਿਸ਼ਨ 2016 ਵਿੱਚ ਸ਼ੁਰੂ ਹੋਇਆ ਸੀ ਜਦੋਂ ਭਾਜਪਾ ਅਤੇ ਪੀਡੀਪੀ ਨੇ ਗੱਠਜੋੜ ਦੀ ਸਰਕਾਰ ਬਣਾਈ ਸੀ। ਜ਼ਾਹਿਰ ਹੈ ਕਿ ਭਾਜਪਾ ਨੇ ਆਪਣੇ ਸਹਿਯੋਗੀ ਦਲ ਨੂੰ ਇਸ ਮੁਹਿੰਮ ਬਾਰੇ ਦੱਸਣਾ ਜ਼ਰੂਰੀ ਨਹੀਂ ਸਮਝਿਆ।

ਕੋਈ ਵੀ ਜੋ ਇਸ ਸਭ ਵਰਤਾਰੇ ਨੂੰ ਸਾਧਾਰਣ ਤੇ ਸ਼ਾਂਤਮਈ ਹਾਲਾਤ ਕਹਿੰਦਾ ਹੈ ਉਹ ਜਾਣ ਬੁੱਝ ਕੇ ਸਚਾਈ ਤੋਂ ਅੱਖਾਂ ਮੀਟ ਰਿਹਾ ਹੈ । ਸੱਚ ਇਹੀ ਹੈ ਕਿ ਮੋਦੀ ਸਰਕਾਰ ਦੇ ਲਈ ਮਨਮਾਨੇ ਕਾਨੂੰਨੀ ਅਤੇ ਰਾਜਨੀਤਿਕ ਤਬਦੀਲੀਆਂ ਨੇ ਸਥਾਨਕ ਜੀਵਨ ਦੇ ਹਰ ਪਹਿਲੂ ਨੂੰ ਪ੍ਰਭਾਵਿਤ ਕੀਤਾ ਹੈ ਅਤੇ ਨਾਲ ਹੀ ਮਨੁੱਖੀ ਅਧਿਕਾਰਾਂ ਦੀਆਂ ਉਲੰਘਨਾਵਾਂ ਕਰਨ ਵਾਲੀਆਂ ਲਗਾਤਾਰ ਪੁਲਿਸ ਮੁਹਿੰਮਾਂ ਨੇ ਘਾਟੀ ਅਤੇ ਜੰਮੂ ਦੀ ਮੁਸਲਿਮ ਆਬਾਦੀ ਵਿੱਚ ਅਜਿਹਾ ਡਰ ਪੈਦਾ ਕੀਤਾ ਹੈ ਕਿ ਆਮ ਨਾਗਰਿਕ ਬੋਲਣ ਦੀ ਹਿੰਮਤ ਨਾ ਕਰੇ। ਇਸ ਤੋਂ ਵੱਡਾ ਸੰਕੇਤ ਕੀ ਹੋ ਸਕਦਾ ਹੈ ਕਿ ਕਸ਼ਮੀਰ ਦੇ ਹਾਲਾਤ ਸ਼ਾਂਤ ਨਹੀਂ ਹਨ। ਲੱਦਾਖ ਜਿਸ ਵਿੱਚ ਲੇਹ ਨੇ ਵਿਸ਼ੇਸ਼ ਦਰਜਾ ਖਤਮ ਕਰਨ ਅਤੇ ਦੋ ਕੇਂਦਰ ਸ਼ਾਸਿਤ ਪ੍ਰਦੇਸ਼ ਬਣਾਉਣ ਦਾ ਸਵਾਗਤ ਕੀਤਾ ਸੀ, ਹੁਣ ਲੋਕਾਂ ਵਲੋਂ ਕਾਰਗਿਲ ਦੇ ਨਾਲ ਮਿਲਕੇ ਲੈਫਟੀਨੈਂਟ ਗਵਰਨਰ ਦੀ ਬਜਾਏ ਚੁਣੇ ਹੋਏ ਪ੍ਰਸ਼ਾਸਕ ਦੀ ਮੰਗ ਕੀ ਤੱਥ ਜਾ ਰਹੀ ਹੈ।

ਮਾਧਵ ਦਾ ਕਹਿਣਾ ਹੈ ਕਿ ਜੰਮੂ-ਕਸ਼ਮੀਰ ਵਿੱਚ ਚੋਣਾਂ ਸਮੇਂ ਨਾਲ ਹੋਣਗੀਆਂ। ਚੰਗਾ ਹੁੰਦਾ ਜੇਕਰ ਉਹ ਮੋਦੀ ਸਰਕਾਰ ਨੂੰ ਸੰਸਦ ਸੈਸ਼ਨ ਵਿੱਚ ਲਿਆਂਦੇ ਜਾ ਰਹੇ ਚਾਰ ਪ੍ਰਸਤਾਵਾਂ ਨੂੰ ਰੋਕਣ ਦੀ ਸਲਾਹ ਦਿੰਦੇ, ਜੋ ਰਾਖਵੇਂਕਰਨ ਰਾਹੀਂ ਚੋਣਾਂ ਨੂੰ ਪ੍ਰਭਾਵਿਤ ਕਰਨ ਦਾ ਇਰਾਦਾ ਰੱਖਦੇ ਹਨ। ਮਿਸ਼ਰਾ ਵੀ ਲਿਖਦੇ ਹਨ ਕਿ ਅਗਸਤ 2019 ਦੀ ਕਾਰਵਾਈਆਂ ਨੂੰ ਚੁਣੌਤੀ ਦੇਣ ਬਾਰੇ ਸੁਪ੍ਰੀਮ ਕੋਰਟ ਵਿੱਚ ਸੁਣਵਾਈ ਚਲ ਰਹੀ ਹੈ। ਸੱਚਾਈ ਮੰਗ ਕਰਦੀ ਹੈ ਕਿ ਸਰਕਾਰ ਅਦਾਲਤ ਦੇ ਫ਼ੈਸਲੇ ਤੱਕ ਇੰਤਜ਼ਾਰ ਕਰੇ ਤਾਂ ਜੋ ਬਿੱਲ ਨੂੰ ਮਹੀਨਿਆਂ ਅੰਦਰ ਰੱਦ ਨਾ ਕਰਨਾ ਪਵੇ। ਪਰ ਫਿਰ, ਮਨੀਪੁਰ ਵਿੱਚ ਸੰਘਰਸ਼ ਹੋਵੇ, ਹਰਿਆਣਾ ਵਿੱਚ ਹਿੰਸਾ ਹੋਵੇ ਜਾਂ ਦਿੱਲੀ ਸੇਵਾ ਬਿੱਲ, ਸਾਡੀ ਸਰਕਾਰ ਨੇ ਦਇਆ, ਜਵਾਬਦੇਹੀ ਅਤੇ ਸੱਚਾਈ ਤੋਂ ਆਪਣਾ ਪਿੱਛਾ ਛੁਡਾ ਰਹੀ ਹੈ। ਜੰਮੂ-ਕਸ਼ਮੀਰ ਦੇ ਨਾਲ-ਨਾਲ ਦੇਸ਼ ਦੇ ਬਾਕੀ ਹਿੱਸਿਆਂ ਵਿੱਚ ਇਹ ਆਮ ਘਟਨਾਵਾਂ ਹਨ।

**(ਲੇਖਕ ਜੰਮੂ-ਕਸ਼ਮੀਰ ਅਤੇ ਕੇਂਦਰ ਵਿਚਾਲੇ ਇੱਕ ਸਾਬਕਾ ਵਾਰਤਾਕਾਰ ਵਜੋਂ ਕੰਮ ਕਰ ਚੁੱਕੀ ਹੈ। ਇਹ ਲੇਖ ਇੰਡੀਅਨ ਐਕਸਪ੍ਰੈਸ ਤੋਂ ਲਿਆ ਗਿਆ ਹੈ।)**

# ਸਰਕਾਰੀ ਬੁਲਡੋਜ਼ਰ ਤੇ ਭਗਵਿਆਂ ਦੀ ਹਿੰਸਾ ਦਾ ਸ਼ਿਕਾਰ ਮੁਸਲਮਾਨ ਭਾਈਚਾਰਾ

## ਸਰਕਾਰ ਕਹਿ ਰਹੀ ਹੈ ਬਰਦਾਸ਼ਤ ਕਰੋ, ਪਰ ਕਦੋਂ ਤੱਕ ?



ਅਪੂਰਵਾਨੰਦ
ਪ੍ਰੋਫੈਸਰ ਦਿੱਲੀ ਯੂਨੀਵਰਸਿਟੀ



ਲਿਖਣ ਲਈ ਬਹੁਤ ਸਾਰੇ ਵਿਸ਼ੇ ਹਨ ਪਰ ਘੱਟੋ-ਘੱਟ ਪਿਛਲੇ 9 ਸਾਲਾਂ ਤੋਂ ਰਾਸ਼ਟਰੀ ਵਿਸ਼ਾ ਇੱਕੋ ਹੀ ਬਣਿਆ ਰਿਹਾ ਹੈ। ਵਿਸ਼ਾ ਇੱਕੋ ਹੈ: ਮੁਸਲਮਾਨਾਂ ਵਿਰੁੱਧ ਹਿੰਸਾ। ਹਰਿਆਣਾ ਦੇ ਨੂਹ ਵਿੱਚ ਹਿੰਸਾ ਤੋਂ ਬਾਅਦ ਗੁੜਗਾਓਂ, ਸੋਹਾਣਾ ਅਤੇ ਆਸ-ਪਾਸ ਦੇ ਇਲਾਕਿਆਂ ਵਿੱਚ ਮੁਸਲਮਾਨਾਂ 'ਤੇ ਹਿੰਸਾ ਦਾ ਸਿਲਸਿਲਾ ਪੂਰੀ ਤਰ੍ਹਾਂ ਰੁਕਿਆ ਨਹੀਂ ਹੈ ਕਿ ਹੁਣ ਸਰਕਾਰ ਨੇ ਮੁਸਲਮਾਨਾਂ ਦੇ ਘਰ ਅਤੇ ਦੁਕਾਨਾਂ ਨੂੰ ਬੁਲਡੋਜ਼ਰ ਨਾਲ ਢਾਹੀਆਂ ਹਨ। ਸਰਕਾਰ ਵੱਲੋਂ ਕਿਹਾ ਜਾ ਰਿਹਾ ਹੈ ਕਿ ਇਹ ਸਭ ਗੈਰ-ਕਾਨੂੰਨੀ ਹਨ ਪਰ ਇਹ ਪੁੱਛਿਆ ਜਾ ਸਕਦਾ ਹੈ ਕਿ ਇਸ ਸਮੇਂ ਅਚਾਨਕ ਇਨ੍ਹਾਂ ਨੂੰ ਕਿਉਂ ਢਾਹਿਆ ਗਿਆ ਹੈ ? ਇਹ ਬੁਲਡੋਜ਼ਰ ਭਾਰਤੀ ਜਨਤਾ ਪਾਰਟੀ ਦੀਆਂ ਸਰਕਾਰਾਂ ਵੱਲੋਂ ਬਦਲਾ ਲੈਣ ਦਾ ਇੱਕ ਢੰਗ ਹੈ।

ਇਸ ਸਮੇਂ ਮੁਸਲਮਾਨਾਂ ਨੂੰ ਬੇਘਰ ਕੀਤਾ ਜਾ ਰਿਹਾ ਹੈ। ਇਸ ਪਿਛੇ ਤਰਕ ਇਹ ਦਿੱਤਾ ਜਾ ਰਿਹਾ ਹੈ ਕਿ ਨੂਹ ਦੀ ਹਿੰਸਾ ਮੁਸਲਮਾਨਾਂ ਨੇ ਸ਼ੁਰੂ ਕੀਤੀ ਸੀ। ਇਕ ਪੱਧਰ 'ਤੇ ਵੀ ਮੁਸਲਮਾਨ ਵੀ ਹਿੰਸਾ ਤੋਂ ਇਨਕਾਰ ਨਹੀਂ ਕਰਦੇ। ਉਹਨਾਂ ਦਾ ਤਰਕ ਇਹ ਹੈ ਕਿ ਇਹ ਹਿੰਦੂ ਰਾਸ਼ਟਰਵਾਦੀਆਂ ਦੀ ਭਾਸ਼ਾ ਦੀ ਹਿੰਸਾ ਦਾ ਜਵਾਬ ਸੀ। ਵਿਸ਼ਵ ਹਿੰਦੂ ਪ੍ਰੀਸ਼ਦ ਅਤੇ ਬਜਰੰਗ ਦਲ ਵੱਲੋਂ ਮੁਸਲਿਮ ਬਹੁਗਿਣਤੀ ਵਾਲੇ ਇਲਾਕੇ ਨੂਹ ਤੋਂ ਯਾਤਰਾ ਕੱਢਣ ਤੋਂ ਪਹਿਲਾਂ ਜੋ ਵੀਡੀਓ ਜਾਰੀ ਕੀਤੇ ਗਏ ਸਨ, ਉਹ ਯਾਤਰਾ ਬਾਰੇ ਜਾਣਕਾਰੀ ਦੇਣ ਲਈ ਨਹੀਂ, ਸਗੋਂ ਮੁਸਲਮਾਨਾਂ ਨੂੰ ਜ਼ਲੀਲ ਕਰਨ ਲਈ ਬਣਾਏ ਗਏ ਸਨ। ਇਸ ਹਿੰਸਾ ਵਿੱਚ ਹੁਣ ਤਕ ਛੇ ਲੋਕ ਮਾਰੇ ਗਏ ਸਨ। ਫਿਰ ਹਿੰਦੂਤਵੀਆਂ ਵੱਲੋਂ ਜਵਾਬੀ ਹਮਲੇ ਸ਼ੁਰੂ ਹੋ ਗਏ। ਉਹ ਸਿਰਫ਼ ਨੂਹ ਤਕ ਨਹੀਂ ਰਹੇ, ਸੋਹਣਾ ਅਤੇ ਗੁੜਗਾਓਂ ਤੱਕ ਫੈਲ ਗਏ, । ਸੈਂਕੜੇ ਘਰ ਅਤੇ ਦੁਕਾਨਾਂ ਸੜ ਗਈਆਂ। ਰਾਤ ਨੂੰ ਮਸਜਿਦ ਦੀ ਭੰਨ ਤੋੜ ਕੀਤੀ ਗਈ ਅਤੇ ਇੱਕ ਮੌਲਵੀ ਦਾ ਕਤਲ ਕਰ ਦਿੱਤਾ ਗਿਆ।

ਉਸ ਤੋਂ ਬਾਅਦ ਸਰਕਾਰੀ ਕਾਰਵਾਈ ਸ਼ੁਰੂ ਹੋਈ। ਐਸ.ਆਈ.ਆਰ., ਗ੍ਰਿਫਤਾਰੀਆਂ ਅਤੇ ਬੁਲਡੋਜ਼ਰਾਂ ਨਾਲ ਘਰਾਂ ਨੂੰ ਢਾਹਿਆ ਜਾਣਾ। ਇਹ ਸਭ ਬਿਨਾਂ ਕਿਸੇ ਜਾਂਚ ਦੇ ਕੀਤਾ ਗਿਆ। ਇਹ ਦੱਸਣ ਦੀ ਲੋੜ ਨਹੀਂ ਕਿ ਗ੍ਰਿਫ਼ਤਾਰੀਆਂ ਜ਼ਿਆਦਾਤਰ ਮੁਸਲਮਾਨ ਭਾਈਚਾਰੇ ਵਿੱਚੋਂ ਹੋਈਆਂ ਹਨ। ਹਰਿਆਣਾ ਸਰਕਾਰ ਦਾ ਇੱਕ ਮੰਤਰੀ ਅਤੇ ਭਾਰਤੀ ਜਨਤਾ ਪਾਰਟੀ ਦਾ ਇੱਕ ਆਗੂ ਇਹ ਸਵਾਲ ਕਰ ਰਿਹਾ ਹੈ ਕਿ ਯਾਤਰਾ ਵਿੱਚ ਹਥਿਆਰ ਲਿਆਉਣ ਦੀ ਇਜਾਜ਼ਤ ਕਿਉਂ ਦਿੱਤੀ ਗਈ, ਕੀ ਪੁਲਿਸ ਇਸ ਦਾ ਜਵਾਬ ਲੱਭ ਰਹੀ ਹੈ ? ਸਾਨੂੰ ਜਵਾਬ ਪਤਾ ਹੈ।

ਹਰਿਆਣਾ ਸਰਕਾਰ ਕਹਿ ਰਹੀ ਹੈ ਕਿ ਇਸ ਹਿੰਸਾ ਪਿੱਛੇ ਵੱਡੀ ਸਾਜ਼ਿਸ਼ ਹੈ। ਇੱਕ ਮੰਤਰੀ ਕਹਿ ਰਿਹਾ ਹੈ ਕਿ ਯਾਤਰਾ ਦੇ ਪ੍ਰਬੰਧਕਾਂ ਨੇ ਸਰਕਾਰ ਨੂੰ ਹਨੇਰੇ ਵਿੱਚ ਰੱਖਿਆ ਪਰ ਬਿਨਾਂ ਕਿਸੇ ਜਾਂਚ, ਬਿਨ੍ਹਾਂ ਕਿਸੇ ਰਿਪੋਰਟ ਦੇ ਇੱਕ ਫਿਰਕੇ ਦੇ ਲੋਕਾਂ ਦੇ ਮਕਾਨ ਅਤੇ ਦੁਕਾਨਾਂ ਨੂੰ ਢਾਹਿਆ ਗਿਆ।

ਮਨੀਪੁਰ ਵਿੱਚ ਇੰਨੀ ਭਿਆਨਕ ਹਿੰਸਾ ਤੋਂ ਬਾਅਦ, ਜੇਕਰ ਕੋਈ ਸਰਕਾਰ ਇਹ ਕਹੇ ਕਿ ਉਸ ਦੇ ਰਾਜ ਵਿੱਚ ਕੀ ਹੋ ਰਿਹਾ ਹੈ, ਉਸ ਨੂੰ ਪਤਾ ਨਹੀਂ ਹੈ, ਤਾਂ ਇਸ ਬਾਰੇ ਕੀ ਪ੍ਰਭਾਵ ਬਣਾਇਆ ਜਾ ਸਕਦਾ ਹੈ ? ਇਸ ਸਮੇਂ ਹਰ ਪਾਸੇ ਜ਼ਿਆਦਾ ਸਾਵਧਾਨੀ ਦੀ ਲੋੜ ਹੈ। ਫਿਰ ਵਿਸ਼ਵ ਹਿੰਦੂ ਪ੍ਰੀਸ਼ਦ ਅਤੇ ਬਜਰੰਗ ਦਲ ਭਾਜਪਾ ਦੀਆਂ ਆਪਣੀਆਂ ਸੰਸਥਾਵਾਂ ਹਨ। ਕੀ ਪ੍ਰਧਾਨ ਮੰਤਰੀ ਨੇ ਕਰਨਾਟਕ ਵਿੱਚ ਬਜਰੰਗ ਦਲ ਦੇ ਹੱਕ ਵਿੱਚ ਨਾਅਰੇਬਾਜ਼ੀ ਨਹੀਂ ਕੀਤੀ ? ਕੀ ਇਹ ਜਥੇਬੰਦੀਆਂ ਸਰਕਾਰ ਨੂੰ ਹਨੇਰੇ ਵਿੱਚ ਰੱਖ ਕੇ ਤਣਾਅ ਅਤੇ ਹਿੰਸਾ ਦਾ ਮਾਹੌਲ ਪੈਦਾ ਕਰ ਰਹੀਆਂ ਹਨ ? ਕੀ ਇਹ ਸਭ ਇੱਕ ਦੂਜੇ ਤੋਂ ਸੁਤੰਤਰ ਹਨ ?

ਜੇਕਰ ਇਸ ਰਿਸ਼ਤੇ ਨੂੰ ਸਮਝਣਾ ਹੋਵੇ ਤਾਂ ਇਹ ਦੇਖਣਾ ਕਾਫ਼ੀ ਹੈ ਕਿ ਰਾਜਸਥਾਨ ਦੇ ਜੁਨੈਦ ਅਤੇ ਨਾਸਿਰ ਦੇ ਕਤਲ ਦਾ ਦੋਸ਼ੀ ਮੋਨੂੰ ਮਾਨੇਸਰ ਹਰਿਆਣਾ ਵਿੱਚ ਸ਼ਾਂਤੀ ਨਾਲ ਰਹਿ ਰਿਹਾ ਹੈ। ਰਾਜਸਥਾਨ ਪੁਲਿਸ ਉਸ ਦੀ ਭਾਲ ਕਰ ਰਹੀ ਹੈ ਪਰ ਹਰਿਆਣਾ ਪੁਲਿਸ ਉਸ ਨੂੰ ਫੜਨ ਵਿੱਚ ਕੋਈ ਮਦਦ ਕਰਨ ਲਈ ਤਿਆਰ ਨਹੀਂ ਹੈ।

ਮੋਨੂੰ ਨੂੰ ਹਰਿਆਣਾ ਸਰਕਾਰ ਦੀ ਸਰਪ੍ਰਸਤੀ ਹਾਸਲ ਹੈ, ਇਹ ਇਸ ਗੱਲ ਤੋਂ ਪਤਾ ਲੱਗਦਾ ਹੈ ਕਿ ਉਸ ਨੇ ਇਸ ਦੌਰੇ ਤੋਂ ਪਹਿਲਾਂ ਇੱਕ ਵੀਡੀਓ ਬਣਾ ਕੇ ਸਰਕੂਲੇਟ ਕੀਤਾ ਸੀ। ਉਸ ਨੇ ਯਾਤਰਾ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ ਸੀ। ਇੱਕ ਹੋਰ ਵੀਡੀਓ ਵਿੱਚ ਮੁਸਲਮਾਨਾਂ ਵਿਰੁੱਧ ਅਪਮਾਨਜਨਕ ਟਿੱਪਣੀਆਂ ਕੀਤੀਆਂ ਗਈਆਂ ਸਨ। ਕੀ ਹਰਿਆਣਾ ਸਰਕਾਰ ਇਸ ਤੋਂ ਅਣਜਾਣ ਸੀ ?

ਕਿਹਾ ਜਾ ਸਕਦਾ ਹੈ ਕਿ ਉਸ ਇਲਾਕੇ ਦੇ ਬਹੁਤ ਸਾਰੇ ਮੁਸਲਮਾਨ ਕਹਿ ਰਹੇ ਹਨ ਕਿ ਮੁਸਲਮਾਨਾਂ ਨੂੰ ਇਹ ਨਮੋਸ਼ੀ ਝੱਲਣੀ ਚਾਹੀਦੀ ਸੀ। ਉਸ ਨੂੰ ਆਪਣੇ ਆਪ 'ਤੇ ਕਾਬੂ ਰੱਖਣਾ ਚਾਹੀਦਾ ਸੀ। ਪਰ ਕੁਝ ਮੁਸਲਿਮ ਨੌਜਵਾਨ ਇਸ ਨੂੰ ਬਰਦਾਸ਼ਤ ਨਹੀਂ ਕਰਨਾ ਚਾਹੁੰਦੇ ਸਨ। ਫਿਰ ਹਿੰਸਾ ਹੋਈ ਅਤੇ ਮੁਸਲਮਾਨਾਂ ਨੇ ਇਸ ਦੀ ਵੱਡੀ ਕੀਮਤ ਅਦਾ ਕੀਤੀ।

ਇਹ ਬਹੁਤ ਸਪੱਸ਼ਟ ਹੈ ਅਤੇ ਮੁਸਲਮਾਨ ਜਾਣਦੇ ਹਨ ਕਿ ਭਾਰਤ ਵਿੱਚ ਹਿੰਦੂਆਂ ਅਤੇ ਮੁਸਲਮਾਨਾਂ ਵਿਚਾਲੇ ਸਿਆਸੀ ਸ਼ਕਤੀ ਦਾ ਭਿਆਨਕ ਅਸੰਤੁਲਨ ਹੈ। ਭਾਰਤੀ ਰਾਜ ਦੀ ਸਿਆਸੀ ਤਾਕਤ ਅਕਸਰ ਹਿੰਦੂਤਵੀ ਜਥੇਬੰਦੀਆਂ ਕੋਲ ਹੁੰਦੀ ਹੈ ਜਾਂ ਇਹਨਾਂ ਪਿੱਛੇ ਇਹਨਾਂ ਦਾ ਹੱਥ ਹੁੰਦਾ ਹੈ।

ਇਸ ਨੂੰ ਹੋਰ ਤਰੀਕੇ ਨਾਲ ਸਮਝਣ ਦੀ ਕੋਸ਼ਿਸ਼ ਕਰੋ। ਮਨੀਪੁਰ ਵਿੱਚ ਵੀ ਕੂਕੀ ਲੋਕਾਂ ਨੇ ਹਿੰਸਾ ਕੀਤੀ ਹੈ। ਪਰ ਜਿਵੇਂ ਨੰਦਿੱਤਾ ਹਕਸਰ ਨੇ ਲਿਖਿਆ ਹੈ, ਸਰਕਾਰ ਮੈਤਈ ਲੋਕਾਂ ਦੇ ਪਿੱਛੇ ਹੈ। ਇਹੀ ਕਾਰਨ ਹੈ ਕਿ ਮੈਤਈ ਹਿੰਸਾ ਅਸਲ ਵਿੱਚ ਰਾਜ ਦੀ ਹਿੰਸਾ ਵਿੱਚ ਬਦਲ ਗਈ ਹੈ। ਜੇਕਰ ਕੂਕੀ ਲੋਕਾਂ ਦਾ ਸਫਾਇਆ ਨਹੀਂ ਕੀਤਾ ਗਿਆ ਹੈ, ਤਾਂ ਇਹ ਇਸ ਲਈ ਹੈ ਕਿਉਂਕਿ ਉਨ੍ਹਾਂ ਕੋਲ ਅਜਿਹਾ ਖੇਤਰ ਹੈ ਜਿੱਥੇ ਉਹ ਇਕੱਠੇ ਹੋ ਸਕਦੇ ਹਨ ਅਤੇ ਉਨ੍ਹਾਂ ਕੋਲ ਹਿੰਸਾ ਦੇ ਸਾਧਨ ਵੀ ਹਨ। ਇਸ ਇਕ ਚੀਜ਼ ਨੇ ਉਨ੍ਹਾਂ 'ਤੇ ਹਮਲੇ ਨਹੀਂ ਹੋਣ ਦਿੱਤੇ ਜਿਵੇਂ ਭਾਰਤ ਵਿੱਚ ਮੁਸਲਮਾਨਾਂ ਨੂੰ ਝੱਲਣਾ ਪੈਂਦਾ ਹੈ।

ਇਹ ਨਿਸ਼ਚਿਤ ਹੈ ਅਤੇ ਕਈ ਵਾਰ ਦੇਖਿਆ ਗਿਆ ਹੈ ਕਿ ਜੇਕਰ ਮੁਸਲਮਾਨ ਆਪਣੇ ਆਪ ਨੂੰ ਹਿੰਸਾ ਤੋਂ ਬਚਾਉਣ ਦੀ ਕੋਸ਼ਿਸ਼ ਕਰਦੇ ਹਨ ਤਾਂ ਵੀ ਉਨ੍ਹਾਂ ਨੂੰ ਦੋਹਰੀ ਹਿੰਸਾ ਦਾ ਸਾਹਮਣਾ ਕਰਨਾ ਪੈਂਦਾ ਹੈ। ਪੁਲਿਸ ਅਤੇ ਪ੍ਰਸ਼ਾਸਨ ਅਕਸਰ ਉਨ੍ਹਾਂ ਦੇ ਖ਼ਿਲਾਫ਼ ਹੁੰਦਾ ਹੈ। ਜੇਕਰ ਕੁਝ ਪੁਲਿਸ ਅਧਿਕਾਰੀ ਹਿੰਦੂਤਵਵਾਦੀਆਂ ਨੂੰ ਹਿੰਸਾ ਤੋਂ ਰੋਕਦੇ ਹਨ ਤਾਂ ਉਹਨਾਂ ਨੂੰ ਜਾਂ ਤਾਂ ਸਰਕਾਰ ਵੱਲੋਂ ਸਜ਼ਾ ਦਿੱਤੀ ਜਾਂਦੀ ਹੈ ਜਾਂ ਉਹਨਾਂ ਨੂੰ ਮਾਰ ਦਿੱਤਾ ਜਾਂਦਾ ਹੈ। ਪ੍ਰਭਾਕਰ ਚੌਧਰੀ ਅਤੇ ਸੁਬੋਧ ਕੁਮਾਰ ਸਿੰਘ ਅਜਿਹੇ ਉਦਾਹਰਨ ਹਨ।

ਸਾਨੂੰ ਹਿੰਦੂ ਸਮਾਜ ਨੂੰ ਇਹ ਵਿਚਾਰ ਕਰਨ ਦੀ ਲੋੜ ਹੈ ਕਿ ਕੀ ਹਿੰਦੂ ਹੁਣ ਆਪਣਾ ਕੋਈ ਪ੍ਰੋਗਰਾਮ ਦੂਜੇ ਭਾਈਚਾਰਿਆਂ ਨੂੰ ਜ਼ਲੀਲ ਕੀਤੇ ਬਿਨਾਂ ਨਹੀਂ ਕਰ ਸਕਦੇ ? ਵਿਸ਼ਵ ਹਿੰਦੂ ਪ੍ਰੀਸ਼ਦ ਜਾਂ ਬਜਰੰਗ ਦਲ ਦੀ ਹਰਿਆਣਾ ਫੇਰੀ ਨੂੰ ਉਤਸ਼ਾਹਿਤ ਕਰਨ ਲਈ ਜਾਰੀ ਕੀਤੀ ਗਈ ਵੀਡੀਓ ਨਾਲ ਕਿੰਨੇ ਲੋਕ ਸਹਿਮਤ ਹਨ ? ਕੀ ਅਸੀਂ ਪੁੱਛ ਸਕਦੇ ਹਾਂ ਕਿ ਜਦੋਂ ਇਹ ਪੁਲਿਸ ਦੇ ਧਿਆਨ ਵਿੱਚ ਲਿਆਂਦਾ ਗਿਆ ਸੀ, ਤਾਂ ਉਹਨਾਂ ਨੇ ਇਹਨਾਂ ਦੇ ਪ੍ਰਸਾਰ ਨੂੰ ਤੁਰੰਤ ਬੰਦ ਕਿਉਂ ਨਹੀਂ ਕੀਤਾ ? ਉਸ ਦੀ ਨਿੰਦਾ ਕਰਨ ਵਾਲਾ ਕੋਈ ਬਿਆਨ ਕਿਉਂ ਨਹੀਂ ਜਾਰੀ ਕੀਤਾ ? ਇਹ ਵੀਡੀਓ ਬਣਾਉਣ ਅਤੇ ਜਾਰੀ ਕਰਨ ਵਾਲਿਆਂ ਖ਼ਿਲਾਫ਼ ਕੋਈ ਕਾਰਵਾਈ ਕਿਉਂ ਨਹੀਂ ਕੀਤੀ ਗਈ ?

ਜੇਕਰ ਪ੍ਰਸ਼ਾਸਨ ਨੇ ਇਨ੍ਹਾਂ ਵਿਚੋਂ ਇੱਕ ਵੀ ਕਦਮ ਚੁੱਕਿਆ ਹੁੰਦਾ ਤਾਂ ਮੁਸਲਮਾਨਾਂ ਨੂੰ ਯਕੀਨ ਹੁੰਦਾ ਕਿ ਸਰਕਾਰ ਉਨ੍ਹਾਂ ਦੇ ਨਾਲ ਹੈ ਪਰ ਸਰਕਾਰ ਸਿਰਫ਼ ਉਹਨਾਂ ਨੂੰ ਕਹਿ ਰਹੀ ਹੈ ਕਿ ਤੁਹਾਡੇ ਨਾਲ ਜੋ ਵੀ ਵਾਪਰਦਾ ਹੈ, ਉਹ ਬਰਦਾਸ਼ਤ ਕਰੋ। ਮੁਸਲਮਾਨ ਭਾਈਚਾਰਾ ਜਾਣਦਾ ਹੈ ਕਿ ਉਸ ਕੋਲ ਤਾਕਤ ਘੱਟ ਹੈ ਅਤੇ ਨੁਕਸਾਨ ਉਸ ਦਾ ਹੀ ਹੋਵੇਗਾ, ਪਰ ਕਦੋਂ ਤੱਕ ?

# ਜਮਹੂਰੀ ਸੰਸਥਾਵਾਂ ਨੂੰ ਤਬਾਹ ਕਰਨ ਵਾਲੇ ਤਾਨਾਸ਼ਾਹ ਨੂੰ ਪਸੰਦ ਨਹੀਂ ਕਰਦੇ ਲੋਕ



ਆਸ਼ੂਤੋਸ਼ ਪੱਤਰਕਾਰ



ਅੱਜ ਭਾਰਤ ਵਿੱਚ ਸੰਸਥਾਵਾਂ ਦੀਆਂ ਜਗ੍ਹਾ ਵਿਅਕਤੀ ਜਾਂ ਕਰਿਸ਼ਮੇ ਦੀ ਜੈ-ਜੈਕਾਰ ਕੀਤੀ ਜਾ ਰਹੀ ਹੈ ਅਤੇ ਸੰਸਥਾਵਾਂ ਨੂੰ ਕਮਜ਼ੋਰ ਕੀਤਾ ਜਾ ਰਿਹਾ ਹੈ।ਤਾਜ਼ਾ ਉਦਾਹਰਨ ਚੋਣ ਕਮਿਸ਼ਨ ਦੀ ਹੈ ਜਿਸ ਦੀ ਭਰੋਸਗੀ 'ਤੇ ਗੰਭੀਰ ਸੁਆਲ ਪਿਛਲੇ ਕੁਝ ਸਾਲਾਂ ਤੋਂ ਉੱਠ ਰਹੇ ਹਨ। ਕਮਿਸ਼ਨ ਬਾਰੇ ਇਹ ਕਿਹਾ ਜਾਣ ਲੱਗਾ ਹੈ ਕਿ ਉਹ ਸਰਕਾਰ ਦੀ ਮੁੱਠੀ ਵਿੱਚ ਹੈ। ਉਸ ਦੇ ਇਸ਼ਾਰੇ 'ਤੇ ਹੀ ਫ਼ੈਸਲਾ ਆਉਂਦਾ ਹੈ ਅਤੇ ਜੋ ਚੋਣ ਕਮਿਸ਼ਨਰ ਸਰਕਾਰ ਜਾਂ ਸੱਤਾਧਾਰੀ ਪਾਰਟੀ ਦੀ ਗੱਲ ਨਾਲ ਸਹਿਮਤ ਨਹੀਂ ਹੁੰਦਾ ਜਾਂ ਫਿਰ ਉਨ੍ਹਾਂ ਦਾ ਪੱਖ ਨਹੀਂ ਲੈਂਦਾ ਤਾਂ ਫਿਰ ਉਸ ਨੂੰ ਸਜ਼ਾ ਲਈ ਤਿਆਰ ਰਹਿਣਾ ਚਾਹੀਦਾ ਹੈ। ਅਸ਼ੋਕ ਲਵਾਸਾ ਚੋਣ ਕਮਿਸ਼ਨਰ ਸਨ। ਉਨ੍ਹਾਂ ਨੂੰ ਮੁੱਖ ਚੋਣ ਕਮਿਸ਼ਨਰ ਬਣਨਾ ਚਾਹੀਦਾ ਸੀ, ਪਰ ਚੋਣ ਜ਼ਾਬਤੇ ਦੇ ਇੱਕ ਮਾਮਲੇ ਵਿੱਚ ਉਹ ਪ੍ਰਧਾਨ ਮੰਤਰੀ ਦੀ ਗੱਲ ਨਾਲ ਸਹਿਮਤ ਨਹੀਂ ਹੋਏ ਅਤੇ ਕਮਿਸ਼ਨ ਦੇ ਬਹੁਮਤ ਦੇ ਫੈਸਲੇ ਦੇ ਖਿਲਾਫ ਜਾਣ ਦੀ ਹਿਮਾਕਤ ਕੀਤੀ ਤਾਂ ਫਿਰ ਉਨ੍ਹਾਂ ਦੇ ਰਿਸ਼ਤੇਦਾਰਾਂ ਦੇ ਘਰ ਜਾਂਚ ਏਜੰਸੀਆਂ ਪਹੁੰਚ ਗਈਆਂ ਅਤੇ ਅਖ਼ੀਰ ਉਨ੍ਹਾਂ ਨੂੰ ਸਮੇਂ ਤੋਂ ਪਹਿਲਾਂ ਹੀ ਕਮਿਸ਼ਨ ਛੱਡਣਾ ਪਿਆ।

ਕਮਿਸ਼ਨਰ ਦੀ ਨਿਯੁਕਤੀ ਹੁਣ ਤਕ ਸਰਕਾਰ ਕਰਦੀ ਸੀ। ਇਸ ਦੇ ਬਾਵਜੂਦ ਉਸ ਦਾ ਰੁਤਬਾ ਕਾਫ਼ੀ ਸੀ ਪਰ ਮੌਜੂਦਾ ਸਰਕਾਰ ਸਮੇਂ ਪ੍ਰਧਾਨ ਮੰਤਰੀ ਦਫਤਰ ਨੇ ਉਨ੍ਹਾਂ ਨੂੰ ਆਪਣੇ ਦਫਤਰ ਬੁਲਾਉਣ ਦੀ ਗੁਸਤਾਖ਼ੀ ਕੀਤੀ ਜਿਵੇਂ ਕਿ ਉਨ੍ਹਾਂ ਦਾ ਵਿਭਾਗ ਸਰਕਾਰ ਦੇ ਅਧੀਨ ਕੋਈ ਵਿਭਾਗ ਹੋਵੇ। ਮੀਡੀਆ ਵਿੱਚ ਖ਼ਬਰ ਆਉਣ ਤੋਂ ਬਾਅਦ ਅੱਧੀ-ਅਧੂਰੀ ਸਫ਼ਾਈ ਦਿੱਤੀ ਗਈ ਅਤੇ ਉਹ ਮੀਟਿੰਗ ਨਹੀਂ ਹੋਈ। ਕਈ ਚੋਣਾਂ ਦੀਆਂ ਤਰੀਕਾਂ ਦੀ ਘੋਸ਼ਣਾ ਵਿੱਚ ਪ੍ਰਧਾਨ ਮੰਤਰੀ ਦੀਆਂ ਰੈਲੀਆਂ ਦੇ ਖ਼ਤਮ ਹੋਣ ਤਕ ਇੰਤਜ਼ਾਰ ਕਰਨ ਦੇ ਦੋਸ਼ ਲੱਗੇ ਅਤੇ ਉਸ ਵਿੱਚ ਕਾਫੀ ਸਚਾਈ ਵੀ ਨਜ਼ਰ ਆਏ। ਇੰਝ ਜਦੋਂ ਚੋਣ ਕਮਿਸ਼ਨਰ ਦੀ ਨਿਯੁਕਤੀ 'ਤੇ ਸੁਪਰੀਮ ਕੋਰਟ ਨੇ ਇਕ ਕੋਲੀਜੀਅਮ ਬਣਾਉਣ ਦੀ ਗੱਲ ਕੀਤੀ ਤਾਂ ਫਿਰ ਉਮੀਦ ਜਾਗੀ ਕਿ ਹੁਣ ਕਮਿਸ਼ਨ ਦੀ ਭਰੋਸਗੀ 'ਤੇ ਕੋਈ ਸੁਆਲ ਨਹੀਂ ਉੱਠਣਗੇ।

ਸੁਪਰੀਮ ਕੋਰਟ ਨੇ ਨਿਯੁਕਤੀ ਨੂੰ ਸਰਕਾਰ ਦੇ ਦਾਇਰੇ ਵਿਚੋਂ ਕੱਢ ਕੇ ਨਵੀਂ ਵਿਵਸਥਾ ਦਿੱਤੀ ਤਾਂ ਕਿ ਕਮਿਸ਼ਨ ਦੀ ਚੋਣ ਪ੍ਰਕਿਰਿਆ ਨੂੰ ਕਟਹਿਰੇ ਵਿੱਚ ਖੜ੍ਹਾ ਨਾ ਕੀਤਾ ਜਾ ਸਕੇ। ਕੋਰਟ ਨੇ ਕਿਹਾ ਕਿ ਕਮਿਸ਼ਨਰਾਂ ਦੀ ਨਿਯੁਕਤੀ ਤਿੰਨ ਮੈਂਬਰ ਦੀ ਇਕ ਕਮੇਟੀ ਕਰੇਗੀ ਜਿਸ ਵਿਚ ਪ੍ਰਧਾਨ ਮੰਤਰੀ, ਮੁੱਖ ਜੱਜ ਅਤੇ ਵਿਰੋਧੀ ਦਲ ਦਾ ਨੇਤਾ ਹੋਵੇਗਾ। ਅਦਾਲਤ ਨੇ ਇਹ ਵੀ ਕਿਹਾ ਕਿ ਸਰਕਾਰ ਨੂੰ ਇਸ ਬਾਰੇ ਕਾਨੂੰਨ ਬਣਾਉਣਾ ਚਾਹੀਦਾ ਹੈ। ਹੁਣ ਸਰਕਾਰ ਕਾਨੂੰਨ ਦਾ ਮਸੌਦਾ ਲੈ ਕੇ ਆਈ ਹੈ। ਉਸ ਵਿਚੋਂ ਮੁੱਖ ਜੱਜ ਨੂੰ ਹਟਾ ਦਿੱਤਾ ਗਿਆ ਹੈ ਅਤੇ ਉਸ ਦੀ ਜਗ੍ਹਾ ਪ੍ਰਧਾਨ ਮੰਤਰੀ ਵੱਲੋਂ ਨਿਯੁਕਤ ਇਕ ਕੇਂਦਰੀ ਮੰਤਰੀ ਨੂੰ ਰੱਖਿਆ ਗਿਆ ਹੈ। ਜ਼ਾਹਿਰ ਹੈ ਵਿਵਸਥਾ ਫਿਰ ਉਹ ਹੀ ਹੋ ਗਈ ਜਿਸ ਤੋਂ ਸੁਪਰੀਮ ਕੋਰਟ ਨਿਕਲਣਾ ਚਾਹੁੰਦੀ ਸੀ। ਮਤਲਬ ਚੋਣ ਕਮਿਸ਼ਨ ਵਿੱਚ ਕਮਿਸ਼ਨਰ ਸਰਕਾਰ ਦੀ ਮਰਜ਼ੀ ਨਾਲ ਹੀ ਨਿਯੁਕਤ ਹੋਣਗੇ ਤਾਂ ਫਿਰ ਕੋਰਟ ਦੇ ਫੈਸਲੇ ਦਾ ਮਤਲਬ ਕੀ ਰਹਿ ਜਾਏਗਾ ? ਸਰਕਾਰ ਨੇ ਕੋਈ ਸਫ਼ਾਈ ਨਹੀਂ ਦਿੱਤੀ ਅਤੇ ਨਾ ਹੀ ਉਹ ਦੇਣਾ ਚਾਹੁੰਦੀ ਹੈ ਕਿ ਉਸ ਨੂੰ ਮੁੱਖ ਜੱਜ ਦੀ ਮੌਜੂਦਗੀ 'ਤੇ ਕੀ ਇਤਰਾਜ਼ ਸੀ ? ਕੀ ਸਰਕਾਰ ਨੂੰ ਮੁੱਖ ਜੱਜ 'ਤੇ ਹੀ ਭਰੋਸਾ ਨਹੀਂ ਹੈ ਕਿ ਉਹ ਨਿਰਪੱਖ ਕਮਿਸ਼ਨ ਬਣਾਉਣ ਵਿਚ ਸਹੀ ਭੂਮਿਕਾ ਨਿਭਾਉਣਗੇ।

ਦਰਅਸਲ, ਇਹ ਇਕ ਮਾਨਸਿਕਤਾ ਹੈ ਜਿਸ ਦੀ ਵਜ੍ਹਾ ਕਰਕੇ ਦੇਸ਼ ਵਿੱਚ ਸੰਵਿਧਾਨ ਵੱਲੋਂ ਬਣਾਈਆਂ ਗਈਆਂ ਸੰਸਥਾਵਾਂ ਮਜ਼ਬੂਤ ਨਾ ਹੋਣ, ਇਹ ਕੋਸ਼ਿਸ਼ ਲਗਾਤਾਰ ਹੁੰਦੀ ਰਹਿੰਦੀ ਹੈ। ਇਹ ਕੋਸ਼ਿਸ਼ ਹਰ ਸਰਕਾਰ ਅਤੇ ਹਰ ਪ੍ਰਧਾਨ ਮੰਤਰੀ ਕਰਦਾ ਹੈ। ਉਨ੍ਹਾਂ ਨੂੰ ਇਹ ਘੁਮੰਡ ਹੁੰਦਾ ਹੈ ਕਿ ਦੇਸ਼ ਚਲਾਉਣ ਦੀ ਜ਼ਿੰਮੇਵਾਰੀ ਸਿਰਫ ਉਨ੍ਹਾਂ ਦੀ ਹੈ, ਬਾਕੀਆਂ ਦੀ ਨਹੀਂ ਜਦ ਕਿ 'ਰਾਜ' ਸਿਰਫ ਸਰਕਾਰ ਦਾ ਨਾਂਅ ਨਹੀਂ ਹੁੰਦਾ, ਉਹ ਨਿਆਪਾਲਿਕਾ ਵੀ ਹੈ ਅਤੇ ਵਿਧਾਇਕਾ ਵੀ, ਉਹ ਰਿਜ਼ਰਵ ਬੈਂਕ ਵੀ ਹੈ ਅਤੇ ਚੋਣ ਕਮਿਸ਼ਨ ਵੀ, ਉਹ ਪੁਲਿਸ ਵੀ ਹੈ ਅਤੇ ਇਨਕਮ ਟੈਕਸ ਵਿਭਾਗ ਵੀ, ਉਹ ਲੋਕਪਾਲ ਵੀ ਹੈ ਅਤੇ ਮਨੁੱਖੀ ਅਧਿਕਾਰ ਕਮਿਸ਼ਨ ਵੀ ਅਤੇ ਪਤਾ ਨਹੀਂ ਹੋਰ ਕਿੰਨੀਆਂ ਸੰਸਥਾਵਾਂ ਦਾ ਮੇਲ ਹੈ। ਪਰ ਜੇਕਰ ਸਰਕਾਰ ਦਾ ਮੁਖੀਆ ਸੋਚਣ ਲੱਗੇ ਜਾਂ ਮੰਨ ਬੈਠੇ ਕਿ ਉਸ ਤੋਂ ਇਲਾਵਾ ਬਾਕੀ ਸਾਰੀਆਂ ਸੰਸਥਾਵਾਂ ਨੂੰ ਉਸ ਦੇ ਇਸ਼ਾਰੇ 'ਤੇ ਡਾਂਸ ਕਰਨਾ ਚਾਹੀਦਾ ਹੈ ਅਤੇ ਉਹ ਉਹੀ ਕਰਨ ਜੋ ਉਨ੍ਹਾਂ ਨੂੰ ਕਿਹਾ ਜਾਵੇ ਤਾਂ ਫਿਰ ਸੰਸਥਾਵਾਂ ਦਾ ਘਾਣ ਯਕੀਨੀ ਹੈ। ਜਦ ਇਹ ਸੋਚ ਹਾਵੀ ਹੋ ਜਾਂਦੀ ਹੈ ਕਿ ਸੰਸਥਾਵਾਂ ਦੇ ਮੁਖੀ ਉਹ ਹੋਣ ਜੋ ਸਰਕਾਰ ਦੀਆਂ ਕਠਪੁਤਲੀਆਂ ਹੋਣ, ਰੋਬੋਟ ਹੋਣ ਜੋ ਆਪਣੇ ਫ਼ੈਸਲੇ ਆਪ ਨਾ ਲਵੇ, ਉਹ ਸਿਰਫ ਸਰਕਾਰ ਦੇ ਕਹੇ ਅਨੁਸਾਰ ਚੱਲਣ, ਤਾਂ ਫਿਰ ਦੇਸ਼ ਇਕ ਨਵੇਂ ਸੰਕਟ ਵਲ ਵਧਣ ਲੱਗਦਾ ਹੈ।

ਇਹ ਚਲਣ ਆਪਣੇ ਸੁਭਾਅ ਵਿੱਚ ਲੋਕਤੰਤਰ ਵਿਰੋਧੀ ਹੈ, ਸੰਵਿਧਾਨ ਵਿਰੋਧੀ ਹੈ ਅਤੇ ਦੇਸ਼ ਵਿਰੋਧੀ ਵੀ ਹੈ। ਇਹ ਆਪਣੇ ਹੀ ਦੇਸ਼ ਨੂੰ ਅੰਦਰੋਂ ਖੋਖਲਾ ਕਰਨ ਦੀ ਕੋਸ਼ਿਸ਼ ਹੈ ਕਿਉਂਕਿ ਇਸ ਕਾਰਨ ਦੇਸ਼ ਦੀਆਂ ਸਾਰੀਆਂ ਸੰਸਥਾਵਾਂ ਨੂੰ ਨਾ ਤਾਂ ਉੱਠਣ ਦਿੱਤਾ ਜਾਂਦਾ ਹੈ ਅਤੇ ਨਾ ਹੀ ਉਸ ਦੇ ਮੁਖ ਅਹੁਦਿਆਂ 'ਤੇ ਕਾਬਿਲ ਲੋਕਾਂ ਦੀ ਨਿਯੁਕਤੀ ਹੁੰਦੀ ਹੈ। ਗੁਲਾਮ ਬਣਨ ਨੂੰ ਉਹ ਤਿਆਰ ਹੁੰਦੇ ਹਨ ਜਿਨ੍ਹਾਂ ਦੀ ਆਪਣੀ ਅਕਲ ਅਤੇ ਚਰਿੱਤਰ ਦੋਵੇਂ ਹੀ ਗਹਿਣੇ ਪਏ ਹੁੰਦੇ ਹਨ। ਇਹ ਵਿਵਸਥਾ ਮੀਡੀਆਕ੍ਰਿਟੀ ਨੂੰ ਵਧਾਉਂਦੀ ਹੈ। ਜੋ ਸਮਾਜ ਆਪਣੇ ਹੋਣਹਾਰ ਅਤੇ ਤੇਜ਼ ਦਿਮਾਗ਼ ਵਾਲੇ ਲੋਕਾਂ ਦੀ ਲਿਆਕਤ ਦਾ ਇਸਤੇਮਾਲ ਨਹੀਂ ਕਰਦਾ ਉਹ ਹੌਲੀ-ਹੌਲੀ ਪਛੜਦਾ ਜਾਂਦਾ ਹੈ। ਨਹਿਰੂ ਨੇ ਜਦ ਦੇਸ਼ ਦੀ ਕਮਾਨ ਸੰਭਾਲੀ ਸੀ ਤਾਂ ਦੇਸ਼ ਕੰਗਾਲ ਸੀ, ਉਹ ਭੁਖਮਰੀ, ਗ਼ਰੀਬੀ, ਅਨਪੜ੍ਹਤਾ ਨਾਲ ਜੂਝ ਰਿਹਾ ਸੀ, ਤਾਂ ਉਸ ਵੇਲੇ ਕਈ ਵਿਦੇਸ਼ੀ ਵਿਦਵਾਨ ਇਹ ਕਾਮਨਾ ਕਰ ਰਹੇ ਸਨ ਕਿ ਇਹ ਦੇਸ਼ ਕੁਝ ਸਾਲਾਂ ਵਿਚ ਹੀ ਟੁੱਟ ਜਾਵੇਗਾ, ਪਰ ਨਹਿਰੂ ਨੇ ਲੋਕਤੰਤਰ ਦੀ ਜੋ ਨੀਂਹ ਰੱਖੀ, ਇਹ ਉਸ ਦਾ ਸਿੱਟਾ ਹੈ ਕਿ ਅੱਜ ਵੀ ਦੇਸ਼ ਵਿੱਚ ਸਮੇਂ 'ਤੇ ਚੋਣਾਂ ਹੁੰਦੀਆਂ ਹਨ ਅਤੇ ਜਦੋਂ ਇੰਦਰਾ ਗਾਂਧੀ ਨੇ ਐਮਰਜੈਂਸੀ ਲਾਈ ਸੀ ਤਾਂ ਇਤਿਹਾਸ ਨੇ (ਬਾਕੀ ਸਫ਼ਾ 31 'ਤੇ)




# ਮਾਂ ਬੋਲੀ ਨੂੰ ਦਿਓ ਸਤਿਕਾਰ

## ਬੱਚਿਆਂ ਨੂੰ ਮਾਂ ਬੋਲੀ 'ਚ ਦਿੱਤੀ ਜਾਵੇ ਮੁੱਢਲੀ ਸਿੱਖਿਆ












ਹਰ ਮਨੁੱਖ ਦੀ ਜ਼ਿੰਦਗੀ ਵਿੱਚ ਮਾਂ ਵਾਂਗ ਹੀ ਮਾਂ ਬੋਲੀ ਦਾ ਵੀ ਵੱਖਰਾ ਮਹੱਤਵ ਹੁੰਦਾ ਹੈ। ਵਿਗਿਆਨੀ ਕਹਿੰਦੇ ਹਨ ਕਿ ਹਰ ਬੱਚਾ ਆਪਣੀ ਮਾਂ ਬੋਲੀ ਵਿੱਚ ਹੀ ਗਲ ਚੰਗੀ ਤਰਾਂ ਸਮਝ ਲੈਂਦਾ ਹੈ, ਜਦੋਂਕਿ ਬੱਚੇ ਉਪਰ ਜ਼ਬਰਦਸਤੀ ਥੋਪੀਆਂ ਜਾਂਦੀਆਂ ਹੋਰ ਭਾਸ਼ਾਵਾਂ ਉਸ ਨੂੰ ਓਪਰੀਆਂ ਲੱਗਦੀਆਂ ਹਨ। ਦੁੱਖ ਦੀ ਗਲ ਇਹ ਹੈ ਕਿ ਆਪਣੇ ਬੱਚੇ ਨੂੰ ਜ਼ਿਆਦਾਤਰ ਲੋਕ ਮਾਂ ਬੋਲੀ ਦੀ ਥਾਂ ਇੰਗਲਿਸ਼ ਅਤੇ ਹੋਰ ਭਾਸ਼ਾਵਾਂ ਬੋਲਣ ਲਈ ਪ੍ਰੇਰਿਤ ਕਰਦੇ ਹਨ, ਇਹ ਓਪਰੀਆਂ ਭਾਸ਼ਾਵਾਂ ਬੱਚੇ ਦੀ ਬਾਲ ਬੁੱਧੀ ਦੀ ਸਮਝ ਵਿੱਚ ਘੱਟ ਆਉਂਦੀਆਂ ਹਨ। ਇਸ ਤਰਾਂ ਬੱਚਿਆਂ 'ਤੇ ਬਿਨਾਂ ਕਾਰਨ ਲੋੜ ਤੋਂ ਜਿਆਦਾ ਮਾਨਸਿਕ ਬੋਝ ਲੱਦ ਦਿੱਤਾ ਜਾਂਦਾ ਹੈ। ਸਾਡੇ ਸੂਬੇ ਵਿੱਚ ਕਈ ਸਕੂਲ ਅਜਿਹੇ ਵੀ ਦਸੇ ਜਾਂਦੇ ਹਨ ਜਿਥੇ ਕਿ ਬੱਚਿਆਂ ਨੂੰ ਸਿਰਫ਼ ਇੰਗਲਿਸ਼ ਵਿੱਚ ਗੱਲਬਾਤ ਕਰਨ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ। ਬਹਾਨਾ ਇਹ ਲਗਾਇਆ ਜਾਂਦਾ ਹੈ ਕਿ ਇਸ ਤਰਾਂ ਬੱਚੇ ਇੰਗਲਿਸ਼ ਵਿੱਚ ਮਾਹਿਰ ਬਣਕੇ ਪੂਰੀ ਦੁਨੀਆਂ ਵਿੱਚ ਸਫਲਤਾ ਹਾਸਲ ਕਰਨਗੇ।



ਅਕਸਰ ਮਾਪੇ ਆਪਣੇ ਬੱਚਿਆਂ ਨੂੰ ਚੰਗੀ ਸਿੱਖਿਆ ਦਿਵਾਉਣ ਲਈ ਉਹਨਾਂ ਨੂੰ ਕਾਨਵੈਂਟ ਅਤੇ ਪਬਲਿਕ ਸਕੂਲਾਂ ਵਿੱਚ ਦਾਖਲ ਕਰਵਾ ਦਿੰਦੇ ਹਨ। ਇਹਨਾਂ ਸਕੂਲਾਂ ਵਿੱਚ ਬੱਚਿਆਂ ਨੂੰ ਮੁੱਢਲੀ ਸਿੱਖਿਆ ਇੰਗਲਿਸ਼ ਮੀਡੀਅਮ ਵਿੱਚ ਦਿੱਤੀ ਜਾਂਦੀ ਹੈ। ਜਦੋਂਕਿ ਕਈ ਸਕੂਲਾਂ ਵਿੱਚ ਮਾਂ ਬੋਲੀ ਨੂੰ ਪੂਰੀ ਤਰਾਂ ਅਣਗੌਲਿਆ ਕਰ ਦਿੱਤਾ ਜਾਂਦਾ ਹੈ। ਮਾਪੇ ਅਤੇ ਅਧਿਆਪਕਾਂ ਦੀ ਸੋਚ ਅਜਿਹੀ ਹੁੰਦੀ ਹੈ ਕਿ ਬੱਚਾ ਬਚਪਣ ਵਿੱਚ ਹੀ ਇੰਗਲਿਸ਼ ਬੋਲਣ ਅਤੇ ਲਿਖਣ ਵਿੱਚ ਮਾਹਿਰ ਹੋ ਜਾਵੇ ਤਾਂ ਕਿ ਆਪਣੀ ਸਿੱਖਿਆ ਪੂਰੀ ਕਰਕੇ ਉਹ ਸਫ਼ਲ ਹੋ ਜਾਵੇ। ਕਈ ਸਕੂਲ ਅਜਿਹੇ ਹਨ, ਜਿਥੇ ਕਿ ਬੱਚਿਆਂ ਦੇ ਮਾਂ ਬੋਲੀ ਵਿੱਚ ਗੱਲਬਾਤ ਕਰਨ ਤੇ ਜੁਰਮਾਨਾ ਕੀਤਾ ਜਾਂਦਾ ਹੈ।

ਹਰ ਬੱਚਾ ਸਭ ਤੋਂ ਪਹਿਲਾਂ ਆਪਣੀ ਮਾਂ ਬੋਲੀ ਵਿੱਚ ਹੀ ਬੋਲਦਾ ਅਤੇ ਸੋਚਦਾ ਹੈ ਪਰ ਇੰਗਲਿਸ਼ ਮੀਡੀਅਮ ਵਾਲੇ ਸਕੂਲਾਂ ਵਿੱਚ ਪੜ੍ਹਦੇ ਬੱਚੇ ਸੋਚਦੇ ਤਾਂ ਮਾਂ ਬੋਲੀ ਪੰਜਾਬੀ ਵਿੱਚ ਹਨ ਪਰ ਬੋਲਦੇ ਇੰਗਲਿਸ਼ ਹਨ। ਇਸੇ ਕਾਰਨ ਅਨੇਕਾਂ ਬੱਚੇ ਮਾਂ ਬੋਲੀ ਤੋਂ ਕੋਰੇ ਰਹਿ ਜਾਂਦੇ ਹਨ ਜਾਂ ਫਿਰ ਮਾਂ ਬੋਲੀ ਬਾਰੇ ਉਹਨਾਂ ਦਾ ਗਿਆਨ ਬਹੁਤ ਘੱਟ ਹੁੰਦਾ ਹੈ। ਬੱਚਿਆਂ ਦਾ ਮਨ ਕੋਰੀ ਸਲੇਟ ਹੁੰਦਾ ਹੈ, ਇਸ ਸਲੇਟ ਰੂਪੀ ਮਨ 'ਤੇ ਜੋ ਇਬਾਰਤ ਬਚਪਣ ਵਿੱਚ ਹੀ ਬੱਚੇ ਦੇ ਅਧਿਆਪਕ ਲਿਖ ਦਿੰਦੇ ਹਨ, ਉਸ ਦਾ ਅਸਰ ਸਾਰੀ ਉਮਰ ਬੱਚੇ ਉਪਰ ਰਹਿੰਦਾ ਹੈ। ਜਦੋਂ ਬੱਚਿਆਂ ਉਪਰ ਮਾਂ ਬੋਲੀ ਦੀ ਥਾਂ ਹੋਰ ਭਾਸ਼ਾਵਾਂ ਸਿੱਖਣ ਦਾ ਬੋਝ ਲੱਦ ਦਿੱਤਾ ਜਾਂਦਾ ਹੈ ਤਾਂ ਬੱਚੇ ਅਕਸਰ ਆਪਣੇ ਆਪ ਨੂੰ ਅਸਹਿਜ ਮਹਿਸੂਸ ਕਰਦੇ ਹਨ।ਇਥੇ ਇਹ ਜ਼ਿਕਰ ਕਰਨਾ ਜ਼ਰੂਰੀ ਹੈ ਕਿ ਕੋਈ ਵੀ ਭਾਸ਼ਾ ਮਾੜੀ ਨਹੀਂ ਹੁੰਦੀ, ਹਰ ਭਾਸ਼ਾ ਦਾ ਆਪੋ ਆਪਣਾ ਮਹੱਤਵ ਹੁੰਦਾ ਹੈ ਅਤੇ ਹਰ ਭਾਸ਼ਾ ਦੇ ਕਈ ਗੁਣ ਹੁੰਦੇ ਹਨ। ਸਮੱਸਿਆ ਤਾਂ ਉਦੋਂ ਆਉਂਦੀ ਹੈ ਜਦੋਂ ਕੁਝ ਲੋਕ ਆਪਣੀ ਮਾਂ ਬੋਲੀ ਤੋਂ ਮੁਨਕਰ ਹੋ ਜਾਂਦੇ ਹਨ ਅਤੇ ਹੋਰਨਾਂ ਭਾਸ਼ਾਵਾਂ ਨੂੰ ਅਪਨਾਉਣ ਲੱਗਦੇ ਹਨ। ਕਈ ਵਾਰ ਤਾਂ ਮਾਂ ਬੋਲੀ ਦੇ ਸਮਰਥਕਾਂ ਅਤੇ ਮਾਂ ਬੋਲੀ ਤੋਂ ਮੁਨਕਰ ਹੋਣ ਵਾਲਿਆਂ ਵਿਚਾਲੇ ਵਿਵਾਦ ਵੀ ਪੈਦਾ ਹੋ ਜਾਂਦਾ ਹੈ। ਕਈ ਵਾਰ ਕੁਝ ਪੜ੍ਹ ਲਿਖੇ ਲੋਕ ਵੀ ਮਾਂ ਬੋਲੀ ਵਿੱਚ ਲਿਖੀਆਂ ਆਪਣੀਆਂ ਰਚਨਾਵਾਂ ਵਿੱਚ ਅਜਿਹੇ ਸ਼ਬਦ ਵਰਤਦੇ ਹਨ, ਜੋ ਕਿ ਆਮ ਲੋਕਾਂ ਨੂੰ ਸਮਝ ਹੀ ਨਹੀਂ ਆਉਂਦੇ। ਜੇ ਕੋਈ ਇਹਨਾਂ ਸ਼ਬਦਾਂ ਦਾ ਅਰਥ ਅਜਿਹੇ ਅਖੌਤੀ ਬੁੱਧੀਜੀਵੀਆਂ ਤੋਂ ਪੁੱਛ ਲਵੇ ਤਾਂ ਇਹ ਕਹਿੰਦੇ ਹਨ ਕਿ ਪ੍ਰੋਫੈਸਰਾਂ/ਪੜ੍ਹੇ ਲਿਖਿਆਂ ਦੀ ਭਾਸ਼ਾ ਹੀ ਵੱਖਰੀ ਹੁੰਦੀ ਹੈ। ਹੈਰਾਨੀ ਤਾਂ ਇਸ ਗਲ ਦੀ ਹੈ ਕਿ ਅਜਿਹੇ ਅਖੌਤੀ ਬੁੱਧੀਜੀਵੀਆਂ ਵੱਲੋਂ ਮਾਂ ਬੋਲੀ ਵਿੱਚ ਹੀ ਵਰਤੀ ਗਈ ਭਾਸ਼ਾ ਕਿਸੇ ਆਮ ਵਿਅਕਤੀ ਦੇ ਸਮਝ ਨਹੀਂ ਪੈਂਦੀ ਤਾਂ ਅਜਿਹੇ ਸ਼ਬਦ ਲਿਖਣ ਦਾ ਕੀ ਫਾਇਦਾ ? ਪੰਜਾਬ ਵਿੱਚ ਲੇਖਕਾਂ ਦੀ ਗਿਣਤੀ ਜਿਆਦਾ ਅਤੇ ਪਾਠਕਾਂ ਦੀ ਘੱਟ ਹੋਣ ਦਾ ਮੁੱਖ ਕਾਰਨ ਵੀ ਇਹ ਹੈ ਕਿ ਅਨੇਕਾਂ ਲੇਖਕ ਆਪਣੀ ਮਾਂ ਬੋਲੀ ਵਿੱਚ ਲਿਖੀ ਰਚਨਾ ਵਿੱਚ ਹੀ ਦੂਜੀਆਂ ਭਾਸ਼ਾਵਾਂ ਦੇ ਜਾਂ ਆਪਣੇ ਕੋਲੋਂ ਹੀ ਇਜ਼ਾਦ ਕੀਤੇ ਅਜਿਹੇ ਸ਼ਬਦ ਲਿਖ ਦਿੰਦੇ ਹਨ, ਜਿਨ੍ਹਾਂ ਦੇ ਅਰਥਾਂ ਦਾ ਪਾਠਕਾਂ ਤੇ ਆਮ ਲੋਕਾਂ ਨੂੰ ਪਤਾ ਹੀ ਨਹੀਂ ਲੱਗਦਾ। ਫਿਰ ਅਜਿਹੇ ਲੇਖਕਾਂ ਦੀਆਂ ਲਿਖੀਆਂ ਕਿਤਾਬਾਂ ਨੂੰ ਪਾਠਕਾਂ ਦੀ ਘਾਟ ਰਹਿੰਦੀ ਹੈ। ਅਨੇਕਾਂ ਲੇਖਕ ਅਜਿਹੇ ਵੀ ਹਨ ਜੋ ਕਿ ਮਾਂ ਬੋਲੀ ਦੀ ਭਲਾਈ ਲਈ ਚੰਗਾ ਕੰਮ ਕਰ ਰਹੇ ਹਨ ਪਰ ਉਹਨਾਂ ਲੇਖਕਾਂ ਦੇ ਬੱਚੇ ਪਬਲਿਕ ਸਕੂਲਾਂ ਵਿੱਚ ਇੰਗਲਿਸ਼ ਮੀਡੀਅਮ ਵਿੱਚ ਸਿਖਿਆ ਪ੍ਰਾਪਤ ਕਰ ਰਹੇ ਹੁੰਦੇ ਹਨ। ਚਾਹੀਦਾ ਤਾਂ ਇਹ ਹੈ ਕਿ ਹਰ ਬੱਚੇ ਨੂੰ ਮੁੱਢਲੀ ਭਾਸ਼ਾ ਉਸ ਦੀ ਮਾਂ ਬੋਲੀ ਵਿੱਚ ਦਿੱਤੀ ਜਾਵੇ। ਇਸ ਦੇ ਨਾਲ ਹੀ ਹੋਰਨਾਂ ਭਾਸ਼ਾਵਾਂ ਦੀ ਜਾਣਕਾਰੀ ਵੀ ਬੱਚਿਆਂ ਨੂੰ ਉਸ ਦੀ ਉਮਰ ਦੇ ਅਨੁਸਾਰ ਦਿੱਤੀ ਜਾਵੇ। ਵਿਗਿਆਨੀ ਕਹਿੰਦੇ ਹਨ ਕਿ ਹਰ ਬੱਚਾ ਮਾਂ ਬੋਲੀ ਵਿੱਚ ਹਰ ਗਲ ਚੰਗੀ ਤਰਾਂ ਸਮਝ ਲੈਂਦਾ ਹੈ। ਇਸ ਲਈ ਹਰ ਬੱਚੇ ਨੂੰ ਮਾਂ ਬੋਲੀ ਦੀ ਜਾਣਕਾਰੀ ਦੇਣੀ ਜ਼ਰੂਰੀ ਹੈ।












# ਮਿਸ਼ਨ ਚੰਦਰਯਾਨ-3 ਸਾਈਕਲ ਤੋਂ ਲੈ ਕੇ ਚੰਦਰਮਾ ਤੱਕ ਦਾ ਸਫ਼ਰ

## ਇਸਰੋ ਦੀ ਸਫ਼ਲਤਾ ਨੇ ਪੁਲਾੜ ਖੇਤਰ ’ਚ ਕੀਤੀ ਇੱਕ ਨਵੇਂ ਯੁੱਗ ਦੀ ਸ਼ੁਰੂਆਤ

ਡਾ. ਵਿਜੇ ਰਾਏ

ਭਾਰਤੀ ਪੁਲਾੜ ਖੋਜ (ਇਸਰੋ) ਦੇ ਮਹਾਨ ਵਿਗਿਆਨੀਆਂ ਨੇ ਭਾਰਤ ਨੂੰ ਚੰਦਰਮਾ ਦੇ ਦੱਖਣੀ ਧਰੁਵ ਤੱਕ ਪਹੁੰਚਣ ਵਾਲਾ ਪਹਿਲਾ ਦੇਸ਼ ਹੋਣ ਦਾ ਮਾਣ ਦਿਵਾਇਆ ਹੈ। ਇਸ ਨਾਲ ਭਾਰਤ ਚੰਦਰਮਾ ਦੀ ਸਤ੍ਹਾ ’ਤੇ ਆਪਣੇ ਪੁਲਾੜ ਯਾਨ ਨੂੰ ਬਹੁਤ ਆਰਾਮ ਨਾਲ ਉਤਾਰਨ ਵਾਲਾ ਚੌਥਾ ਦੇਸ਼ ਬਣ ਗਿਆ ਹੈ। ਇਹ ਦੇਸ਼ ਲਈ ਇੱਕ ਚੰਗਾ ਮੌਕਾ ਹੈ। ਇਸਰੋ ਦੀ ਇਸ ਸੁਨਹਿਰੀ ਸਫਲਤਾ ਨੇ ਪੁਲਾੜ ਖੇਤਰ ਵਿੱਚ ਇੱਕ ਨਵੇਂ ਯੁੱਗ ਦੀ ਸ਼ੁਰੂਆਤ ਕੀਤੀ ਹੈ। ਨਾ ਸਿਰਫ਼ ਵਿਗਿਆਨਕ ਖੋਜ ਦੇ ਲਿਹਾਜ਼ ਨਾਲ- ਜੋ ਸਿਰਫ਼ ਭਾਰਤ ਤੱਕ ਹੀ ਸੀਮਤ ਨਹੀਂ ਰਹੇਗੀ- ਸਗੋਂ ਵਪਾਰਕ ਅਥਾਹ ਮੌਕਿਆਂ ਦੇ ਨਜ਼ਰੀਏ ਤੋਂ ਵੀ। ਸਾਡੇ ਵਿਗਿਆਨੀਆਂ ਨੇ ਦੁਨੀਆਂ ਨੂੰ ਦਿਖਾ ਦਿੱਤਾ ਹੈ ਕਿ ਭਾਰਤ ਲਈ ਹੁਣ ਕੁਝ ਵੀ ਅਸੰਭਵ ਨਹੀਂ ਹੈ। ਚੀਨ ਨੂੰ ਛੱਡ ਕੇ ਪੂਰੀ ਦੁਨੀਆ ਅਤੇ ਅੰਤਰਰਾਸ਼ਟਰੀ ਏਜੰਸੀਆਂ ਭਾਰਤ ਦੀ ਇਸ ਨਿਰਣਾਇਕ ਸਫਲਤਾ ’ਤੇ ਖੁਸ਼ੀ ਦਾ ਇਜ਼ਹਾਰ ਕਰ ਰਹੀਆਂ ਹਨ ਅਤੇ ਇਸ ਨੂੰ ਇਤਿਹਾਸ ਦਾ ਇੱਕ ਮੋੜ ਦੱਸ ਰਹੀਆਂ ਹਨ, ਜਦਕਿ ਸਾਡੇ ਦੇਸ਼ ਦਾ ਇੱਕ ਵਰਗ ਇਸ ਨੂੰ ਪੈਸੇ ਦੀ ਬਰਬਾਦੀ ਅਤੇ ਸਰਕਾਰ ਦੀ ਤਰਜੀਹਾਂ ਤੋਂ ਭਟਕਣਾ ਮੰਨ ਰਿਹਾ ਹੈ। ਅਜਿਹੇ ਵਰਗ ਨੂੰ ਸਮਝਣਾ ਚਾਹੀਦਾ ਹੈ ਕਿ ਇਸਰੋ ਦੀ ਇਹ ਸਫਲਤਾ ਕਈ ਤਰੀਕਿਆਂ ਨਾਲ ਰੇਖਾਂਕਿਤ ਹੋਣ ਦੀ ਹੱਕਦਾਰ ਕਿਉਂ ਹੈ। ਸਭ ਤੋਂ ਪਹਿਲਾਂ, ਇਸ ਸਫਲਤਾ ਨੇ ਭਾਰਤ ਦੀ ਪੁਲਾੜ ਸ਼ਕਤੀ ਨੂੰ ਵਧਾ ਦਿੱਤਾ ਹੈ। ਚੰਦਰਯਾਨ-1 ਅਤੇ ਮੰਗਲਯਾਨ ਤੋਂ ਬਾਅਦ ਉਸ ਦੀ ਸਫਲਤਾ ਨੇ ਦੁਨੀਆਂ ਨੂੰ ਉਸ ’ਤੇ ਭਰੋਸਾ ਕੀਤਾ ਹੈ। ਦੂਜਾ, ਸਾਡੇ ਵਿਗਿਆਨੀ ਚਾਰ ਸਾਲ ਪਹਿਲਾਂ 2019 ਵਿੱਚ ਚੰਦਰਯਾਨ-2 ਦੀ ਸਾਫਟ ਲੈਂਡਿੰਗ ਦੀ ਅਸਫਲਤਾ ਤੋਂ ਬਾਅਦ ਚੁੱਪ ਨਹੀਂ ਬੈਠੇ। ਉਹ ਪਹਿਲਾਂ ਦੇ ਮੁਕਾਬਲੇ ਸਿਰਫ 615 ਕਰੋੜ ਰੁਪਏ ਵਿੱਚ ਆਪਣਾ ਵਾਹਨ ਉੱਥੇ ਉਤਾਰ ਸਕੇ। ਇਸ ਤੋਂ ਵੀ ਮਹੱਤਵਪੂਰਨ ਗੱਲ ਇਹ ਹੈ ਕਿ ਪਿਛਲੇ ਛੇ ਦਹਾਕਿਆਂ ਤੋਂ ਚੰਦਰਮਾ ਦੀ ਸਤ੍ਹਾ ’ਤੇ ਕਿਸੇ ਵਾਹਨ ਨੂੰ ਆਰਾਮ ਨਾਲ ਉਤਾਰਨ ਦੀਆਂ ਕੋਸ਼ਿਸ਼ਾਂ ਵਿੱਚੋਂ ਸਿਰਫ਼ ਅੱਧੀਆਂ ਕੋਸ਼ਿਸ਼ਾਂ ਹੀ ਸਫ਼ਲ ਰਹੀਆਂ ਹਨ। ਚੰਦਰਯਾਨ-3 ਤੋਂ ਇਲਾਵਾ ਚੀਨ ਦੀਆਂ ਸਿਰਫ ਤਿੰਨ ਕੋਸ਼ਿਸ਼ਾਂ ਸਫਲ ਰਹੀਆਂ ਹਨ। ਇਸ ਦਾ ਇੱਕ ਮੁੱਖ ਕਾਰਨ ਚੰਦਰਮਾ ਦੀ ਸਤ੍ਹਾ ਦੀ ਗੜਬੜੀ ਹੈ। ਧਰਤੀ ਦੇ ਮੁਕਾਬਲੇ ਇੱਥੇ ਗੁਰੂਤਾਕਰਸ਼ਣ ਕੇਵਲ ਛੇਵਾਂ ਹਿੱਸਾ ਹੈ, ਬਰਫ਼ ਅਤੇ ਹਨੇਰਾ ਹੈ। ਚੰਦਰਮਾ ਦੀ ਸਤ੍ਹਾ ਕਈ ਮੀਟਰ ਉੱਚੀ ਧੂੜ ਨਾਲ ਢੱਕੀ ਹੋਈ ਹੈ। ਕੱਚ ਦੇ ਟੁੱਟੇ ਟੁਕੜਿਆਂ ਵਾਂਗ, ਇਸ ਦੀ ਸਤਹ ਵੀ ਤਿੱਖੀ ਅਤੇ ਜਾਗਦਾਰ ਹੁੰਦੀ ਹੈ। ਇੱਥੇ ਡੂੰਘੀਆਂ ਖਾਈਆਂ ਅਤੇ ਪਹਾੜ ਹਨ, ਜੋ ਕਿਸੇ ਵੀ ਵਾਹਨ ਦੇ ਉਤਰਨ ਨੂੰ ਖਤਰਨਾਕ ਬਣਾਉਂਦੇ ਹਨ। ਹੁਣ ਤੱਕ ਜਿੱਥੇ ਅਮਰੀਕਾ, ਸੋਵੀਅਤ ਯੂਨੀਅਨ (ਹੁਣ ਰੂਸ) ਅਤੇ ਚੀਨ ਦੇ ਵਾਹਨ ਉਤਰਦੇ ਰਹੇ ਹਨ, ਉਹ ਚੰਦਰਮਾ ਦਾ ਉੱਤਰੀ ਧਰੁਵ ਹੈ, ਜਿੱਥੇ ਸਤ੍ਹਾ ਮੁਕਾਬਲਤਨ ਸਮਤਲ ਹੈ, ਪਰ ਚੰਦਰਮਾ ਦੇ ਦੱਖਣੀ ਧਰੁਵ ਦਾ ਵਾਯੂਮੰਡਲ ਕਠੋਰ ਹੈ ਅਤੇ ਉੱਥੇ ਤਾਪਮਾਨ ਮਾਈਨਸ 200 ਡਿਗਰੀ ਸੈਲਸੀਅਸ ਤੱਕ ਚਲਾ ਜਾਂਦਾ ਹੈ। ਜਿੱਥੇ ਚੰਦਰਯਾਨ-3 ਉਤਰਿਆ, ਉੱਥੇ ਖਾਈ ਕੁਝ ਸੈਂਟੀਮੀਟਰ ਤੋਂ ਹਜ਼ਾਰਾਂ ਕਿਲੋਮੀਟਰ ਤੱਕ ਫੈਲੀ ਹੋਈ ਹੈ। ਅਜਿਹੇ ਦੂਰ-ਦੁਰਾਡੇ ਖੇਤਰ ਵਿੱਚ ਚੰਦਰਯਾਨ-3 ਦੀ ਸਫ਼ਲਤਾ ਸੂਰਜੀ ਮੰਡਲ ਦੇ ਨਿਰਮਾਣ ਦੇ ਇਤਿਹਾਸ ਬਾਰੇ ਠੋਸ ਜਾਣਕਾਰੀ ਦੇਵੇਗੀ, ਜੋ ਭਵਿੱਖ ਵਿੱਚ ਬਹੁਤ ਕੰਮ ਆਵੇਗੀ। ਚੰਦਰਯਾਨ-3 ਪ੍ਰਗਿਆਨ ਰੋਵਰ ਰਾਹੀਂ ਚੰਦਰਮਾ ਦੀ ਸਤ੍ਹਾ ’ਤੇ ਭੂਚਾਲ ਦੀਆਂ ਗਤੀਵਿਧੀਆਂ, ਪਲਾਜ਼ਮਾ ਵਾਯੂਮੰਡਲ, ਥਰਮਲ ਵਿਸ਼ੇਸ਼ਤਾਵਾਂ (ਸਤਹ ਦੇ ਨੇੜੇ) ਅਤੇ ਲੈਂਡਿੰਗ ਸਾਈਟ ਦੀ ਬੁਨਿਆਦੀ ਰਚਨਾ ਦਾ ਪਤਾ ਲਗਾਵੇਗਾ। ਉਮੀਦ ਕੀਤੀ ਜਾ ਰਹੀ ਹੈ ਕਿ ਚੰਦਰਯਾਨ-1 ਦੀ ਤਰ੍ਹਾਂ ਇਹ ਤਾਜ਼ਾ ਅਭਿਆਨ ਵੀ ਉਹੀ ਉਪਲਬਧੀਆਂ ਦੇਵੇਗਾ, ਜਿਸ ਤੋਂ ਨਾਸਾ ਨੂੰ ਚੰਦਰਮਾ ’ਤੇ ਪਾਣੀ ਦੀ ਸੰਭਾਵਨਾ ਬਾਰੇ ਪਤਾ ਲੱਗਾ ਸੀ। ਮਹੱਤਵਪੂਰਨ ਨੁਕਤਾ ਇਹ ਹੈ ਕਿ ਇਸਰੋ ਦਾ ਇਹ ਪ੍ਰੋਗਰਾਮ ਭਾਰਤ ’ਤੇ ਵਿੱਤੀ ਬੋਝ ਨਹੀਂ ਹੈ। ਇਹ ਇੱਕ ਮੁਨਾਫਾ ਕਮਾਉਣ ਵਾਲੀ ਸੰਸਥਾ ਹੈ। ਉਹ ਵਿਦੇਸ਼ਾਂ ਤੋਂ ਸੈਟੇਲਾਈਟ ਲਾਂਚ ਕਰਕੇ ਪੈਸਾ ਕਮਾਉਂਦਾ ਹੈ। ਭਾਰਤ ਦੀ ਵਿਰਾਸਤੀ ਤਕਨਾਲੋਜੀ ਨਾਲ, ਇਸਰੋ ਨੇ ਜੁਲਾਈ 2023 ਤੱਕ 36 ਦੇਸ਼ਾਂ ਦੇ 431 ਉਪਗ੍ਰਹਿ ਲਾਂਚ ਕੀਤੇ ਹਨ।, ਇਸਰੋ ਨੇ ਪਿਛਲੇ ਸਾਲ ਜੁਲਾਈ ਤੱਕ ਪੀਐਸਐਲਵੀ ਤੋਂ 223 ਮਿਲੀਅਨ ਡਾਲਰ ਕਮਾਏ ਸਨ, ਜਦੋਂ ਕਿ ਭਾਰਤ ਵੀ ਰਾਕੇਟ ਲਾਂਚ ਕਰਨ ਦੀ ਸਮਰੱਥਾ ਵਾਲੇ 10 ਦੇਸ਼ਾਂ ਵਿੱਚੋਂ ਇੱਕ ਹੈ। ਇਨ੍ਹਾਂ ਦੇ ਬਾਵਜੂਦ ਆਲਮੀ ਪੁਲਾੜ ਅਰਥਵਿਵਸਥਾ ਵਿੱਚ ਭਾਰਤ ਦੀ ਹਿੱਸੇਦਾਰੀ ਮਹਿਜ਼ ਦੋ ਫੀਸਦੀ ਹੈ। ਭਾਰਤ ਸਰਕਾਰ ਨੇ ਇਸ ਦਹਾਕੇ ਦੇ ਅੰਤ ਤੱਕ ਆਪਣੇ ਕਾਰੋਬਾਰੀ ਹਿੱਸੇ ਨੂੰ ਨੌਂ ਫੀਸਦੀ ਵਧਾਉਣ ਦਾ ਟੀਚਾ ਰੱਖਿਆ ਹੈ। ਇਸ ਲਈ ਪ੍ਰਾਈਵੇਟ ਸੈਕਟਰਾਂ ਨੂੰ ਵੀ ਸ਼ਾਮਲ ਕੀਤਾ ਗਿਆ ਹੈ। ਹਾਲਾਂਕਿ, ਇੱਕ ਸਲਾਹਕਾਰ ਫਰਮ, ਆਰਥਰ ਡੀ ਲਿਟਲ ਦਾ ਅੰਦਾਜ਼ਾ ਹੈ ਕਿ ਭਾਰਤ 2040 ਤੱਕ ਆਪਣੀ ਪੁਲਾੜ ਆਰਥਿਕਤਾ ਨੂੰ ਆਸਾਨੀ ਨਾਲ 40 ਬਿਲੀਅਨ ਡਾਲਰ ਤੱਕ ਲੈ ਜਾ ਸਕਦਾ ਹੈ, ਜਦੋਂ ਕਿ ਉਸੇ ਸਮੇਂ ਵਿੱਚ ਇਸ ਵਿੱਚ 100 ਬਿਲੀਅਨ ਡਾਲਰ ਤੱਕ ਪਹੁੰਚਣ ਦੀ ਸਮਰੱਥਾ ਹੈ। ਹਾਲਾਂਕਿ, ਪ੍ਰਾਈਸ ਵਾਟਰਹਾਊਸ ਕੂਪਰਜ਼ (ਪੀਡਬਲਯੂਸੀ) ਦੀ ਇੱਕ 2021 ਦੀ ਰਿਪੋਰਟ ਚੰਦਰ ਮਿਸ਼ਨ ਦੀ ਆਰਥਿਕਤਾ ਨੂੰ /170 ਮਿਲੀਅਨ ਦੱਸਦੀ ਹੈ। ਇਹ ਆਰਥਿਕਤਾ ਮੂਲ ਰੂਪ ਵਿੱਚ ਤਿੰਨ ਚੀਜ਼ਾਂ ਨਾਲ ਸਬੰਧਤ ਹੈ। ਪਹਿਲਾਂ, ਲੋਕਾਂ ਨੂੰ ਚੰਦਰਮਾ ’ਤੇ ਸੈਰ-ਸਪਾਟੇ ਲਈ ਲੈ ਜਾਣਾ, ਦੂਜਾ ਇਹ ਵਿਗਿਆਨੀਆਂ ਰਾਹੀਂ ਚੰਦਰਮਾ ਬਾਰੇ ਅੰਕੜਿਆਂ ਦੀ ਖੋਜ ਕਰਨ ਨਾਲ ਸਬੰਧਤ ਹੈ ਅਤੇ ਤੀਜਾ, ਚੰਦਰਮਾ ਦੀ ਚਮਕਦਾਰ ਸਤ੍ਹਾ ਤੋਂ ਲੈ ਕੇ ਹਨੇਰੇ ਵਿੱਚ ਪਏ ਇਸ ਦੇ ਕੱਚੇ ਖੇਤਰਾਂ ਤੱਕ, ਖੁੱਲ੍ਹੇ-ਡੁੱਲ੍ਹੇ ਵਸੀਲੇ ਮਨੁੱਖੀ ਲਾਭਦਾਇਕ ਅਤੇ ਵਿਗਿਆਨਕ ਖੋਜ ਨਾਲ ਸਬੰਧਤ ਹਨ, ਪਰ ਇਸ ਦੇ ਲਈ, ਪਹਿਲਾਂ ਨਿਯਮਤਤਾ ਅਤੇ ਸ਼ੁੱਧਤਾ ਨਾਲ ਚੰਦਰਮਾ ’ਤੇ ਨਰਮ ਜ਼ਮੀਨ ਦੀ ਸਮਰੱਥਾ ਹਾਸਲ ਕਰਨੀ ਜ਼ਰੂਰੀ ਸੀ। ਇਹ ਕੰਮ ਚੰਦਰਯਾਨ-3 ਦੀ ਬੇਮਿਸਾਲ ਸਫਲਤਾ ਨੇ ਕੀਤਾ ਹੈ।

## ਚੰਦਰਯਾਨ-3 ’ਚ ਔਰਤਾਂ ਦਾ ਮਹੱਤਵਪੂਰਨ ਯੋਗਦਾਨ

ਭਾਰਤੀ ਪੁਲਾੜ ਏਜੰਸੀ ਦੇ ਇੱਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਭਾਵੇਂ ਚੰਦਰਯਾਨ-3 ਮਿਸ਼ਨ ਦੀ ਅਗਵਾਈ ਪੁਰਸ਼ ਕਰ ਰਹੇ ਹਨ ਪਰ ਚੰਦਰਯਾਨ-2 ਮਿਸ਼ਨ ਦੇ ਉਲਟ ਵੱਡੀ ਗਿਣਤੀ ਵਿੱਚ ਔਰਤਾਂ ਇਸ ਵਿੱਚ ਯੋਗਦਾਨ ਪਾ ਰਹੀਆਂ ਹਨ। ਭਾਰਤੀ ਪੁਲਾੜ ਖੋਜ ਸੰਗਠਨ (ਇਸਰੋ) ਦੇ ਇਕ ਸੀਨੀਅਰ ਅਧਿਕਾਰੀ ਨੇ ਨਾਮ ਗੁਪਤ ਰੱਖਣ ਦੀ ਸ਼ਰਤ ’ਤੇ ਦੱਸਿਆ ਕਿ ਚੰਦਰਯਾਨ-3 ਮਿਸ਼ਨ ’ਤੇ ਲਗਭਗ 54 ਮਹਿਲਾ ਇੰਜੀਨੀਅਰ/ਵਿਗਿਆਨੀ ਕੰਮ ਕਰ ਰਹੇ ਹਨ। ਉਹ ਵੱਖ-ਵੱਖ ਕੇਂਦਰਾਂ ’ਤੇ ਕੰਮ ਕਰਦੇ ਹਨ। ਚੰਦਰਯਾਨ-2 ਅਤੇ ਚੰਦਰਯਾਨ-3 ਮਿਸ਼ਨਾਂ ਵਿੱਚ ਚੰਦਰਮਾ ਦੀ ਸਤ੍ਹਾ ’ਤੇ ਲੈਂਡਰ ਦੀ ਨਰਮ ਲੈਂਡਿੰਗ ਅਤੇ ਰੋਵਰ ਦੁਆਰਾ ਕੁਝ ਰਸਾਇਣਕ ਪ੍ਰਯੋਗ ਆਮ ਗੱਲ ਹੈ, ਹਾਲਾਂਕਿ, ਦੋਵਾਂ ਮਿਸ਼ਨਾਂ ਵਿਚਕਾਰ ਲੈਂਡਰ ਵਿਸ਼ੇਸ਼ਤਾਵਾਂ, ਪੇਲੋਡ ਪ੍ਰਯੋਗਾਂ ਅਤੇ ਹੋਰਾਂ ਵਿੱਚ ਅੰਤਰ ਹਨ। ਚੰਦਰਯਾਨ-2 ਮਿਸ਼ਨ ਵਿੱਚ ਦੋ ਮਹਿਲਾ ਨਿਰਦੇਸ਼ਕਾਂ ਐੱਮ. ਵਨੀਤਾ ਅਤੇ ਮਿਸ਼ਨ ਡਾਇਰੈਕਟਰ ਰਿਤੂ ਕਰਿਧਲ ਸ਼੍ਰੀਵਾਸਤਵ ਨੇ ਅਹਿਮ ਭੂਮਿਕਾ ਨਿਭਾਈ। ਚੰਦਰਯਾਨ 3 ਦੇ ਮਿਸ਼ਨ ਨਿਰਦੇਸ਼ਕ ਮੋਹਨ ਕੁਮਾਰ ਹਨ, ਵਾਹਨ/ਰਾਕੇਟ ਨਿਰਦੇਸ਼ਕ ਬੀਜੂ ਸੀ. ਥਾਮਸ ਅਤੇ ਪੁਲਾੜ ਯਾਨ ਦੇ ਨਿਰਦੇਸ਼ਕ ਡਾ. ਪੀ. ਵੀਰਾਮੁਥੂਵੇਲ ਹਨ।



# ਸਿਆਸੀ ਪ੍ਰਬੰਧ ਦੀ ਨਾਕਾਮੀ ਕਾਰਨ ਪੰਜਾਬੀ ਹੜ੍ਹਾਂ ਦੀ ਮਾਰ ਹੇਠ





ਦਵਿੰਦਰ ਕੌਰ ਖੁਸ਼ ਧਾਲੀਵਾਲ

ਉੱਤਰੀ ਭਾਰਤ 'ਚ ਮਾਨਸੂਨ ਵਿੱਚ ਵੱਧ ਮੀਂਹ ਪੈਣ ਕਾਰਨ ਜੁਲਾਈ ਵਿੱਚ ਹਿਮਾਚਲ ਪ੍ਰਦੇਸ਼ ਤੇ ਪੰਜਾਬ ਦੇ ਕਈ ਹਿੱਸੇ ਹੜ੍ਹਾਂ ਦਾ ਸ਼ਿਕਾਰ ਹੋਏ ਹਨ। ਕੁਝ ਮੌਸਮ ਮਾਹਰਾਂ ਦਾ ਕਹਿਣਾ ਹੈ ਕਿ ਇਸ ਵਾਰ ਮਾਨਸੂਨ ਤੇ ਪੱਛਮੀ ਗੜਬੜਾਂ ਨੇ ਇਕੋ ਵੇਲੇ ਮੀਂਹ ਵਰ੍ਹਾਇਆ ਹੈ, ਜਿਸ ਨਾਲ ਵੱਧ ਮੀਂਹ ਪਿਆ ਹੈ, ਜਦਕਿ ਆਮ ਤੌਰ 'ਤੇ ਮਾਨਸੂਨ ਦੇ ਸਮੇਂ ਪੱਛਮੀ ਗੜਬੜ ਨਹੀਂ ਹੁੰਦੀ। ਹੜ੍ਹਾਂ ਦਾ ਦੂਜਾ ਵੱਡਾ ਕਾਰਨ ਜੰਮੂ-ਕਸ਼ਮੀਰ ਤੇ ਹਿਮਾਚਲ ਪ੍ਰਦੇਸ਼ ਵਿੱਚ ਪਏ ਮੀਂਹ ਕਾਰਨ ਪੰਜਾਬ ਦੇ ਦਰਿਆਵਾਂ ਵਿੱਚ ਪਾਣੀ ਦਾ ਪੱਧਰ ਚੜ੍ਹਨਾ ਵੀ ਹੈ। ਜੁਲਾਈ 'ਚ ਪੰਜਾਬ ਦੇ 14 ਜ਼ਿਲ੍ਹੇ ਪਾਣੀ ਦੀ ਮਾਰ ਹੇਠ ਆਏ ਸਨ, ਜਿਨ੍ਹਾਂ ਵਿਚੋਂ ਪੰਜ ਜ਼ਿਲ੍ਹੇ ਰੂਪਨਗਰ, ਮੁਹਾਲੀ, ਫ਼ਤਹਿਗੜ੍ਹ ਸਾਹਿਬ, ਪਟਿਆਲਾ ਤੇ ਸੰਗਰੂਰ ਸਭ ਤੋਂ ਵੱਧ ਮਾਰ ਹੇਠ ਸਨ। ਜਲੰਧਰ ਤੇ ਫਿਰੋਜ਼ਪੁਰ ਦੇ ਵੀ ਕਈ ਪਿੰਡ ਡੁੱਬੇ ਸਨ। ਅਸਲ 'ਚ ਪੰਜਾਬ 'ਚ ਸਤਲੁਜ ਤੇ ਘੱਗਰ ਨਾਲ ਲਗਦਾ ਇਲਾਕਾ ਮੁੱਖ ਤੌਰ 'ਤੇ ਹੜ੍ਹ ਦੀ ਮਾਰ ਵਿੱਚ ਆਇਆ ਸੀ। ਪੰਜਾਬ ਦੇ ਕਰੀਬ 1200 ਪਿੰਡ ਤੇ ਸ਼ਹਿਰ ਇਨ੍ਹਾਂ ਹੜ੍ਹਾਂ ਦੀ ਮਾਰ ਵਿੱਚ ਆਏ ਪਰ ਇਸ ਤੋਂ ਬਿਨਾਂ 300 ਦੇ ਕਰੀਬ ਘਰ ਢਹਿ ਗਏ ਸਨ ਤੇ 6 ਲੱਖ ਏਕੜ ਫ਼ਸਲ ਡੁੱਬ ਗਈ ਸੀ। ਇਸ ਮਹੀਨੇ ਪੰਜਾਬ 'ਚ ਪੌਂਗ ਡੈਮ ਤੇ ਭਾਖੜਾ ਡੈਮ ਦੇ ਫਲੱਡ ਗੇਟ ਖੋਲ੍ਹਣ ਨਾਲ ਰੋਪੜ, ਗੁਰਦਾਸਪੁਰ, ਹੁਸ਼ਿਆਰਪੁਰ ਜ਼ਿਲ੍ਹਿਆਂ ਦੇ ਪਿੰਡ ਫਿਰ ਹੜ੍ਹ ਦੀ ਲਪੇਟ ਵਿੱਚ ਆ ਗਏ ਹਨ।

ਬੇਸ਼ੱਕ ਮੀਂਹ ਪੈਣਾ ਇੱਕ ਕੁਦਰਤੀ ਵਰਤਾਰਾ ਹੈ, ਜਿਸ ਦੇ ਵੱਧ-ਘੱਟ ਪੈਣ ਨੂੰ ਕਾਬੂ ਕਰਨ ਦੇ ਹਾਲੇ ਮਨੁੱਖ ਸਮਰੱਥ ਨਹੀਂ ਹੈ ਅਤੇ ਨਾ ਹੀ ਹੜ੍ਹਾਂ ਨੂੰ ਆਉਣ ਤੋਂ ਪੂਰੀ ਤਰ੍ਹਾਂ ਰੋਕਿਆ ਹੀ ਜਾ ਸਕਦਾ ਹੈ। ਪਰ ਪੰਜਾਬ ਵਰਗੇ ਮੈਦਾਨੀ ਇਲਾਕਿਆਂ ਵਿਚ ਮਾਨਸੂਨ ਤੋਂ ਪਹਿਲਾਂ ਹੜ੍ਹਾਂ ਦੀ ਸੰਭਾਵਨਾ ਦੇ ਮੱਦੇਨਜ਼ਰ ਤਿਆਰੀ ਵਜੋਂ ਬਹੁਤ ਸਾਰੇ ਉਪਰਾਲੇ ਕੀਤੇ ਜਾ ਸਕਦੇ ਸਨ, ਜਿਨ੍ਹਾਂ ਨਾਲ ਹੜ੍ਹਾਂ ਦੀ ਮਾਰ ਘਟ ਸਕਦੀ ਸੀ। ਇਸ ਦੇ ਨਾਲ ਹੀ ਰਾਹਤ ਕਾਰਜ ਵੀ ਤਿਆਰ-ਬਰ-ਤਿਆਰ ਰਹਿਣੇ ਚਾਹੀਦੇ ਸਨ ਤਾਂ ਜੋ ਹੜ੍ਹ ਆਉਣ 'ਤੇ ਲੋਕਾਂ ਦੀ ਮਦਦ ਤੇ ਨੁਕਸਾਨ ਨੂੰ ਘਟਾਉਣ ਲਈ ਵੇਲੇ ਸਿਰ ਢੁਕਵੇਂ ਉਪਰਾਲੇ ਕੀਤੇ ਜਾ ਸਕਦੇ। ਪਰ ਪੰਜਾਬ ਵਿੱਚ ਕਿਸੇ ਵੀ ਪਾਰਟੀ ਦੀ ਸਰਕਾਰ ਨੇ ਇਸ ਕਾਰਜ ਨੂੰ ਕਦੇ ਗੰਭੀਰਤਾ ਨਾਲ ਨਹੀਂ ਲਿਆ। ਬਰਸਾਤੀ ਨਾਲਿਆਂ, ਡਰੇਨ ਆਦਿ ਦੀ ਸਫਾਈ, ਬੰਨ੍ਹ ਮਜ਼ਬੂਤ ਕਰਨੇ ਤੇ ਨਹਿਰੀ ਪ੍ਰਬੰਧ ਨੂੰ ਦਰੁਸਤ ਰੱਖਣ ਜਿਹੇ ਢੁਕਵੇਂ ਉਪਰਾਲਿਆਂ ਨਾਲ ਇਨ੍ਹਾਂ ਹੜ੍ਹਾਂ ਨੂੰ ਬਹੁਤ ਹੱਦ ਤੱਕ ਰੋਕਿਆ ਜਾ ਸਕਦਾ ਹੈ। 'ਬਦਲਾਅ' ਦੇ ਦਾਅਵੇ ਕਰਨ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਵੀ ਪੁਰਾਣੀਆਂ ਸਰਕਾਰਾਂ ਦੀਆਂ ਪੈੜਾਂ ਉੱਪਰ ਚੱਲਦਿਆਂ ਪੰਜਾਬ ਦੀਆਂ ਨਹਿਰਾਂ, ਬਰਸਾਤੀ ਨਾਲਿਆਂ, ਡ੍ਰੇਨਾਂ, ਚੋਆਂ ਦੀ ਸਫ਼ਾਈ ਤੇ ਹੋਰ ਕੋਈ ਅਗਾਊਂ ਉਪਰਾਲਾ ਨਹੀਂ ਕੀਤਾ। ਸਭ ਰਾਹਤ ਪ੍ਰਬੰਧ ਵੀ ਮੌਕੇ ਸਿਰ ਹਫੜਾ-ਦਫੜੀ ਵਿੱਚ ਸ਼ੁਰੂ ਕੀਤੇ ਹਨ, ਜੋ ਬਿਲਕੁਲ ਵੀ ਪ੍ਰਭਾਵੀ ਸਾਬਤ ਨਹੀਂ ਹੋ ਰਹੇ। ਹੜ੍ਹ ਨੂੰ ਰੋਕਣ ਦੇ ਪ੍ਰਬੰਧ ਕਰਨ ਵਿੱਚ ਘਾਟ ਸਿਰਫ਼ ਸਿਆਸੀ ਇੱਛਾ ਸ਼ਕਤੀ ਦੀ ਹੀ ਹੈ। ਇਨ੍ਹਾਂ ਹੜ੍ਹਾਂ ਦਾ ਇੱਕ ਹੋਰ ਕਾਰਨ ਪਾਣੀ ਦੇ ਵਹਾਅ ਦੇ ਕੁਦਰਤੀ ਵਹਿਣਾਂ ਨੂੰ ਪ੍ਰਭਾਵਿਤ ਕਰਨਾ ਜਾਂ ਰੋਕਿਆ ਜਾਣਾ ਵੀ ਹੈ। ਪੰਜਾਬ ਦੇ ਦਰਿਆਵਾਂ, ਨਹਿਰਾਂ, ਬਰਸਾਤੀ ਨਾਲਿਆਂ, ਚੋਅ ਆਦਿ ਦੇ ਕਾਫ਼ੀ ਹਿੱਸੇ ਉੱਪਰ ਧਨੀ ਕਿਸਾਨੀ ਨੇ ਕਬਜ਼ਾ ਕਰ ਕੇ ਉਸ ਨੂੰ ਆਪਣੇ ਖੇਤਾਂ ਵਿੱਚ ਰਲਾ ਲਿਆ ਹੈ। ਕਈ ਹਿੱਸਿਆਂ ਉੱਪਰ ਵੱਡੀਆਂ ਉਸਾਰੀਆਂ ਵੀ ਹੋਈਆਂ ਹਨ। ਇਹ ਸਭ ਸਰਕਾਰੀ ਤੰਤਰ ਦੀਆਂ ਅੱਖਾਂ ਸਾਹਮਣੇ, ਸਗੋਂ ਉਨ੍ਹਾਂ ਦੀ ਮਿਲੀ ਭੁਗਤ ਨਾਲ ਹੁੰਦਾ ਰਿਹਾ ਹੈ। ਇੱਥੋਂ ਤੱਕ ਕਿ ਦਰਿਆਵਾਂ, ਬਰਸਾਤੀ ਨਾਲਿਆਂ ਨੇੜੇ ਵੱਧ ਸੰਵੇਦਨਸ਼ੀਲ ਇਲਾਕੇ ਹਨ, ਭਾਵ ਜਿੱਥੇ ਪਹਿਲਾਂ ਪਾਣੀ ਵੱਧ ਮਾਰ ਕਰਦਾ ਰਿਹਾ ਹੈ ਤੇ ਜਿੱਥੇ ਕਦੇ ਹੜ੍ਹ ਆਏ ਹਨ ਜਾਂ ਜਿੱਥੋਂ ਪਾਣੀ ਟੁੱਟਿਆ ਹੈ, ਉਨ੍ਹਾਂ ਇਲਾਕਿਆਂ ਵਿੱਚ ਵੀ ਅਜਿਹੇ ਕਬਜ਼ੇ ਧੜਾ ਧੜ ਹੋਏ ਹਨ, ਜਿਨ੍ਹਾਂ ਦੀ ਕਿਸੇ ਸਰਕਾਰ ਨੇ ਸਾਰ ਨਹੀਂ ਲਈ। ਕੁਝ ਮਾਹਰਾਂ ਦਾ ਕਹਿਣਾ ਹੈ ਕਿ ਸਤਲੁਜ ਦਰਿਆਵਾਂ ਦੇ ਬੰਨ੍ਹਾਂ ਨੂੰ 4 ਲੱਖ ਕਿਊਸਿਕ ਪਾਣੀ ਨੂੰ ਨਿਪਟਾਉਣ ਦੀ ਸਮਰੱਥਾ ਵਾਲਾ ਬਣਾਇਆ ਗਿਆ ਸੀ, ਪਰ ਦਰਿਆ ਹੁਣ ਸਿਰਫ਼ 2 ਲੱਖ ਕਿਊਸਿਕ ਪਾਣੀ ਵੀ ਨਹੀਂ ਸੰਭਾਲ ਰਿਹਾ। ਇਸ ਦਾ ਕਾਰਨ ਇਹ ਪਾਣੀਆਂ ਦੇ ਕੁਦਰਤੀ ਵਹਿਣਾਂ ਉੱਪਰ ਹੋਏ ਇਹ ਕਬਜ਼ੇ ਹੀ ਹਨ। ਇਸੇ ਤਰ੍ਹਾਂ ਗ਼ੈਰ-ਵਿਉਂਤਬੱਧ ਅਤੇ ਅਨਿਯਮਤ ਢੰਗ ਨਾਲ ਹੋਇਆ ਸ਼ਹਿਰੀ ਵਿਕਾਸ ਵੀ ਇਸ ਲਈ ਜ਼ਿੰਮੇਵਾਰ ਹੈ, ਜਿਸ 'ਚ ਭਾਰੀ ਮੀਂਹ ਜਾਂ ਹੜ੍ਹਾਂ ਨੂੰ ਬਿਲਕੁਲ ਵੀ ਧਿਆਨ ਵਿੱਚ ਨਹੀਂ ਰੱਖਿਆ ਗਿਆ। ਪਟਿਆਲੇ ਦਾ ਅਰਬਨ ਅਸਟੇਟ ਇਲਾਕੇ ਦਾ ਹੜ੍ਹ ਦੀ ਮਾਰ ਵਿੱਚ ਆਉਣਾ ਇਸ ਦੀ ਉਦਾਹਰਨ ਹੈ।



ਇਸੇ ਦਾ ਨਤੀਜਾ ਹੈ ਕਿ ਪੰਜਾਬ ਦੇ ਕਈ ਜ਼ਿਲ੍ਹਿਆਂ ਵਿੱਚ ਹੜ੍ਹ ਜਿਹੀ ਹਾਲਤ ਬਣੀ ਹੋਈ ਹੈ, ਜਿਹੜੀ ਅਗਲੇ ਦਿਨਾਂ 'ਚ ਹੋਰ ਵੀ ਬਦਤਰ ਹੋ ਸਕਦੀ ਹੈ। ਹੜ੍ਹ ਪੀੜਤ ਇਲਾਕਿਆਂ ਦਾ ਦੌਰਾ ਕਰਨ ਤੇ ਰਾਹਤ ਕਾਰਜਾਂ ਦੇ ਨਾਂਅ ਉੱਪਰ ਸੱਤਾਧਾਰੀ ਆਗੂਆਂ ਦੀ ਡਰਾਮੇਬਾਜ਼ੀ ਹੀ ਚੱਲ ਰਹੀ ਹੈ। ਕਈ ਲੀਡਰ ਹੜ੍ਹ ਪੀੜਤ ਇਲਾਕਿਆਂ ਵਿੱਚ ਗਿੱਟੇ ਲਿਬੇੜ ਕੇ ਫੋਟੋ ਸ਼ੂਟ ਕਰਵਾਉਣ (ਤਸਵੀਰਾਂ ਖਿਚਵਾਉਣ) ਵਿੱਚ ਰੁੱਝੇ ਹੋਏ ਹਨ। ਸਭ ਇਕ-ਦੂਜੇ ਤੋਂ ਮੂਹਰੇ ਹੋ ਕੇ ਆਪਣਾ ਪੂਰਾ ਲਾਮ-ਲਸ਼ਕਰ ਤੇ ਡਿਜੀਟਲ ਕੈਮਰੇ ਵਾਲੇ ਵਿਸ਼ੇਸ਼ ਕੈਮਰਾਮੈਨ ਨਾਲ ਲੈ ਕੇ ਪਾਣੀ ਵਿੱਚ ਕਦੇ ਹੱਥ ਖੜ੍ਹੇ ਕਰ ਕੇ, ਕਦੇ ਹੱਥ ਬਾਹਰ ਕੱਢ ਕੇ, ਕਦੇ ਹੱਥ 'ਚ ਰੋੜਾ ਜਾਂ ਬੂਟੀ ਫੜ ਕੇ ਅਤੇ ਕਦੇ ਕੋਈ ਹੋਰ ਮੁਦਰਾ ਵਿਚ ਤਸਵੀਰਾਂ ਕਰਵਾਉਣ ਦੀ ਦੌੜ ਵਿਚ ਪਏ ਹੋਏ ਹਨ। ਪਰ ਪ੍ਰਸ਼ਾਸਨ ਨੂੰ ਹਰਕਤ ਵਿਚ ਲਿਆਉਣਾ, ਰਾਹਤ ਕਾਰਜ ਤੇਜ਼ ਕਰਨ, ਬਣਦੇ ਫੰਡ ਜਾਰੀ ਕਰਨ, ਸਭ ਤੋਂ ਵੱਧ ਪੀੜਤ ਗਰੀਬਾਂ ਤੱਕ ਪਹਿਲ ਦੇ ਆਧਾਰ 'ਤੇ ਮਦਦ ਪਹੁੰਚਾਉਣ ਆਦਿ ਦੀ ਜਿਹੜੀ ਜ਼ਿੰਮੇਵਾਰੀ ਇਨ੍ਹਾਂ ਨੂੰ ਆਪਣੇ ਅਹੁਦੇ 'ਤੇ ਬੈਠ ਕੇ ਨਿਭਾਉਣੀ ਚਾਹੀਦੀ ਹੈ, ਉਹ ਨਹੀਂ ਨਿਭਾ ਰਹੇ। ਹੁਣ ਤੱਕ ਪੰਜਾਬ ਸਰਕਾਰ ਵਲੋਂ ਸਿਰਫ਼ 33 ਕਰੋੜ ਰੁਪਏ ਜਾਰੀ ਕੀਤੇ ਗਏ ਹਨ ਤੇ ਲੋਕਾਂ ਤੱਕ ਸਰਕਾਰੀ ਮਦਦ ਬਹੁਤ ਘੱਟ ਪਹੁੰਚ ਰਹੀ ਹੈ। ਪਿਛਲੇ ਦਿਨੀਂ ਪਟਿਆਲੇ ਵਿਚ ਜ਼ਰੂਰ ਕੁਝ ਚੈੱਕ ਦਿੱਤੇ ਗਏ ਹਨ ਪਰ ਰਾਜ ਦੇ ਬਹੁਤੇ ਜ਼ਿਲ੍ਹਿਆਂ ਵਿੱਚ ਅਜੇ ਕੋਈ ਮੁਆਵਜ਼ਾ ਨਹੀਂ ਦਿੱਤਾ ਗਿਆ।

ਹੜ੍ਹ ਦੇ ਕਹਿਰ ਵਿੱਚ ਪੰਜਾਬ ਦੇ ਦਰਿਆਵਾਂ ਉੱਪਰ ਹੱਕ ਦਾ ਮੁੱਦਾ ਇਕ ਵਾਰ ਫੇਰ ਉੱਭਰਿਆ, ਕਿਉਂਕਿ ਇਸ ਦੇ ਪਾਣੀ ਵਿੱਚ ਆਪਣਾ ਹੱਕ ਜਤਾਉਣ ਵਾਲੇ ਹਰਿਆਣਾ ਤੇ ਰਾਜਸਥਾਨ ਨੇ ਕੋਰੀ ਨਾਂਹ ਕਰ ਦਿੱਤੀ ਕਿ ਉਨ੍ਹਾਂ ਦੀਆਂ ਨਹਿਰਾਂ ਵਿੱਚ ਹੜ੍ਹ ਦਾ ਪਾਣੀ ਨਾ ਛੱਡਿਆ ਜਾਵੇ। ਇਸ ਕਾਰਨ ਹਰੀਕੇ ਹੈੱਡਵਰਕਸ ਤੋਂ ਰਾਜਸਥਾਨ ਨੂੰ ਜਾਣ ਵਾਲੀਆਂ ਦੋਵੇਂ ਨਹਿਰਾਂ, ਰਾਜਸਥਾਨ ਫੀਡਰ ਤੇ ਬੀਕਾਨੇਰ ਨਹਿਰ ਬੰਦ ਪਈਆਂ ਰਹੀਆਂ ਜਦੋਂ ਕਿ ਉੱਥੇ ਪਾਣੀ ਦੀ ਵਧੀ ਮਾਤਰਾ ਨੂੰ ਫ਼ਰੀਦਕੋਟ ਜ਼ਿਲ੍ਹੇ ਦੇ ਪਿੰਡਾਂ ਵਿਚ ਛੱਡ ਕੇ ਉਨ੍ਹਾਂ ਨੂੰ ਵੀ ਹੜ੍ਹਾਂ ਦੀ ਮਾਰ ਹੇਠ ਲਿਆ ਦਿੱਤਾ ਗਿਆ। ਜਦੋਂ ਕਿ ਪਾਕਿਸਤਾਨ ਨੇ ਭਾਈਚਾਰਾ ਵਿਖਾਉਂਦੇ ਹੋਏ ਸੁਲੇਮਾਨ ਹੈੱਡਵਰਕਸ ਤੋਂ ਆਪਣੇ 10 ਫਲੱਡ ਗੇਟ ਖੋਲ੍ਹ ਦਿੱਤੇ, ਜਿਸ ਨਾਲ ਉੱਥੋਂ ਦੇ ਕੁਝ ਇਲਾਕਿਆਂ ਵਿੱਚ ਪਾਣੀ ਭਰ ਗਿਆ, ਪਰ ਚੜ੍ਹਦੇ ਪੰਜਾਬ ਦੇ ਕਈ ਹੋਰ ਇਲਾਕਿਆਂ ਨੂੰ ਡੁੱਬਣ ਤੋਂ ਬਚਾ ਲਿਆ।

ਇਸ ਔਖੀ ਘੜੀ ਆਮ ਲੋਕ ਫੇਰ ਖੁੱਲ੍ਹੇ ਦਿਲ ਨਾਲ ਇਕ-ਦੂਜੇ ਦੀ ਮਦਦ ਕਰਨ ਲਈ ਅੱਗੇ ਆਏ ਹਨ। ਹੜ੍ਹ ਪੀੜਤਾਂ ਦੀ ਮਦਦ ਸਰਕਾਰ ਨਾਲੋਂ ਵੱਧ ਇਸ ਵੇਲੇ ਆਮ ਲੋਕ ਹੀ ਕਰ ਰਹੇ ਹਨ। ਲੋਕਾਂ ਨੂੰ ਡੁੱਬੇ ਘਰਾਂ 'ਚੋਂ ਕੱਢ ਕੇ ਸੁਰੱਖਿਅਤ ਥਾਂਵਾਂ 'ਤੇ ਪਹੁੰਚਾਉਣਾ, ਖਾਣਾ-ਪੀਣਾ, ਦਵਾਈਆਂ ਤੇ ਹੋਰ ਜ਼ਰੂਰੀ ਸਮੱਗਰੀ ਪਹੁੰਚਾਉਣਾ, ਪਾਣੀ ਦੀ ਨਿਕਾਸੀ ਦਾ ਪ੍ਰਬੰਧ ਕਰਨਾ ਤੇ ਬੰਨ੍ਹਾਂ ਨੂੰ ਮਜ਼ਬੂਤ ਕਰਨ ਜਿਹੇ ਜੋਖ਼ਮ ਭਰੇ ਕੰਮਾਂ ਲਈ ਵੱਡੀ ਗਿਣਤੀ 'ਚ ਲੋਕ ਅੱਗੇ ਆ ਰਹੇ ਹਨ। ਪਾਣੀ ਉੱਤਰਨ ਤੋਂ ਬਾਅਦ ਪੀੜਤਾਂ ਦੇ ਸਿਰ ਉੱਪਰ ਛੱਤ ਖੜ੍ਹੀ ਕਰਨ ਤੇ ਬਿਮਾਰਾਂ ਦਾ ਇਲਾਜ ਵੀ ਜ਼ਿਆਦਾਤਰ ਆਮ ਲੋਕ ਹੀ ਕਰਨਗੇ। ਲੋਕਾਂ ਦੀ ਇਹ ਭਾਈਚਾਰਕ ਸਾਂਝ ਤੇ ਚੰਗਿਆਈ ਹੀ ਹਰ ਬਿਖੜੇ ਪੈਂਡੇ ਨੂੰ ਤੈਅ ਕਰਨ ਵਿੱਚ ਉਨ੍ਹਾਂ ਦੀ ਵੱਡੀ ਤਾਕਤ ਹੈ। ਹਰ ਕਿਸੇ ਨੂੰ ਹੜ੍ਹ ਪੀੜਤਾਂ ਦੀ ਮਦਦ ਵਿਚ ਵੱਧ ਤੋਂ ਵੱਧ ਸਹਿਯੋਗ ਕਰਨਾ ਚਾਹੀਦਾ ਹੈ ਪਰ ਨਾਲ ਹੀ ਸਰਕਾਰੀ ਪ੍ਰਬੰਧ ਦੀਆਂ ਨਕਾਮੀਆਂ ਉੱਪਰ ਵੀ ਉਂਗਲ ਧਰਨੀ ਚਾਹੀਦੀ ਹੈ ਅਤੇ ਲੋਕਾਂ ਦੇ ਨੁਮਾਇੰਦੇ ਹੋਣ ਦਾ ਝੂਠਾ ਦਾਅਵਾ ਕਰਨ ਵਾਲੇ ਸਿਆਸੀ ਲੀਡਰਾਂ ਨੂੰ ਘੇਰਨਾ ਚਾਹੀਦਾ ਹੈ।

-ਖੋਜਕਰਤਾ, ਗੁਰੂ ਨਾਨਕ ਚੇਅਰ, ਚੰਡੀਗੜ੍ਹ ਯੂਨੀਵਰਸਿਟੀ





# ਸਿੰਘ ਸਭਾ ਲਹਿਰ ਦਾ 150 ਸਾਲਾ ਸਥਾਪਨਾ ਦਿਵਸ



ਡਾ. ਪਰਮਵੀਰ ਸਿੰਘ
ਸਿੱਖ ਵਿਸ਼ਵਕੋਸ਼ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

*ਸਿੱਖ ਧਰਮ ਅਤੇ ਧਾਰਮਿਕ ਪ੍ਰਬੰਧ ਤੇਜ਼ੀ ਨਾਲ ਉਸ ਦਿਸ਼ਾ ਵੱਲ ਜਾ ਰਹੇ ਹਨ ਜਿੱਥੇ ਸਿੱਖ ਰਾਜਨੀਤਿਕ ਸੱਤਾ ਪਹਿਲਾਂ ਹੀ ਜਾ ਚੁੱਕੀ ਹੈ। ਪੁਰਾਤਨ ਖ਼ਾਲਸੇ ਦੇ ਦੋ ਅੰਗਾਂ, ਭਾਵ ਪਹਿਲੇ ਗੁਰੂ ਨਾਨਕ ਦੇਵ ਜੀ ਦੇ ਨਾਨਕਸ਼ਾਹੀ ਸਿੱਖਾਂ ਅਤੇ ਦੂਜੇ ਮਹਾਨ ਧਾਰਮਿਕ ਆਗੂ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਰਧਾਲੂ ਸਿੱਖਾਂ, ਵਿਚੋਂ ਪਹਿਲੇ ਤਾਂ ਬਚੇ ਰਹਿਣਗੇ ਅਤੇ ਬਾਅਦ ਵਾਲੇ ਖ਼ਤਮ ਹੋ ਜਾਣਗੇ। ਪੁਰਾਣੇ ਪਰਿਵਾਰ ਅਤੇ ਮੁਕਾਬਲਤਨ ਘੱਟ ਗਿਣਤੀ ਸ਼ਾਂਤ ਸੁਭਾਅ ਵਾਲੇ ਗੁਰੂ ਨਾਨਕ ਦੇ ਸਿੱਖ ਤਾਂ ਸ਼ਾਇਦ ਆਪਣੇ ਪੁਰਖਿਆਂ ਦੇ ਵਿਸ਼ਵਾਸ ਵਾਲੇ ਧਰਮ ਨਾਲ ਜੁੜੇ ਰਹਿਣਗੇ; ਪਰ ਬਾਅਦ ਵਿਚ ਸਜੇ ਗੁਰੂ ਗੋਬਿੰਦ ਸਿੰਘ ਜੀ ਦੇ ਸਿੱਖ, ਜਿਨ੍ਹਾਂ ਨੂੰ ਵਿਸ਼ੇਸ਼ ਤੌਰ 'ਤੇ ਸਿੰਘ ਜਾਂ ਸ਼ੇਰ ਕਿਹਾ ਜਾਂਦਾ ਹੈ ਅਤੇ ਜਿਨ੍ਹਾਂ ਨੇ ਇਸ ਧਰਮ ਨੂੰ ਯੁੱਧ ਅਤੇ ਜਿੱਤ ਦਾ ਧਰਮ ਸਮਝ ਕੇ ਧਾਰਨ ਕੀਤਾ ਸੀ, ਉਹ ਹੁਣ ਖ਼ਾਲਸੇ ਦਾ ਸਤਿਕਾਰ ਨਹੀਂ ਕਰਦੇ ਕਿਉਂਕਿ ਹੁਣ ਇਸ ਦਾ ਗੌਰਵ ਚਲਾ ਗਿਆ ਹੈ।*

ਸਿੰਘ ਸਭਾ ਲਹਿਰ ਨੂੰ ਸਿੱਖਾਂ ਦੀ ਧਾਰਮਿਕ ਚੇਤਨਾ ਨਾਲ ਜੋੜਦੇ ਹੋਏ ਕਿਹਾ ਜਾਂਦਾ ਹੈ ਇਸ ਨੇ ਸਿੱਖਾਂ ਦੀ ਗੁਰਮਤਿ ਅਨੁਸਾਰੀ ਨਿਆਰੀ ਹੋਂਦ ਸਥਾਪਿਤ ਕਰਨ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ। ਅੰਗਰੇਜ਼ਾਂ ਦਾ ਪੰਜਾਬ 'ਤੇ ਕਬਜ਼ਾ ਹੋ ਜਾਣ ਉਪਰੰਤ ਸਿੱਖਾਂ ਦੀ ਜੀਵਨਜਾਚ ਵਿੱਚ ਜਿਹੜਾ ਨਿਘਾਰ ਦੇਖਣ ਨੂੰ ਮਿਲਦਾ ਹੈ ਉਸ ਦੇ ਪ੍ਰਤਿਕਰਮ ਵਜੋਂ ਇਸ ਲਹਿਰ ਦਾ ਜਨਮ ਹੋਇਆ ਸੀ। ਅੰਗਰੇਜ਼ਾਂ ਦਾ ਪੰਜਾਬ 'ਤੇ ਪੂਰਨ ਰੂਪ ਵਿੱਚ ਕਬਜ਼ਾ ਉੱਨ੍ਹੀਵੀਂ ਸਦੀ ਦੇ ਅੱਧ ਵਿੱਚ ਹੋਇਆ ਸੀ ਜਿਸ ਤੋਂ ਇਹ ਭਾਵ ਵੀ ਲਿਆ ਜਾਂਦਾ ਹੈ ਕਿ ਅਠਾਰ੍ਹਵੀਂ ਸਦੀ ਤੋਂ ਲੈ ਕੇ 1849 ਵਿੱ ਮਹਾਰਾਜਾ ਰਣਜੀਤ ਸਿੰਘ ਦੇ ਰਾਜ 'ਤੇ ਕਬਜ਼ਾ ਹੋਣ ਤੱਕ ਲਗਪਗ 150 ਸਾਲ ਸਿੱਖਾਂ ਦੀ ਜੀਵਨਜਾਚ ਦਾ ਸੁਨਹਿਰੀ ਕਾਲ ਸੀ ਜਦੋਂ ਉਹਨਾਂ ਨੇ ਭਾਰਤੀ ਹਾਕਮਾਂ ਅਤੇ ਵਿਦੇਸ਼ੀ ਹਮਲਾਵਰਾਂ ਵੱਲੋਂ ਕੀਤੇ ਜਾਂਦੇ ਜਬਰ ਅਤੇ ਜ਼ੁਲਮ ਦਾ ਟਾਕਰਾ ਕੀਤਾ, ਬਾਹਰੀ ਹਮਲਾਵਰਾਂ ਲਈ ਭਾਰਤ ਦੇ ਦਰਵਾਜੇ ਬੰਦ ਕਰ ਦਿੱਤੇ ਅਤੇ ਆਮ ਲੋਕਾਂ ਨੂੰ ਭੈਅ-ਰਹਿਤ ਅਤੇ ਨਿਆਂਸ਼ੀਲ ਯੁਕਤ ਸੁਚੱਜੀ ਜੀਵਨਜਾਚ ਪ੍ਰਦਾਨ ਕਰਨ ਲਈ ਸੁਰੱਖਿਆ ਪ੍ਰਦਾਨ ਕੀਤੀ ਸੀ। ਭਾਵੇਂ ਕਿ ਇਸ ਸਮੇਂ ਦੌਰਾਨ ਹਜ਼ਾਰਾਂ ਸਿੱਖਾਂ ਨੇ ਤਸੀਹੇ ਝੱਲੇ, ਜੇਲ੍ਹਾਂ ਕੱਟੀਆਂ, ਆਪਣੇ ਬੱਚਿਆਂ ਨੂੰ ਸ਼ਹੀਦ ਹੁੰਦੇ ਦੇਖਿਆ ਅਤੇ ਜ਼ੁਲਮ ਦਾ ਟਾਕਰਾ ਕਰਦੇ ਹੋਏ ਆਪ ਵੀ ਸ਼ਹੀਦੀਆਂ ਪ੍ਰਾਪਤ ਕਰ ਗਏ ਪਰ ਫਿਰ ਵੀ ਉਹਨਾਂ ਨੇ ਗੁਰਮਤਿ ਅਨੁਸਾਰੀ ਕਦਰਾਂ-ਕੀਮਤਾਂ ਨੂੰ ਜਿਉਂਦੇ ਰੱਖਿਆ ਸੀ। ਉੱਨ੍ਹੀਵੀਂ ਸਦੀ ਦੇ ਅੱਧ ਤੋਂ ਬਾਅਦ ਜਦੋਂ ਉਹਨਾਂ ਦੀ ਅਧਿਆਤਮਿਕ ਜੀਵਨਜਾਚ ਵਿਚ ਗਿਰਾਵਟ ਆਈ ਤਾਂ ਉਸ ਸਮੇਂ ਨੂੰ ਇਹਨਾਂ ਦੇ ਪਤਨ ਵਜੋਂ ਪੇਸ਼ ਕੀਤਾ ਜਾਂਦਾ ਹੈ।

1845 ਤੋਂ 1849 ਦੇ ਮੁੱਢਲੇ ਸਮੇਂ ਦੌਰਾਨ ਫ਼ਿਰੋਜ਼ਸ਼ਾਹ, ਮੁਦਕੀ, ਸਭਰਾਉਂ, ਭੈਰੋਵਾਲ ਆਦਿ ਸਥਾਨਾਂ 'ਤੇ ਅੰਗਰੇਜ਼ਾਂ ਅਤੇ ਸਿੱਖਾਂ ਵਿਚਕਾਰ ਹੋਏ ਯੁੱਧਾਂ ਵਿੱਚ ਅੰਗਰੇਜ਼ਾਂ ਨੇ ਸਿੱਖਾਂ ਦੀ ਫ਼ੌਜੀ ਸ਼ਕਤੀ ਨੂੰ ਪੂਰੀ ਤਰ੍ਹਾਂ ਨਾਲ ਬਲਹੀਨ ਕਰ ਦਿੱਤਾ ਸੀ। ਭਾਵੇਂ ਕਿ ਅੰਗਰੇਜ਼ਾਂ ਨੇ ਮੱਕਾਰੀ ਅਤੇ ਫ਼ੌਜੀ ਸ਼ਕਤੀ ਨਾਲ ਸਿੱਖਾਂ ਨੂੰ ਕਾਬੂ ਕਰ ਲਿਆ ਸੀ ਪਰ ਉਹ ਜਾਣਦੇ ਸਨ ਕਿ ਧਾਰਮਿਕ ਇਖਲਾਕ ਅਤੇ ਸਿਦਕ ਵਿੱਚ ਗੁੜ੍ਹੀ ਹੋਈ ਇਸ ਕੌਮ ਨੂੰ ਫ਼ੌਜੀ ਤਾਕਤ ਨਾਲ ਕੁੱਝ ਦੇਰ ਹੀ ਕਾਬੂ ਰੱਖਿਆ ਜਾ ਸਕਦਾ ਹੈ ਅਤੇ ਜੇਕਰ ਇਹਨਾਂ ਨੂੰ ਲੰਮੇ ਸਮੇਂ ਤੱਕ ਆਪਣੇ ਅਧੀਨ ਰੱਖਣਾ ਹੈ ਤਾਂ ਇਹਨਾਂ ਦੀ ਧਾਰਮਿਕ ਜੀਵਨਜਾਚ ਨੂੰ ਕਮਜ਼ੋਰ ਕਰਨਾ ਜ਼ਰੂਰੀ ਹੈ। ਇਸ ਦਿਸ਼ਾ ਵਿੱਚ ਕਾਰਜ ਕਰਦੇ ਹੋਏ ਉਹਨਾਂ ਨੇ ਸਿੱਖਾਂ ਦੀ ਧਾਰਮਿਕ ਸ਼ਕਤੀ ਦੇ ਕੇਂਦਰ ਸ੍ਰੀ ਦਰਬਾਰ ਸਾਹਿਬ ਨੂੰ ਆਪਣੇ ਅਧੀਨ ਕਰਨ ਲਈ ਯਤਨ ਅਰੰਭ ਕਰ ਦਿੱਤੇ ਸਨ। 1848 ਵਿਚ ਅੰਗਰੇਜ਼ ਸਿਪਾਹੀਆਂ ਦੀ ਇਕ ਟੁਕੜੀ ਬੂਟਾਂ ਸਮੇਤ ਸ੍ਰੀ ਦਰਬਾਰ ਸਾਹਿਬ ਦੀ ਪਰਿਕਰਮਾ ਵਿਚ ਦਾਖਲ ਹੋਈ ਤਾਂ ਭਾਈ ਗੰਡਾ ਸਿੰਘ ਅਤੇ ਉਹਨਾਂ ਦੇ ਸਾਥੀ ਨਿਹੰਗ ਸਿੰਘਾਂ ਨੇ ਉਹਨਾਂ ਨੂੰ ਅਜਿਹਾ ਕਰਨ ਤੋਂ ਰੋਕਿਆ ਤਾਂ ਦੋਵੇਂ ਧਿਰਾਂ ਨੇ ਇਕ ਦੂਜੇ 'ਤੇ ਗੋਲੀ ਚਲਾਉਣੀ ਸ਼ੁਰੂ ਕਰ ਦਿੱਤੀ ਜਿਸ ਵਿੱਚ ਇੱਕ ਸੂਬੇਦਾਰ ਮਾਰਿਆ ਗਿਆ ਅਤੇ ਕੁੱਝ ਸਿਪਾਹੀ ਜ਼ਖ਼ਮੀ ਹੋ ਗਏ ਸਨ। ਨਿਹੰਗ ਸਿੰਘਾਂ ਨੂੰ ਫੜ ਕੇ ਲਾਹੌਰ ਲਿਜਾਇਆ ਗਿਆ ਜਿੱਥੇ ਭਾਈ ਗੰਡਾ ਸਿੰਘ ਸਮੇਤ ਤਿੰਨ ਅਕਾਲੀਆਂ ਨੂੰ ਫ਼ਾਂਸੀ ਦੀ ਸਜ਼ਾ ਸੁਣਾਈ ਗਈ ਅਤੇ ਬਾਕੀ ਛੇ ਸਿੰਘਾਂ ਨੂੰ ਦੇਸ਼ ਨਿਕਾਲਾ ਦੇ ਕੇ ਉੱਤਰ ਪ੍ਰਦੇਸ਼ ਵਿੱਚ ਬਰੇਲੀ ਦੀ ਜੇਲ ਵਿਖੇ ਭੇਜ ਦਿੱਤਾ ਗਿਆ।

ਅੰਗਰੇਜ਼ਾਂ ਦਾ ਕਬਜ਼ਾ ਹੋਣ ਤੋਂ ਪਹਿਲਾਂ ਪੰਜਾਬ ਵਿੱਚ ਪ੍ਰਮੁੱਖ ਤੌਰ 'ਤੇ ਗੁਰਮੁਖੀ, ਉਰਦੂ ਅਤੇ ਫ਼ਾਰਸੀ ਭਾਸ਼ਾ ਦੀ ਵਰਤੋਂ ਕੀਤੀ ਜਾਂਦੀ ਸੀ ਜਿਸ ਨੂੰ ਬਦਲਣ ਲਈ ਈਸਾਈ ਮਿਸ਼ਨਰੀਆਂ ਨੇ ਆਪਣਾ ਮਿਸ਼ਨ ਲੁਧਿਆਣੇ ਤੋਂ ਲਾਹੌਰ ਤੱਕ ਵਧਾ ਲਿਆ ਸੀ। ਦਸੰਬਰ 1849 ਵਿੱਚ ਦੋ ਅਮਰੀਕਨ ਪ੍ਰੈਸਬਾਇਟੇਰੀਅਨ ਮਿਸ਼ਨਰੀ ਜਾਹਨ ਨਿਊਟਨ ਅਤੇ ਚਾਰਲਸ ਫ਼ੋਰਮੈਨ ਲਾਹੌਰ ਆਏ ਅਤੇ ਇੱਥੋਂ ਦੇ ਲੋਕਾਂ ਨੂੰ ਅੰਗਰੇਜ਼ੀ ਭਾਸ਼ਾ ਵਿੱਚ ਵਿੱਦਿਆ ਪ੍ਰਦਾਨ ਕਰਨ ਲਈ ਇੱਕ ਸਕੂਲ ਦੀ ਸਥਾਪਨਾ ਕੀਤੀ ਗਈ ਜਿਸ ਵਿੱਚ ਤਿੰਨ ਕਸ਼ਮੀਰੀ ਵਿਦਿਆਰਥੀ ਦਾਖ਼ਲ ਕੀਤੇ ਗਏ ਜਿਨਾਂ ਨੂੰ ਸਕੂਲ ਆਉਣ 'ਤੇ ਰੋਜ਼ਾਨਾ ਇਕ ਟਕਾ ਦਿੱਤਾ ਜਾਂਦਾ ਸੀ। ਭਾਵੇਂ ਕਿ ਇਸ ਸਕੂਲ ਵਿੱਚ ਵਿਦਿਆਰਥੀਆਂ ਦੀ ਗਿਣਤੀ ਵੱਧਣ ਲੱਗੀ ਸੀ ਪਰ ਫਿਰ ਵੀ ਬਹੁਤੇ ਵਿਦਿਆਰਥੀ ਪੁਰਾਤਨ ਸਕੂਲਾਂ ਵਿੱਚ ਹੀ ਦਾਖ਼ਲ ਹੁੰਦੇ ਸਨ।

ਪੰਜਾਬ ਵਿੱਚ ਈਸਾਈ ਧਰਮ ਦੀਆਂ ਜੜ੍ਹਾਂ ਮਜ਼ਬੂਤ ਕਰਨ ਲਈ ਯਤਨ ਨਿਰੰਤਰ ਤੇਜ਼ੀ ਫੜਦੇ ਜਾ ਰਹੇ ਸਨ। ਅੰਗਰੇਜ਼ਾਂ ਵੱਲੋਂ ਪੰਜਾਬ 'ਤੇ ਕਬਜ਼ਾ ਕਰਨ ਉਪਰੰਤ 1849-50 ਅਤੇ 1850-51 ਦੀ ਤਿਆਰ ਕੀਤੀ ਪਹਿਲੇ ਸਾਲ ਦੀ ਰਿਪੋਰਟ 1854 ਵਿੱਚ ਪ੍ਰਕਾਸ਼ਿਤ ਹੋਈ। ਇਸ ਸਰਕਾਰੀ ਰਿਪੋਰਟ ਵਿੱਚ ਇਹ ਕਿਹਾ ਗਿਆ ਕਿ ਜਿਹੜੇ ਸਿੱਖਾਂ ਦੇ ਗੌਰਵ ਨੂੰ ਦੇਖ ਕੇ ਸਿੱਖੀ ਵੱਲ ਆਏ ਸਨ, ਹੁਣ ਉਹ ਵਾਪਸ ਆਪਣੇ ਧਰਮ ਵਿੱਚ ਜਾ ਰਹੇ ਹਨ :

ਸਿੱਖ ਧਰਮ ਅਤੇ ਧਾਰਮਿਕ ਪ੍ਰਬੰਧ ਤੇਜ਼ੀ ਨਾਲ ਉਸ ਦਿਸ਼ਾ ਵੱਲ ਜਾ ਰਹੇ ਹਨ ਜਿੱਥੇ ਸਿੱਖ ਰਾਜਨੀਤਿਕ ਸੱਤਾ ਪਹਿਲਾਂ ਹੀ ਜਾ ਚੁੱਕੀ ਹੈ। ਪੁਰਾਤਨ ਖ਼ਾਲਸੇ ਦੇ ਦੋ ਅੰਗਾਂ, ਭਾਵ ਪਹਿਲੇ ਗੁਰੂ ਨਾਨਕ ਦੇਵ ਜੀ ਦੇ ਨਾਨਕਸ਼ਾਹੀ ਸਿੱਖਾਂ ਅਤੇ ਦੂਜੇ ਮਹਾਨ ਧਾਰਮਿਕ ਆਗੂ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਰਧਾਲੂ ਸਿੱਖਾਂ, ਵਿਚੋਂ ਪਹਿਲੇ ਤਾਂ ਬਚੇ ਰਹਿਣਗੇ ਅਤੇ ਬਾਅਦ ਵਾਲੇ ਖ਼ਤਮ ਹੋ ਜਾਣਗੇ। ਪੁਰਾਣੇ ਪਰਿਵਾਰ ਅਤੇ ਮੁਕਾਬਲਤਨ ਘੱਟ ਗਿਣਤੀ ਸ਼ਾਂਤ ਸੁਭਾਅ ਵਾਲੇ ਗੁਰੂ ਨਾਨਕ ਦੇ ਸਿੱਖ ਤਾਂ ਸ਼ਾਇਦ ਆਪਣੇ ਪੁਰਖਿਆਂ ਦੇ ਵਿਸ਼ਵਾਸ ਵਾਲੇ ਧਰਮ ਨਾਲ ਜੁੜੇ ਰਹਿਣਗੇ; ਪਰ ਬਾਅਦ ਵਿਚ ਸਜੇ ਗੁਰੂ ਗੋਬਿੰਦ ਸਿੰਘ ਜੀ ਦੇ ਸਿੱਖ, ਜਿਨ੍ਹਾਂ ਨੂੰ ਵਿਸ਼ੇਸ਼ ਤੌਰ 'ਤੇ ਸਿੰਘ ਜਾਂ ਸ਼ੇਰ ਕਿਹਾ ਜਾਂਦਾ ਹੈ ਅਤੇ ਜਿਨ੍ਹਾਂ ਨੇ ਇਸ ਧਰਮ ਨੂੰ ਯੁੱਧ ਅਤੇ ਜਿੱਤ ਦਾ ਧਰਮ ਸਮਝ ਕੇ ਧਾਰਨ ਕੀਤਾ ਸੀ, ਉਹ ਹੁਣ ਖ਼ਾਲਸੇ ਦਾ ਸਤਿਕਾਰ ਨਹੀਂ ਕਰਦੇ ਕਿਉਂਕਿ ਹੁਣ ਇਸ ਦਾ ਗੌਰਵ ਚਲਾ ਗਿਆ ਹੈ। ਹਜ਼ਾਰਾਂ ਦੀ ਗਿਣਤੀ ਵਿਚ ਜਿਹੜੇ ਵਿਅਕਤੀ ਇਸ ਵਿਚ ਸ਼ਾਮਲ ਹੋਏ ਸਨ, ਹੁਣ ਇਸੇ ਹਿਸਾਬ ਨਾਲ ਛੱਡ ਕੇ ਜਾ ਰਹੇ ਹਨ। ਉਹ ਹਿੰਦੂ ਧਰਮ ਵਿੱਚ ਮੁੜ ਸ਼ਾਮਲ ਹੋ ਰਹੇ ਹਨ, ਜਿੱਥੋਂ ਕਿ ਉਹ ਮੂਲ ਰੂਪ ਵਿੱਚ ਆਏ ਸਨ, ਅਤੇ ਹੁਣ ਉਹ ਆਪਣੇ ਬੱਚਿਆਂ ਦਾ ਪਾਲਣ-ਪੋਸ਼ਣ ਵੀ ਹਿੰਦੂਆਂ ਵਜੋਂ ਹੀ ਕਰ ਰਹੇ ਹਨ। ਅੰਮ੍ਰਿਤਸਰ ਦੇ ਪਵਿੱਤਰ ਸਰੋਵਰ 'ਤੇ ਵੀ ਇਕੱਠ ਪਹਿਲਾਂ ਨਾਲੋਂ ਘੱਟ ਗਿਆ ਹੈ ਅਤੇ ਸਾਲਾਨਾ ਗੁਰਪੁਰਬਾਂ 'ਤੇ ਵੀ ਹਾਜ਼ਰੀ ਹਰ ਸਾਲ ਘਟਦੀ ਜਾ ਰਹੀ ਹੈ। ਨੌਜਵਾਨਾਂ ਲਈ ਅੰਮ੍ਰਿਤ ਸੰਸਕਾਰ ਦੀ ਰਸਮ ਵੀ ਹੁਣ ਕਦੇ ਹੀ ਕੀਤੀ ਜਾਂਦੀ ਹੈ।

1852 ਵਿੱਚ ਇੱਕ ਸਿੱਖ ਦਾਊਦ ਸਿੰਘ ਨੂੰ ਈਸਾਈ ਧਰਮ ਵਿੱਚ ਤਬਦੀਲ ਕਰਕੇ ਕਾਨ੍ਹਪੁਰ ਤੋਂ ਅੰਮ੍ਰਿਤਸਰ ਭੇਜਿਆ ਗਿਆ ਜਿਸ ਨੇ ਸਿੱਖ ਭਾਈਚਾਰੇ ਵਿੱਚ ਆਪਣਾ ਪ੍ਰਭਾਵ ਪਾਉਣ ਅਰੰਭ ਕੀਤਾ ਜਿਸ ਦੇ ਸਿੱਟੇ ਵੱਜੋਂ ਇੱਕ ਗ੍ਰੰਥੀ ਕੇਸਰ ਸਿੰਘ ਨੇ ਈਸਾਈ ਧਰਮ ਧਾਰਨ ਕਰ ਲਿਆ ਸੀ। ਸਿੱਖਾਂ ਵਿੱਚ ਆਪਣਾ ਪ੍ਰਭਾਵ ਵਧਾਉਣ ਲਈ ਈਸਾਈ ਮਿਸ਼ਨਰੀਆਂ ਨੇ ਸ੍ਰੀ ਦਰਬਾਰ ਸਾਹਿਬ ਦੇ ਨੇੜੇ ਹੀ ਇੱਕ ਬੁੰਗਾ ਕਿਰਾਏ 'ਤੇ ਲੈ ਲਿਆ ਜਿਸ ਨੂੰ ਈਸਾਈ ਧਰਮ ਦੇ ਪ੍ਰਚਾਰ ਅਤੇ ਪ੍ਰਸਾਰ ਦਾ ਕੇਂਦਰ ਬਣਾਇਆ ਗਿਆ। ਦਰਬਾਰ ਸਾਹਿਬ ਆਉਣ ਵਾਲੇ ਸ਼ਰਧਾਲੂਆਂ ਨੂੰ ਈਸਾਈ ਧਰਮ ਨਾਲ ਸੰਬੰਧਿਤ ਸਾਹਿਤ ਮੁਫ਼ਤ ਵੰਡਿਆ ਜਾਣ ਲੱਗਿਆ ਸੀ।

ਇਸ ਸਮੇਂ ਤੱਕ ਪੰਜਾਬ ਦੇ ਲੋਕਾਂ 'ਤੇ ਮਹਾਰਾਜਾ ਰਣਜੀਤ ਸਿੰਘ ਦਾ ਬਹੁਤ ਪ੍ਰਭਾਵ ਮੌਜੂਦ ਸੀ। ਉਹਨਾਂ ਨੂੰ ਜਾਪਦਾ ਸੀ ਕਿ ਇੱਕ ਦਿਨ ਮਹਾਰਾਜਾ ਦਲੀਪ ਸਿੰਘ ਵਾਪਸ ਆ ਕੇ ਪੰਜਾਬ ਦੀ ਰਾਜ ਸੱਤਾ ਨੂੰ ਮੁੜ ਸੰਭਾਲ ਲਵੇਗਾ। ਪਰ ਅਜਿਹਾ ਨਾ ਹੋ ਸਕਿਆ ਅਤੇ 1853 ਵਿੱਚ ਮਹਾਰਾਜਾ ਦਲੀਪ ਸਿੰਘ ਧਰਮ ਪਰਿਵਰਤਨ ਅਤੇ 1857 ਵਿੱਚ ਅੰਗਰੇਜ਼ਾਂ ਵਿਰੁੱਧ ਖੜਾ ਹੋਇਆ ਵਿਦਰੋਹ ਸਫ਼ਲ ਨਾ ਹੋਣ ਕਰਕੇ ਆਮ ਲੋਕਾਂ ਦੇ ਮਨ 'ਤੇ ਅੰਗਰੇਜ਼ਾਂ ਦੀ ਸਰਬੋਤਮਤਾ ਦਾ ਪ੍ਰਭਾਵ ਜ਼ੋਰ ਫੜ ਗਿਆ ਸੀ ਜਿਸ ਨਾਲ ਈਸਾਈ ਧਰਮ ਦਾ ਤੇਜੀ ਨਾਲ ਪ੍ਰਸਾਰ ਕਰਨ ਦਾ ਮਾਰਗ ਖੋਲ ਦਿੱਤਾ ਸੀ।

ਅੰਗਰੇਜ਼ ਸਰਕਾਰ ਨੇ ਸਕੂਲਾਂ ਦੀ ਸਥਾਪਨਾ 'ਤੇ ਵਧੇਰੇ ਜ਼ੋਰ ਦੇਣਾ ਸ਼ੁਰੂ ਕਰ ਦਿੱਤਾ ਸੀ ਅਤੇ ਇਸ ਕਾਰਜ ਨੂੰ ਗਤੀ ਪ੍ਰਦਾਨ ਕਰਨ ਲਈ ਉਹਨਾਂ ਨਿੱਜੀ ਸਕੂਲਾਂ ਨੂੰ ਆਰਥਿਕ ਸਹਾਇਤਾ (ਗਰਓਨਟ-ਨਿ-ਓਦਿ) ਦੇਣੀ ਸ਼ੁਰੂ ਕਰ ਦਿੱਤੀ ਸੀ ਜਿਹੜੇ ਅੰਗਰੇਜ਼ੀ ਅਤੇ ਵਿਗਿਆਨ ਦੀ ਪੜ੍ਹਾਈ ਕਰਾਉਣ ਲਈ ਵਚਨਬੱਧ ਹੋਣ ਲੱਗੇ ਸਨ। ਇਸ ਦੇ ਨਾਲ ਹੀ ਅੰਗਰੇਜ਼ੀ ਸਕੂਲਾਂ ਵਿੱਚ ਪੜ੍ਹਨ ਵਾਲਿਆਂ ਨੂੰ ਸਰਕਾਰੀ ਨੌਕਰੀਆਂ ਵਿੱਚ ਤਰਜੀਹ ਮਿਲਣ ਲੱਗੀ ਜਿਸ ਨੇ ਅੰਗਰੇਜ਼ੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਨੂੰ ਪੰਜਾਬੀਆਂ ਦੇ ਜੀਵਨ ਵਿਚ ਪ੍ਰਫੁਲਿਤ ਕਰਨਾ ਸ਼ੁਰੂ ਕਰ ਦਿੱਤਾ ਸੀ। ਨੌਜਵਾਨ ਅੰਗਰੇਜ਼ੀ ਜੀਵਨਜਾਚ ਗ੍ਰਹਿਣ ਕਰਨ ਵਿੱਚ ਗੌਰਵ ਮਹਿਸੂਸ ਕਰਨ ਲੱਗੇ ਸਨ।

ਅੰਗਰੇਜ਼ੀ ਜੀਵਨਜਾਚ ਪ੍ਰਦਾਨ ਕਰਨ ਵਾਲੀ ਸਿੱਖਿਆ ਆਪਣਾ ਰੰਗ ਦਿਖਾਉਣ ਲੱਗੀ ਸੀ ਜਿਸ ਦੇ ਸਿੱਟੇ ਵਜੋਂ ਫਰਵਰੀ 1873 ਵਿਚ ਅੰਮ੍ਰਿਤਸਰ ਸਿੱਖ ਮਿਸ਼ਨ ਦੇ ਚਾਰ ਸਿੱਖ ਵਿਦਿਆਰਥੀਆਂ – ਆਯਾ ਸਿੰਘ, ਅਤਰ ਸਿੰਘ, ਸਾਧੂ ਸਿੰਘ ਅਤੇ ਸੰਤੋਖ ਸਿੰਘ – ਨੇ ਈਸਾਈ ਧਰਮ ਕਬੂਲ ਕਰ ਲਿਆ ਸੀ। ਸਿੱਖ ਬੱਚਿਆਂ ਦੁਆਰਾ ਸਾਹਮਣੇ ਆਈ ਧਰਮ ਪਰਿਵਰਤਨ ਦੀ ਇਸ ਘਟਨਾ ਨੇ ਸਮੁੱਚੇ ਸਿੱਖ ਜਗਤ ਦੀਆਂ ਭਾਵਨਾਵਾਂ ਨੂੰ ਗਹਿਰੀ ਸੱਟ ਮਾਰੀ ਸੀ।

ਅੰਗਰੇਜ਼ਾਂ ਤੋਂ ਇਲਾਵਾ ਪੰਜਾਬ ਵਿੱਚ ਬ੍ਰਹਮੋ ਸਮਾਜ, ਆਰੀਆ ਸਮਾਜ ਅਤੇ ਦੇਵ ਸਮਾਜ ਲਹਿਰਾਂ ਜ਼ੋਰ ਫੜ ਗਈਆਂ ਸਨ। ਇਹਨਾਂ ਵਿਚੋਂ ਆਰੀਆ ਸਮਾਜ ਦਾ ਸਿੱਖਾਂ ਨਾਲ ਸਭ ਤੋਂ ਵਧੇਰੇ ਟਕਰਾਉ ਦੇਖਣ ਨੂੰ ਮਿਲਦਾ ਹੈ ਜਿਸ ਦੇ ਮੁਖੀ ਸਵਾਮੀ ਦਯਾਨੰਦ ਨੇ ਗੁਰੂ ਸਾਹਿਬਾਨ ਪ੍ਰਤਿ ਅਪਮਨਾਜਨਕ ਟਿੱਪਣੀਆਂ ਕੀਤੀਆਂ ਸਨ। ਇਸੇ ਸਮੇਂ ਦੌਰਾਨ ਸਿੱਖਾਂ ਵਿਚੋਂ ਵੀ ਨਿਰੰਕਾਰੀ ਅਤੇ ਨਾਮਧਾਰੀ ਲਹਿਰਾਂ ਜ਼ੋਰ ਫੜ ਚੁੱਕੀਆਂ ਸਨ। ਭਾਵੇਂ ਕਿ ਸਿੱਖ ਸਮਾਜ ਨਾਲ ਜੁੜੀਆਂ ਹੋਈਆਂ ਇਹਨਾਂ ਦੋਵੇਂ ਲਹਿਰਾਂ ਦੇ ਆਗੂ ਬਹੁਤ ਹੀ ਪ੍ਰਭਾਵਸ਼ਾਲੀ ਸਨ ਪਰ ਉਹਨਾਂ ਦੇ ਜਾਣ ਤੋਂ ਬਾਅਦ ਇਹਨਾਂ ਲਹਿਰਾਂ ਦਾ ਸਿੱਖਾਂ ਵਿੱਚ ਪ੍ਰਭਾਵ ਘੱਟਣ ਲੱਗਿਆ ਸੀ।

ਸਿੱਖਾਂ ਵਿਚੋਂ ਅਮੀਰ ਘਰਾਣਿਆਂ ਦੇ ਬਹੁਤੇ ਸਿੱਖ ਅੰਗਰੇਜ਼ੀ ਪ੍ਰਭਾਵ ਅਧੀਨ ਆ ਰਹੇ ਸਨ ਅਤੇ ਆਰਥਿਕ ਤੌਰ 'ਤੇ ਪਛੜੇ ਹੋਏ ਸਿੱਖ ਹਿੰਦੂ ਕਰਮਕਾਂਡ ਵਿੱਚ ਫਸਦੇ ਜਾ ਰਹੇ ਸਨ। ਅਧਿਆਤਮਿਕ ਜੀਵਨਜਾਚ ਵਿਚ ਕਮਜ਼ੋਰੀ ਪੈਦਾ ਹੋਣ ਕਰਕੇ ਸਿੱਖ ਹਿੰਦੂਆਂ ਵਾਲੀ ਜੀਵਨਜਾਚ ਨੂੰ ਧਾਰਨ ਕਰਦੇ ਜਾ ਰਹੇ ਸਨ। ਦਰਬਾਰ ਸਾਹਿਬ ਦੀ ਪਰਿਕਰਮਾ ਵਿੱਚ ਹਿੰਦੂ ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਦੀ ਸਥਾਪਨਾ ਹੋ ਗਈ ਸੀ। ਸਿੱਖ ਧਰਮ ਅਤੇ ਸੰਗਤ 'ਤੇ ਚਾਰੇ ਪਾਸਿਉਂ ਹਮਲੇ ਹੋ ਰਹੇ ਸਨ। ਆਮ ਭੋਲੇ ਭਾਲੇ ਸਿੱਖ ਉਹਨਾਂ ਦੇ ਪ੍ਰਚਾਰ ਵਿੱਚ ਫਸ ਕੇ ਆਪਣਾ ਧਰਮ ਤਿਆਗ ਰਹੇ ਸਨ। ਜਿੰਨੀ ਤੇਜ਼ੀ ਨਾਲ ਸਿੱਖ ਸਿੱਖੀ ਨੂੰ ਛੱਡਦੇ ਜਾ ਰਹੇ ਸਨ ਤਾਂ ਕਈਆਂ ਦੇ ਮਨ ਵਿੱਚ ਇਹ ਭਰਮ-ਭੁਲੇਖੇ ਪੈਦਾ ਹੋ ਗਏ ਸਨ ਕਿ ਸਿੱਖ ਹੁਣ ਅਜਾਇਬ ਘਰਾਂ ਵਿੱਚ ਹੀ ਦੇਖਣ ਨੂੰ ਮਿਲਿਆ ਕਰਨਗੇ।

ਸੂਝਵਾਨ ਸਿੱਖਾਂ ਲਈ ਇਹ ਸਿਰ ਜੋੜ ਕੇ ਬੈਠਣ ਦਾ ਸਮਾਂ ਸੀ ਅਤੇ ਉਹ ਸਿੱਖਾਂ ਨੂੰ ਸਿੱਖੀ ਵਿੱਚ ਕਾਇਮ ਰੱਖਣ ਦੀ ਦਿਸ਼ਾ ਵੱਲ ਰੁਚਿਤ ਹੋ ਗਏ ਸਨ ਜਿਸ ਦੇ ਸਿੱਟੇ ਵਜੋਂ ਸਰਦਾਰ ਠਾਕਰ ਸਿੰਘ ਸੰਧਾਵਾਲੀਆ, ਬਾਬਾ ਖੇਮ ਸਿੰਘ ਬੇਦੀ, ਕੰਵਰ ਬਿਕਰਮਾ ਸਿੰਘ ਅਤੇ ਗਿਆਨੀ ਗਿਆਨ ਸਿੰਘ ਨੇ 30 ਜੁਲਾਈ 1873 ਨੂੰ ਅੰਮ੍ਰਿਤਸਰ ਵਿਖੇ ਇਕੱਤਰ ਹੋ ਕੇ ਇੱਕ ਮੀਟਿੰਗ ਕੀਤੀ ਤਾਂ ਕਿ ਈਸਾਈ ਮਿਸ਼ਨਰੀਆਂ ਅਤੇ ਹੋਰਨਾਂ ਸਭਾਵਾਂ ਵੱਲੋਂ ਸਿੱਖੀ ਵਿਰੁੱਧ ਕੀਤੇ ਜਾ ਰਹੇ ਗੁਮਰਾਹਕੁਨ ਪ੍ਰਚਾਰ ਨੂੰ ਰੋਕਿਆ ਜਾ ਸਕੇ। ਇਹ ਫ਼ੈਸਲਾ ਕੀਤਾ ਗਿਆ ਕਿ ਸਿੱਖਾਂ ਦੀ ਇੱਕ ਅਜਿਹੀ ਸੰਸਥਾ ਕਾਇਮ ਕੀਤੀ ਜਾਵੇ ਜਿਹੜੀ ਕਿ ਸਿੱਖਾਂ ਵਿੱਚ ਸਿੱਖੀ ਪ੍ਰਚਾਰ ਲਈ ਨਿਰੰਤਰ ਯਤਨਸ਼ੀਲ ਰਹੇ। ਇਸ ਨਵੀਂ ਸਥਾਪਿਤ ਹੋਈ ਸੰਸਥਾ ਦਾ ਨਾਂ 'ਸ੍ਰੀ ਗੁਰੂ ਸਿੰਘ ਸਭਾ' ਰੱਖਿਆ ਗਿਆ। 1 ਅਕਤੂਬਰ 1873 ਨੂੰ ਦੁਸਹਿਰੇ ਵਾਲੇ ਦਿਨ ਇਸ ਸਭਾ ਦੀ ਇਕ ਮੀਟਿੰਗ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹੋਈ ਜਿਸ ਵਿੱਚ ਵਿਭਿੰਨ ਗੁਰਦੁਆਰਾ ਸਾਹਿਬਾਨ ਦੇ ਗ੍ਰੰਥੀ ਸਿੰਘ, ਪ੍ਰਚਾਰਕ, ਪ੍ਰਬੰਧਕ, ਉਦਾਸੀ, ਨਿਰਮਲੇ ਅਤੇ ਸਿੱਖ ਸਰਦਾਰ ਸ਼ਾਮਲ ਹੋਏ। ਸਿੰਘ ਸਭਾ ਲਹਿਰ ਨੂੰ ਪ੍ਰਚੰਡ ਰੂਪ ਪ੍ਰਦਾਨ ਕਰਨ ਲਈ ਇੱਕ ਕਮੇਟੀ ਦਾ ਗਠਨ ਕੀਤਾ ਗਿਆ ਜਿਸ ਵਿੱਚ ਸਰਦਾਰ ਠਾਕਰ ਸਿੰਘ ਸੰਧਾਵਾਲੀਆ ਨੂੰ ਪ੍ਰਧਾਨ ਅਤੇ ਗਿਆਨੀ ਗਿਆਨ ਸਿੰਘ ਨੂੰ ਸਕੱਤਰ ਚੁਣਿਆ ਗਿਆ। ਇਸ ਸਭਾ ਦੇ ਯਤਨਾਂ ਵਜੋਂ ਜਿਹੜੇ ਸਾਂਝੇ ਉਦੇਸ਼ ਸੰਗਤ ਦੀ ਸਹਿਮਤੀ ਨਾਲ ਪ੍ਰਵਾਨ ਹੋਏ ਉਹਨਾਂ ਦਾ ਵੇਰਵਾ ਵਿਦਵਾਨਾਂ ਨੇ ਇਸ ਤਰ੍ਹਾਂ ਦਿੱਤਾ ਹੈ:

1. ਸਿੱਖ ਧਰਮ ਦੇ ਸਿਧਾਂਤਾਂ ਦਾ ਪ੍ਰਚਾਰ ਕਰਨਾ ਅਤੇ ਇਸ ਦੀ ਪੁਰਾਤਨ ਸ਼ੁੱਧਤਾ ਨੂੰ ਬਹਾਲ ਰੱਖਣਾ।
2. ਇਤਿਹਾਸਕ ਅਤੇ ਧਾਰਮਿਕ ਪੁਸਤਕਾਂ ਦਾ ਸੰਪਾਦਨ ਅਤੇ ਪ੍ਰਕਾਸ਼ਨ ਕਰਕੇ ਆਮ ਲੋਕਾਂ ਤੱਕ ਪਹੁੰਚਾਉਣਾ।
3. ਪੰਜਾਬੀ ਮਾਧਿਅਮ ਵਿੱਚ ਸਮਕਾਲੀ ਗਿਆਨ ਦਾ ਪ੍ਰਚਾਰ ਕਰਨਾ ਅਤੇ ਪੰਜਾਬੀ ਵਿਚ ਰਸਾਲੇ ਅਤੇ ਅਖ਼ਬਾਰ ਸ਼ੁਰੂ ਕਰਨਾ।
4. ਪਤਿਤ ਹੋ ਚੁੱਕੇ ਸਿੱਖਾਂ ਦਾ ਸੁਧਾਰ ਕਰ ਕੇ ਉਹਨਾਂ ਨੂੰ ਸਿੱਖੀ ਵਿਚ ਵਾਪਸ ਲਿਆਉਣਾ।
5. ਸਭਾ ਦੇ ਵਿੱਦਿਅਕ ਕਾਰਜਾਂ ਲਈ ਅੰਗਰੇਜ਼ ਅਧਿਕਾਰੀਆਂ ਵਿੱਚ ਰੁਚੀ ਪੈਦਾ ਕਰਨਾ ਅਤੇ ਉਹਨਾਂ ਦੇ ਸਹਿਯੋਗ ਨਾਲ ਇਹਨਾਂ ਕਾਰਜਾਂ ਨੂੰ ਅੱਗੇ ਵਧਾਉਣਾ।

ਅੰਮ੍ਰਿਤਸਰ ਦੀ ਸਿੰਘ ਸਭਾ ਵੱਲੋਂ ਕੀਤੇ ਜਾ ਰਹੇ ਕਾਰਜਾਂ ਨਾਲ ਸਿੱਖਾਂ ਵਿੱਚ ਚੇਤਨਾ ਆਉਣੀ ਅਰੰਭ ਹੋਈ ਜਿਸ ਦੇ ਸਿੱਟੇ ਵਜੋਂ ਪੰਜਾਬ ਯੂਨੀਵਰਸਿਟੀ ਦੇ ਓਰੀਐਂਟਲ ਕਾਲਜ, ਲਾਹੌਰ ਵਿਖੇ ਪੰਜਾਬੀ ਦੀ ਪੜ੍ਹਾਈ ਅਰੰਭ ਹੋਈ। ਸ੍ਰੀ ਦਰਬਾਰ ਸਾਹਿਬ, ਤਰਨਤਾਰਨ ਦੇ ਗ੍ਰੰਥੀ ਭਾਈ ਹਰਸਾ ਸਿੰਘ ਪਹਿਲੇ ਸ਼ਖ਼ਸ ਸਨ ਜਿਨ੍ਹਾਂ ਨੇ ਉੱਥੇ ਪੰਜਾਬੀ ਦੀ ਪੜ੍ਹਾਈ ਦਾ ਕਾਰਜ ਅਰੰਭ ਕੀਤਾ ਸੀ। ਭਾਈ ਗੁਰਮੁਖ ਸਿੰਘ ਇਹਨਾਂ ਦੇ ਵਿਦਿਆਰਥੀ ਸਨ ਜਿਹੜੇ ਕਿ ਬਾਅਦ ਵਿਚ ਪੰਜਾਬੀ ਦੇ ਪ੍ਰੋਫ਼ੈਸਰ ਨਿਯੁਕਤ ਹੋਏ ਸਨ। ਇਹਨਾਂ ਨੇ ਯਤਨਾਂ ਸਦਕਾ 2 ਨਵੰਬਰ 1879 ਨੂੰ ਸਿੰਘ ਸਭਾ, ਲਾਹੌਰ ਦੀ ਸਥਾਪਨਾ ਹੋਈ ਸੀ।

ਸਿੰਘ ਸਭਾ, ਅੰਮ੍ਰਿਤਸਰ ਅਤੇ ਸਿੰਘ ਸਭਾ, ਲਾਹੌਰ ਨੇ ਸਿੱਖਾਂ ਦੀਆਂ ਸਦਾਚਾਰਕ ਕਦਰਾਂ-ਕੀਮਤਾਂ ਵਿੱਚ ਆਈ ਗਿਰਾਵਟ ਨੂੰ ਦੂਰ ਕਰਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ ਅਤੇ 11 ਅਪ੍ਰੈਲ 1880 ਨੂੰ ਇਹਨਾਂ ਦੋਵੇਂ ਸਭਾਵਾਂ ਨੇ ਇਕ ਪਲੇਟਫਾਰਮ 'ਤੇ ਇਕੱਤਰ ਹੋ ਕੇ ਇਕ ਨਵਾਂ ਨਾਂ 'ਸ੍ਰੀ ਗੁਰੂ ਸਿੰਘ ਸਭਾ ਜਨਰਲ' ਰੱਖ ਲਿਆ ਸੀ ਪਰ ਤਿੰਨ ਸਾਲ ਬਾਅਦ ਇਹ ਨਾਂ ਬਦਲ ਕੇ 'ਖ਼ਾਲਸਾ ਦੀਵਾਨ' ਰੱਖਿਆ ਗਿਆ ਜਿਸ ਨਾਲ ਸ਼ੁਰੂ ਵਿੱਚ 36 ਸਿੰਘ ਸਭਾਵਾਂ ਜੁੜੀਆਂ ਦੱਸੀਆਂ ਜਾਂਦੀਆਂ ਹਨ। ਪੰਜਾਬ ਦਾ ਲੈਫ਼ਟੀਨੈਂਟ ਗਵਰਨਰ ਅਤੇ ਫ਼ਰੀਦਕੋਟ ਦਾ ਮਹਾਰਾਜਾ ਬਿਕਰਮ ਸਿੰਘ ਇਸ ਦੇ ਸਰਪ੍ਰਸਤ ਸਨ। ਬਾਬਾ ਖੇਮ ਸਿੰਘ ਬੇਦੀ ਇਸ ਦੇ ਪ੍ਰਧਾਨ ਅਤੇ ਭਾਈ ਗੁਰਮੁਖ ਸਿੰਘ ਮੁੱਖ ਸਕੱਤਰ ਸਨ। ਇੱਕ ਸਾਲ ਸਭ ਕੁੱਝ ਠੀਕ ਚੱਲਦਾ ਰਿਹਾ ਪਰ 1884-85 ਦੌਰਾਨ ਦੋਵੇਂ ਸਭਾਵਾਂ ਵਿੱਚ ਇਹ ਤਿੱਖੇ ਮੱਤਭੇਦ ਸਾਹਮਣੇ ਆ ਗਏ ਸਨ। ਇਸ ਦਾ ਵੱਡਾ ਕਾਰਨ ਬਾਬਾ ਖੇਮ ਸਿੰਘ ਬੇਦੀ ਦਾ ਸੰਗਤ ਵਿੱਚ ਗਦੈਲਾ ਲਾ ਕੇ ਬੈਠਣਾ ਅਤੇ 1885 ਵਿੱਚ ਸੰਗਤ ਦੇ ਸਾਹਮਣੇ ਆਈ ਇਕ ਪੁਸਤਕ ਖ਼ੁਰਸ਼ੀਦ *ਖ਼ਾਲਸਾ* ਨੂੰ ਮੰਨਿਆ ਜਾਂਦਾ ਹੈ।

ਅੰਮ੍ਰਿਤਸਰ ਅਤੇ ਲਾਹੌਰ ਦੇ ਖ਼ਾਲਸਾ ਦੀਵਾਨਾਂ ਵਿੱਚ ਬਹੁਤ ਵੱਡੇ ਪੱਧਰ 'ਤੇ ਵਿਰੋਧ ਪੈਦਾ ਹੋ ਗਿਆ ਜਿਸ ਕਰਕੇ ਇਹਨਾਂ ਦਾ ਅਲੱਗ ਹੋਣਾ ਲਗਪਗ ਨਿਸਚਿਤ ਸੀ। ਸਿੰਘ ਸਭਾ, ਲਾਹੌਰ ਨੇ ਆਪਣਾ ਵੱਖਰਾ ਖ਼ਾਲਸਾ ਦੀਵਾਨ ਬਣਾ ਕੇ ਉਸ ਨਾਲ ਸਿੰਘ ਸਭਾਵਾਂ ਜੋੜਨੀਆਂ ਸ਼ੁਰੂ ਕਰ ਦਿੱਤੀਆਂ ਸਨ ਅਤੇ 36 ਵਿਚੋਂ 30 ਸਭਾਵਾਂ ਦਾ ਝੁਕਾਅ ਇਸੇ ਸਭਾ ਵੱਲ ਹੋ ਗਿਆ ਸੀ। ਭਾਵੇਂ ਕਿ ਖ਼ਾਲਸਾ ਦੀਵਾਨ, ਅੰਮ੍ਰਿਤਸਰ ਵੱਖਰੇ ਤੌਰ 'ਤੇ ਕੰਮ ਕਰਨ ਲੱਗਾ ਸੀ ਪਰ ਦੋਵੇਂ ਦੀਵਾਨਾਂ ਦਾ ਇਕੋ ਆਸ਼ਾ ਸਿੱਖ ਪੰਥ ਦੀ ਚੜ੍ਹਦੀਕਲਾ ਅਤੇ ਵਿੱਦਿਆ ਦਾ ਪ੍ਰਸਾਰ ਸੀ। ਇਸ ਲਈ ਦੋਵੇਂ ਦੀਵਾਨ ਚੀਫ਼ ਖ਼ਾਲਸਾ ਦੀਵਾਨ ਦੇ ਰੂਪ ਵਿੱਚ 30 ਅਕਤੂਬਰ 1902 ਨੂੰ ਦੀਵਾਲੀ ਵਾਲੇ ਦਿਨ ਭਾਈ ਅਰਜਨ ਸਿੰਘ ਬਾਗੜੀਆਂ ਦੀ ਅਗਵਾਈ ਵਿੱਚ ਫਿਰ ਇਕੱਠੇ ਹੋ ਗਏ ਸਨ।

1973 ਵਿੱਚ ਇਸ ਸਿੰਘ ਸਭਾ ਦੀ ਸ਼ਤਾਬਦੀ ਮਨਾਈ ਗਈ। ਇਸ ਸਭਾ ਦੀ ਸ਼ਤਾਬਦੀ ਮਨਾਉਣ ਲਈ ਇਕ ਕਮੇਟੀ ਦਾ ਗਠਨ ਕੀਤਾ ਗਿਆ ਜਿਸ ਦਾ ਨਾਂ 'ਸਿੰਘ ਸਭਾ ਸ਼ਤਾਬਦੀ ਕਮੇਟੀ' ਰੱਖਿਆ ਗਿਆ। ਇਸ ਸਾਲ ਸਿੰਘ ਸਭਾ ਦਾ 150 ਸਾਲਾ ਸਥਾਪਨਾ ਦਿਵਸ ਮਨਾਇਆ ਜਾ ਰਿਹਾ ਹੈ। ਇਸ ਸ਼ਤਾਬਦੀ ਨੂੰ ਮਨਾਉਣ ਦੀ ਮੂਲ ਭਾਵਨਾ ਵੀ ਇਹੀ ਹੈ ਕਿ ਗੁਰਮਤਿ ਸਿਧਾਂਤ ਅਨੁਸਾਰ ਦਰਸਾਈਆਂ ਗਈਆਂ ਕਦਰਾਂ-ਕੀਮਤਾਂ ਵੱਲ ਵਾਪਸ ਪਰਤੀਏ ਅਤੇ ਇਕ ਆਦਰਸ਼ ਸਮਾਜ ਦੀ ਸਿਰਜਣਾ ਵਿੱਚ ਯੋਗਦਾਨ ਪਾਈਏ।

**ਅਜਬ-ਗਜ਼ਬ ਦੁਨੀਆਂ**

# ਦੁਨੀਆਂ ਦੀਆਂ 10 ਅਨੋਖੀਆਂ ਕਾਰਾਂ









ਨਵੀਂ ਦਿੱਲੀ/ਏ.ਟੀ.ਨਿਊਜ਼ : ਆਧੁਨਿਕ ਸਮੇਂ ਵਿੱਚ ਅਜਿਹੀ ਸਥਿਤੀ ਬਣ ਗਈ ਹੈ ਕਿ ਜੇਕਰ ਕਿਸੇ ਕੋਲ ਮਹਿੰਗੀ ਕਾਰ ਹੈ ਤਾਂ ਉਸ ਵਿਅਕਤੀ ਦਾ ਰੁਤਬਾ ਵੱਡਾ ਹੈ। ਤੁਸੀਂ ਸੜਕਾਂ ’ਤੇ ਲਗਜ਼ਰੀ ਅਤੇ ਤੇਜ਼ ਕਾਰਾਂ ਨੂੰ ਕਈ ਵਾਰ ਦੇਖਿਆ ਹੋਵੇਗਾ ਪਰ ਦੁਨੀਆ ’ਚ ਕਈ ਅਜਿਹੀਆਂ ਅਜੀਬੋ-ਗਰੀਬ ਕਾਰਾਂ ਹਨ ਜੋ ਸੜਕਾਂ ’ਤੇ ਘੁੰਮਦੀਆਂ ਰਹਿੰਦੀਆਂ ਹਨ। ਲੋਕ ਇਨ੍ਹਾਂ ਕਾਰਾਂ ਨੂੰ ਬਣਾਉਣ ’ਤੇ ਕਾਫੀ ਪੈਸਾ ਖਰਚ ਕਰਦੇ ਹਨ।

### ਬਰੂਕ ਹੰਸ ਕਾਰ

ਹੰਸ ਇੱਕ ਸੁੰਦਰ ਪੰਛੀ ਹੈ। ਇਸ ਲਈ ਜ਼ਾਹਿਰ ਹੈ ਕਿ ਇਸ ਦੇ ਡਿਜ਼ਾਈਨ ’ਤੇ ਆਧਾਰਿਤ ਕਾਰ ਵੀ ਕਾਫੀ ਖ਼ੂਬਸੂਰਤ ਹੋਵੇਗੀ। 1910 ਦੀ ਬਰੂਕ ਹੰਸ ਕਾਰ ਦੀ ਕੀਮਤ ਰੋਲਸ ਰਾਇਸ ਕਾਰ ਨਾਲੋਂ ਤਿੰਨ ਗੁਣਾ ਹੈ। ਪੰਛੀ ਦੀ ਚੁੰਝ ਸੜਕ ਨੂੰ ਸਾਫ਼ ਕਰਨ ਲਈ ਕਾਰ ਵਿੱਚੋਂ ਗਰਮ ਪਾਣੀ ਸੁੱਟਣ ਦੇ ਤਰੀਕੇ ਵਜੋਂ ਵਰਤੀ ਜਾਂਦੀ ਹੈ।

### ਡਬਲ ਕਾਰ

ਤੁਸੀਂ ਸੜਕਾਂ ’ਤੇ ਡਬਲ ਡੇਕਰ ਬੱਸ ਦੇਖੀ ਹੋਵੇਗੀ, ਪਰ ਕੀ ਤੁਸੀਂ ਕਦੇ ਡਬਲ ਕਾਰ ਦੇਖੀ ਹੈ ? ਇੱਕ ਕਾਰ ਨੂੰ ਇੱਕ ਕਾਰ ਉੱਤੇ ਉਲਟਾ ਰੱਖਿਆ ਗਿਆ ਹੈ ਜੋ ਕਿ ਡਿਜ਼ਾਇਨ ਨੂੰ ਨਾ ਸਿਰਫ਼ ਆਕਰਸ਼ਕ ਬਣਾਉਂਦਾ ਹੈ, ਸਗੋਂ ਉਲਟੀ ਕਾਰ ਵਿੱਚ ਬੈਠਣ ਵਾਲੇ ਵਿਅਕਤੀ ਲਈ ਡਰਾਉਣਾ ਵੀ ਹੁੰਦਾ ਹੈ।

### ਟੈਲੀਫੋਨ ਕਾਰ

ਇਸ ਕਾਰ ਦਾ ਡਿਜ਼ਾਈਨ ਇੰਨਾ ਵਿਲੱਖਣ ਹੈ ਕਿ ਕੁਝ ਲੋਕਾਂ ਨੂੰ ਇਹ ਵਧੀਆ ਲੱਗ ਸਕਦਾ ਹੈ, ਜਦੋਂ ਕਿ ਕੁਝ ਲਈ ਇਹ ਅਜੀਬ ਹੋ ਸਕਦਾ ਹੈ।

### ਮਿੰਨੀ ਆਊਟਸਪੈਨ ਓਰੇਂਜ




ਇਹ ਕਾਰ ਇੱਕ ਵੱਡੇ ਸੰਤਰੇ ਵਰਗੀ ਹੈ ਅਤੇ ਇਹ ਤੇਜ਼ ਰਫ਼ਤਾਰ ਵਾਲੀ ਕਾਰ ਨਹੀਂ ਹੈ ਪਰ ਇਹ ਬਹੁਤ ਸੋਹਣੀ ਲੱਗਦੀ ਹੈ।

### ਸ਼ੂ ਕਾਰ

ਇਸ ਕਾਰ ਨੂੰ ਸ਼੍ਰੀ ਕੇ ਸੁਧਾਕਰ ਦੁਆਰਾ ਡਿਜ਼ਾਇਨ ਕੀਤਾ ਗਿਆ ਹੈ, ਜਿਨ੍ਹਾਂ ਦਾ ਵਿਸ਼ਵ ਵਿੱਚ ਸਭ ਤੋਂ ਵੱਡਾ ਟਰਾਈਸਾਈਕਲ ਬਣਾਉਣ ਦਾ ਰਿਕਾਰਡ ਵੀ ਗਿਨੀਜ਼ ਵਰਲਡ ਰਿਕਾਰਡ ਬੁੱਕ ਵਿੱਚ ਦਰਜ ਹੈ।

### ਓਈਐਫ ਇਲੈਕਟ੍ਰਿਕ ਕਾਰ

ਜੇਕਰ 1942 ਮਾਡਲ ਦੀ ਇਸ ਕਾਰ ਦਾ ਨਾਂਅ ਅੰਗਰੇਜ਼ੀ ਵਿੱਚ ਅਨੁਵਾਦ ਕੀਤਾ ਜਾਂਦਾ ਹੈ, ਤਾਂ ਇਹ ਆਕਾਰ ਦੇ ਹਿਸਾਬ ਨਾਲ ‘ਇਲੈਕਟ੍ਰਿਕ ਅੰਡਾ’ ਵਿੱਚ ਅਨੁਵਾਦ ਕੀਤਾ ਜਾਵੇਗਾ। ਪੈਰਿਸ ਦੇ ਪਾਲ ਅਰਜੇਂਸ ਨੇ ਇਸ ਕਾਰ ਨੂੰ ਡਿਜ਼ਾਈਨ ਕੀਤਾ ਸੀ ਅਤੇ ਇਸ ਤੋਂ ਪਹਿਲਾਂ ਉਹ ਟ੍ਰੇਨਾਂ ਨੂੰ ਡਿਜ਼ਾਈਨ ਕਰਦੇ ਸਨ।

### ਪੀਲ ਪੀ 50 ਕਾਰ

ਇਸ ਕਾਰ ਦਾ ਰਿਕਾਰਡ 50 ਸਾਲਾਂ ਤੋਂ ਵੱਧ ਸਮੇਂ ਤੋਂ ਗਿਨੀਜ਼ ਬੁੱਕ ਆਫ਼ ਵਰਲਡ ਰਿਕਾਰਡ ਵਿੱਚ ਸਭ ਤੋਂ ਛੋਟੀ ਕਾਰ ਵਜੋਂ ਰੱਖਿਆ ਗਿਆ ਹੈ। ਇਹ ਇੱਕ ਸੀਟਰ ਥ੍ਰੀ ਵ੍ਹੀਲਰ ਕਾਰ 1962 ਤੋਂ 1965 ਤੱਕ ਬਣਾਈ ਗਈ ਸੀ।

### ਸਿਆਮਜ਼ ਟਵਿਨਸ ਮਿੰਨੀ ਕਾਰ

ਇਸ ਕਾਰ ਨੂੰ ਫਰੈਂਕ ਜੈਸਪ ਅਤੇ ਕੋਲਿੰਗਜ਼ ਨੇਵਿਲ ਹੋਮਸ, ਨੌਟਿੰਘਮਸ਼ਾਇਰ ਦੁਆਰਾ ਡਿਜ਼ਾਈਨ ਕੀਤਾ ਗਿਆ ਸੀ। ਇਸ ਕਾਰ ’ਚ ਇਹ ਸਮਝਣਾ ਕਾਫੀ ਮੁਸ਼ਕਲ ਹੈ ਕਿ ਇਸ ਕਾਰ ਦਾ ਅਗਲਾ ਪਾਸਾ ਕਿਹੜਾ ਹੈ ਅਤੇ ਪਿੱਛਲਾ ਹਿੱਸਾ ਕਿਹੜਾ ਹੈ। ਇਹ ਇੱਕ ਪ੍ਰਭਾਵ ਦਿੰਦਾ ਹੈ ਕਿ ਉਲਟ ਸਥਿਤੀ ਵਿੱਚ ਰੱਖੇ ਗਏ ਦੋ ਮਿੰਨੀਸ ਨੂੰ ਇਕੱਠੇ ਮਿਲਾਇਆ ਜਾਂਦਾ ਹੈ।

### ਡੌਜ ਡਿਓਰਾ

ਇਹ ਕਾਰ ਡੇਟ੍ਰੋਇਟ ਦੇ ਅਲੈਗਜ਼ੈਂਡਰ ਭਰਾਵਾਂ ਦੁਆਰਾ ਇੱਕ ਪਿਕਅੱਪ ਦੇ ਰੂਪ ਵਿੱਚ ਬਣਾਈ ਗਈ ਸੀ ਅਤੇ ਜੋ ਵਿਸ਼ੇਸਤਾ ਇਸਨੂੰ ਹੋਰ ਵਾਹਨਾਂ ਤੋਂ ਵੱਖਰਾ ਬਣਾਉਂਦੀ ਹੈ ਉਹ ਤੱਥ ਇਹ ਹੈ ਕਿ ਇਸਦਾ ਅਗਲਾ ਹਿੱਸਾ, ਪਿਛਲਾ ਹਿੱਸਾ ਦਿਖਾਈ ਦਿੰਦਾ ਹੈ।

### ਪਿਰਾਮਿਡ ਇਲੈਕਟ੍ਰਿਕ ਕਾਰ



ਇਸ ਕਾਰ ਨੂੰ ਡਰੀਮ ਕਾਰ 123 ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਇਸ ਨੂੰ ਮਿਸਰ ਵਿੱਚ ਦੇਖਿਆ ਗਿਆ ਹੈ। ਇਸਨੂੰ ਗ੍ਰੇਗ ਜੈਨਿਸ ਦੁਆਰਾ ਡਿਜ਼ਾਈਨ ਕੀਤਾ ਗਿਆ ਸੀ ਅਤੇ ਇਸਨੂੰ ਸਿਰਫ 3.5 ਘੰਟਿਆਂ ਵਿੱਚ ਚਾਰਜ ਕੀਤਾ ਜਾ ਸਕਦਾ ਹੈ।





# ਦੁਨੀਆਂ ਦਾ ਸਭ ਤੋਂ ਰਹੱਸਮਈ ਅਤੇ ਅਜੀਬ ਟਾਪੂ



ਚਾਰੇ ਪਾਸੇ ਪਾਣੀ, ਹਰਿਆਲੀ ਅਤੇ ਖ਼ੂਬਸੂਰਤ ਨਜ਼ਾਰਿਆਂ ਨਾਲ ਘਿਰੇ ਟਾਪੂ ਨੂੰ ਕੌਣ ਨਹੀਂ ਜਾਣਦਾ। ਟਾਪੂ ਬਾਰੇ ਸੋਚਦਿਆਂ ਹੀ ਮਨ ਵਿੱਚ ਇਕ ਸ਼ਾਂਤ ਤੇ ਖ਼ੂਬਸੂਰਤ ਥਾਂ ਦੀ ਤਸਵੀਰ ਉੱਭਰ ਕੇ ਸਾਹਮਣੇ ਆਉਂਦੀ ਹੈ ਪਰ ਅੱਜ ਅਸੀਂ ਤੁਹਾਨੂੰ ਇੱਕ ਅਜਿਹੇ ਟਾਪੂ ਬਾਰੇ ਦੱਸਣ ਜਾ ਰਹੇ ਹਾਂ ਜਿਸ ਬਾਰੇ ਜਾਣ ਕੇ ਤੁਸੀਂ ਹੈਰਾਨ ਹੋ ਜਾਵੋਗੇ।

ਅਸੀਂ ਜਿਸ ਟਾਪੂ ਦੀ ਗੱਲ ਕਰ ਰਹੇ ਹਾਂ ਉਹ ਹੈ ਪਾਲਮਾਇਰਾ, ਇਹ ਟਾਪੂ ਅਮਰੀਕਾ ਦੇ ਸਾਮੋ ਹਾਈਵੇ ’ਤੇ ਸਥਿਤ ਹੈ। ਤੁਸੀਂ ਇਸ ਡਰਾਉਣੀ ਜਗ੍ਹਾ ’ਤੇ ਇਕ ਵੀ ਵਿਅਕਤੀ ਨਹੀਂ ਦੇਖੋਗੇ ਅਤੇ ਨਾ ਹੀ ਇੱਥੇ ਕੋਈ ਆਦਿਵਾਸੀ ਰਹਿੰਦੇ ਹਨ।

ਸਾਲ 1798 ਤੋਂ ਹੁਣ ਤੱਕ ਇੱਥੇ ਕਈ ਅਜੀਬ ਘਟਨਾਵਾਂ ਵਾਪਰ ਚੁੱਕੀਆਂ ਹਨ। ਅਕਸਰ ਦੇਖਿਆ ਗਿਆ ਹੈ ਕਿ ਟਾਪੂ ਉੱਤੇ ਉੱਡਣ ਵਾਲੇ ਜਹਾਜ਼ ਅਤੇ ਜਹਾਜ਼ ਰਹੱਸਮਈ ਢੰਗ ਨਾਲ ਗਾਇਬ ਹੋ ਜਾਂਦੇ ਹਨ। ਬਹੁਤ ਸਾਰੇ ਲੋਕਾਂ ਨੇ ਇਸ ਬਾਰੇ ਜਾਣਨ ਦੀ ਕੋਸ਼ਿਸ਼ ਕੀਤੀ, ਪਰ ਅਜੇ ਤੱਕ ਉਨ੍ਹਾਂ ਨੂੰ ਇਸ ਵਿੱਚ ਸਫਲਤਾ ਨਹੀਂ ਮਿਲੀ ਹੈ।





ਇਸ ਟਾਪੂ ਬਾਰੇ ਲੋਕ ਕਹਿੰਦੇ ਹਨ ਕਿ ਇਹ ਸਰਾਪ ਹੈ। ਜਿਸ ਕਾਰਨ ਇੱਥੇ ਜਾਣ ਵਾਲਾ ਕਦੇ ਵਾਪਿਸ ਨਹੀਂ ਆਉਂਦਾ। ਅਜਿਹੇ ਕਈ ਰਿਕਾਰਡ ਸਾਹਮਣੇ ਆਏ ਹਨ, ਜਿਨ੍ਹਾਂ ’ਚ ਜ਼ਿਕਰ ਕੀਤਾ ਗਿਆ ਹੈ ਕਿ ਬਹੁਤ ਸਾਰੇ ਲੋਕ ਇਸ ਟਾਪੂ ’ਤੇ ਜਾ ਕੇ ਵਾਪਸ ਨਹੀਂ ਜਾ ਸਕੇ।

ਇਸ ਤੋਂ ਇਲਾਵਾ ਕਈ ਲੋਕ ਅਜਿਹੇ ਹਨ ਜੋ ਇਸ ਟਾਪੂ ’ਤੇ ਜਾ ਕੇ ਵਾਪਸ ਆਏ ਹਨ, ਉਨ੍ਹਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਇਸ ਰਹੱਸਮਈ ਜਗ੍ਹਾ ’ਤੇ ਬਹੁਤ ਅਜੀਬ ਮਹਿਸੂਸ ਹੋਇਆ। ਉਹ ਦੱਸਦੇ ਹਨ ਕਿ ਉਹਨਾਂ ਨੂੰ ਇੱਥੇ ਕਈ ਰਹੱਸਮਈ ਤਾਕਤਾਂ ਦਾ ਸਾਹਮਣਾ ਕਰਨਾ ਪਿਆ। ਇਹ ਇੱਕ ਵੱਡਾ ਕਾਰਨ ਹੈ, ਜਿਸ ਕਾਰਨ ਕੋਈ ਵੀ ਇੱਥੇ ਜਾਣਾ ਪਸੰਦ ਨਹੀਂ ਕਰਦਾ।

# ਕਿਤਾਬ 'ਸ਼ਹੀਦਨਾਮਾ-ਆਲੋਅਰਖ ਦੇ ਸ਼ਹੀਦ' ਸੰਗਤਾਂ ਦੇ ਸਪੁਰਦ

## ਆਲੋਅਰਖ ਨਾਲ ਸਬੰਧਿਤ ਖਾੜਕੂ ਲਹਿਰ ਦੇ ਸ਼ਹੀਦਾਂ ਨੂੰ ਸਮਰਪਿਤ ਕਿਤਾਬ ਹੋਈ ਜਾਰੀ

### ਭਾਈ ਪਿਆਰਾ ਸਿੰਘ ਅਤੇ ਉਹਨਾਂ ਦੀ ਸਿੰਘਣੀ, ਭਾਈ ਅਮਰ ਸਿੰਘ, ਭਾਈ ਸ਼ਮਸ਼ੇਰ ਸਿੰਘ ਨੂੰ ਸਮਰਪਿਤ ਸਮਾਗਮ ਦੌਰਾਨ ਹੋਈ ਜਾਰੀ

ਵੀਹਵੀਂ ਸਦੀ ਵਿੱਚ ਦਿੱਲੀ ਦੀ ਬਿਪਰਵਾਦੀ ਹਕੂਮਤ ਵਿਰੁੱਧ ਖੜੀ ਹੋਈ ਖਾੜਕੂ ਲਹਿਰ ਵਿਚ ਆਲੋਅਰਖ ਦੇ ਸ਼ਹੀਦ ਹੋਏ ਸਿੰਘ, ਸਿੰਘਣੀਆਂ ਦੀ ਗਾਥਾ ਨੂੰ ਸੰਗਤ ਸਾਹਮਣੇ ਕਿਤਾਬ ਰੂਪ ਵਿਚ ਪੇਸ਼ ਕਰਦੀ ਕਿਤਾਬ 'ਸ਼ਹੀਦਨਾਮਾ (ਆਲੋਅਰਖ ਦੇ ਸ਼ਹੀਦ)' ਅੱਜ 29 ਅਗਸਤ 2023 ਨੂੰ ਇਹਨਾਂ ਸਿੰਘ ਸਿੰਘਣੀਆਂ ਦੀ ਸ਼ਹਾਦਤ ਨੂੰ ਸਮਰਪਿਤ ਸਮਾਗਮ ਦੌਰਾਨ ਗੁਰਦੁਆਰਾ ਮੰਜੀ ਸਾਹਿਬ, ਆਲੋਅਰਖ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਭੇਂਟ ਕਰਕੇ ਜਾਰੀ ਕੀਤੀ ਗਈ।

ਉਪਰੰਤ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਕਿਤਾਬ ਦੇ ਲੇਖਕ ਭਾਈ ਮਲਕੀਤ ਸਿੰਘ ਭਵਾਨੀਗੜ੍ਹ ਵੱਲੋਂ ਪਹਿਲੀ ਕਾਪੀ ਸ਼ਹੀਦ ਸਿੰਘਾਂ ਦੇ ਪਰਿਵਾਰਾਂ ਅਤੇ ਪੰਥ ਸੇਵਕ ਸ਼ਖਸੀਅਤਾਂ ਨੂੰ ਦਿੱਤੀ ਗਈ। ਸ਼ਹੀਦਾਂ ਦੇ ਜੀਵਨ ਨੂੰ ਲਿਖਤੀ ਰੂਪ ਵਿੱਚ ਸੰਭਾਲਣ ਲਈ ਸ਼ਹੀਦ ਪਰਿਵਾਰਾਂ ਅਤੇ ਇਲਾਕੇ ਦੇ ਪਤਵੰਤੇ ਸੱਜਣਾਂ ਵਲੋਂ ਭਾਈ ਮਲਕੀਤ ਸਿੰਘ ਨੂੰ ਸਨਮਾਨਿਤ ਕੀਤਾ ਗਿਆ। ਆਲੋਅਰਖ ਪਿੰਡ ਤੋਂ ਭਾਈ ਪਿਆਰਾ ਸਿੰਘ, ਉਹਨਾਂ ਦੀ ਸਿੰਘਣੀ ਬੀਬੀ ਭਰਪੂਰ ਕੌਰ, ਭਾਈ ਅਮਰ ਸਿੰਘ ਅਤੇ ਭਾਈ ਸ਼ਮਸ਼ੇਰ ਸਿੰਘ ਹੋਏ ਹਨ, ਜਿਹਨਾਂ ਨੇ ਗੁਰੂ ਆਸ਼ੇ ਅਨੁਸਾਰ ਸੰਘਰਸ਼ ਦੇ ਰਾਹ 'ਤੇ ਚੱਲਕੇ ਅਡੋਲ ਸ਼ਹਾਦਤਾਂ ਦਿੱਤੀਆਂ। ਜਿਹਨਾਂ ਦੀ ਗਾਥਾ ਇਸ ਕਿਤਾਬ ਵਿੱਚ ਦਰਜ ਕੀਤੀ ਗਈ ਹੈ। ਇਹ ਕਿਤਾਬ 'ਨੀਸਾਣਿ ਪ੍ਰਕਾਸ਼ਨ' ਵੱਲੋਂ ਛਾਪੀ ਗਈ। ਇਸ ਮੌਕੇ 'ਨੀਸਾਣਿ ਪ੍ਰਕਾਸ਼ਨ' ਵਲੋਂ ਕਿਤਾਬ ਜਾਰੀ ਕਰਨ ਉਪਰੰਤ ਇੱਕ ਕਿਤਾਬ ਪ੍ਰਦਰਸ਼ਨੀ ਦਾ ਵੀ ਇੰਤਜ਼ਾਮ ਕੀਤਾ ਗਿਆ। ਉਹਨਾਂ ਦੱਸਿਆ ਕਿ ਇਹ ਕਿਤਾਬ ਦੇਸ਼ ਵਿਦੇਸ਼ ਵਿੱਚ ਕਿਤੇ ਵੀ ਮੰਗਵਾਈ ਜਾ ਸਕਦੀ ਹੈ।

ਸਮਾਗਮ ਦੌਰਾਨ ਵੱਖ-ਵੱਖ ਸ਼ਖਸੀਅਤਾਂ ਨੇ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੰਦੇ ਹੋਏ ਆਪਣੇ ਵਿਚਾਰ ਰੱਖੇ। ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਤੋਂ ਸ਼ਹੀਦਾਂ ਨੂੰ ਸਰਧਾਂਜਲੀ ਦਿੰਦਿਆਂ ਸ.ਗੋਬਿੰਦ ਸਿੰਘ ਨੇ ਕਿਹਾ ਕਿ ਉਂਞ ਸਰਕਾਰ ਭਾਵੇਂ ਭਾਈਚਾਰੇ ਦੀਆਂ ਮਿਸਾਲਾਂ ਦਿੰਦੀ ਹੈ, ਪਰ ਘੱਟ ਗਿਣਤੀਆਂ ਨਾਲ ਹਮੇਸ਼ਾ ਜ਼ੁਲਮ ਕਰਦੀ ਹੈ। ਸ.ਮੇਜਰ ਸਿੰਘ ਮੱਟਰਾਂ ਨੇ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੰਦਿਆਂ ਭਾਈ ਪਿਆਰਾ ਸਿੰਘ ਜੀ ਦੇ ਬਾਰੇ ਦੱਸਿਆ ਕਿ ਉਹ ਲਹਿਰ ਨੂੰ ਪੂਰੀ ਤਰ੍ਹਾਂ ਸਮਰਪਿਤ ਤਾਂ ਸਨ ਹੀ ਨਾਲ ਹੀ ਨਿੱਘੇ ਅਤੇ ਮਿਲਾਪੜੇ ਸੁਭਾਅ ਦੇ ਸਨ। ਭਾਈ ਹਰਜਿੰਦਰ ਸਿੰਘ ਮਾਝੀ ਨੇ ਕਿਹਾ ਕਿ ਸ਼ਹੀਦੀਆਂ ਕਦੇ ਵੀ ਨੁਕਸਾਨ ਨਹੀਂ ਹੁੰਦੀਆਂ ਅਤੇ ਸ਼ਹੀਦ ਹੋਣਾ ਕਦੇ ਵੀ ਕਿਸੇ ਦੇ ਵੱਸ ਨਹੀਂ ਹੁੰਦਾ। ਸ਼ਹੀਦੀ ਗੁਰੂ ਦੀ ਬਖਸ਼ਿਸ਼ ਹੁੰਦੀ ਹੈ। ਬਾਬਾ ਹਰਦੀਪ ਸਿੰਘ ਮਹਿਰਾਜ ਨੇ ਸ਼ਹੀਦਾਂ ਦੇ ਇਤਿਹਾਸ ਇਕੱਠੇ ਕਰਨ ਦੇ ਉਪਰਾਲੇ ਨੂੰ ਜਾਰੀ ਰੱਖਣ ਦੀ ਰਾਇ ਦਿੱਤੀ। ਭਾਈ ਦਲਜੀਤ ਸਿੰਘ ਜੀ ਨੇ ਕਿਹਾ ਕਿ ਸ਼ਹੀਦ ਨਫ਼ੇ - ਨੁਕਸਾਨਾਂ ਤੋਂ ਦੂਰ ਸਨ। ਜਿਹੜੇ ਸਿੰਘ ਉਸ ਵਕਤ ਸ਼ਹੀਦ ਹੋਏ, ਉਹ ਉਹਨਾਂ ਵੇਲਿਆਂ ਦੀ ਸ਼ਾਨ ਸਨ, ਤਾਂ ਹੀਂ ਉਹਨਾਂ ਨੂੰ ਗੁਰੂ ਨੇ ਆਪਣੇ ਕੋਲ ਬੁਲਾਇਆ ਅਤੇ ਸ਼ਹੀਦੀਆਂ ਦੀ ਦਾਤ ਬਖਸ਼ੀ। ਸਾਨੂੰ ਇਸ ਤਰ੍ਹਾਂ ਦੀਆਂ ਗੱਲਾਂ ਨਹੀਂ ਕਰਨੀਆਂ ਚਾਹੀਦੀਆਂ ਕਿ ਲਹਿਰ ਵਿਚ ਨੁਕਸਾਨ ਹੋਇਆ ਅਤੇ ਅਸੀਂ ਆਪਣੇ ਸਿੰਘ ਗਵਾ ਲਏ ਸਗੋਂ ਇਹ ਤਾਂ ਅਕਾਲ ਪੁਰਖ ਵਲੋਂ ਭੇਜੇ ਹੋਏ ਸਨ। ਵਕੀਲ ਜਗਮੀਤ ਸਿੰਘ ਸੰਗਰੂਰ ਨੇ ਕਿਹਾ ਕਿ ਸ਼ਹੀਦੀ ਹਰ ਇੱਕ ਨੂੰ ਪ੍ਰਾਪਤ ਨਹੀਂ ਹੋ ਸਕਦੀ। ਇਸ ਪਿੱਛੇ ਬਹੁਤ ਵੱਡੀ ਘਾਲਣਾ ਹੈ। ਭਾਈ ਪਰਮਜੀਤ ਸਿੰਘ ਗਾਜ਼ੀ ਨੇ ਕਿਹਾ ਕਿ ਇਲਾਕੇ ਦੇ ਸ਼ਹੀਦਾਂ ਦੀ ਯਾਦ ਮਨਾਉਣ ਦਾ ਉਪਰਾਲਾ ਸਲਾਹੁਣਯੋਗ ਹੈ ਨਾਲ ਹੀ ਕਿਹਾ ਕਿ ਸ਼ਹੀਦਾਂ ਦੇ ਜੀਵਨ ਨੂੰ ਕਿਤਾਬ ਰੂਪ ਵਿੱਚ ਸਾਂਭਣਾ ਬੜਾ ਜ਼ਰੂਰੀ ਸੀ। ਇਸ ਤਰ੍ਹਾਂ ਦੇ ਉਪਰਾਲੇ ਹੁੰਦੇ ਰਹਿਣੇ ਚਾਹੀਦੇ ਹਨ। ਭਾਈ ਗੁਰਦੀਪ ਸਿੰਘ ਕਾਲਾਝਾੜ ਨੇ ਸ਼ਹੀਦਾਂ ਦੀ ਯਾਦ ਵਿਚ ਵੱਧ ਚੜ ਕੇ ਸਮਾਗਮ ਕਰਦੇ ਰਹਿਣ ਦੀ ਗੱਲ ਦੁਹਰਾਈ।

(ਬਾਕੀ ਸਫ਼ਾ 29 'ਤੇ)






# ਕਮਿਊਨਿਜ਼ਮ ਦਾ ਇਨਕਲਾਬ ਬਨਾਮ ਮਨੁੱਖਤਾ ਦਾ ਸਾਂਝਾ ਨਾਰਾ



ਗੁਰਤੇਜ ਸਿੰਘ
ਆਈ.ਏ.ਐਸ.

# 'ਬੋਲੇ ਸੋ ਨਿਹਾਲ'

ਜੋਜ਼ਫ਼ ਸਟੈਲਿਨ ਅਤੇ ਮਾਓ ਜ਼ੇ ਤੁੰਗ ਸੋਵੀਅਤ ਯੂਨੀਅਨ ਅਤੇ ਚੀਨ ਦੇ ਵੱਡੇ ਸਿਆਸੀ ਆਗੂ ਹੋਏ ਹਨ। ਇਹਨਾਂ ਨੇ ਕਾਰਲ ਮਾਰਕਸ ਦੇ ਮਨੁੱਖਤਾ ਲਈ ਸਿਰਜੇ ਵੱਡੇ ਸੁਪਨਿਆਂ ਨੂੰ ਸੰਸਾਰ ਦੀ ਧਰਾਤਲ ਉੱਤੇ ਉਤਾਰਨਾ ਸੀ। ਇਹਨਾਂ ਉਹ ਸੁਰਗ ਦਾ ਨਕਸ਼ਾ ਜਿਸ ਵਿੱਚ 'ਹਰ ਇੱਕ ਬੰਦਾ ਸ਼ਾਹ ਦੁਨੀਆ ਦਾ ਹਰ ਇੱਕ ਤੀਵੀਂ ਰਾਣੀ' ਹੋਵੇ, ਧਰਤੀ ਉੱਤੇ ਵਾਹੁਣਾ ਸੀ। ਅਨੇਕਾਂ ਬੋਲੀਆਂ ਵਿੱਚ ਹਿੰਦੋਸਤਾਨ ਵਿੱਚ ਤਕਰੀਬਨ ਮੁਫ਼ਤ ਵੰਡੇ ਜਾਂਦੇ ਸੋਵੀਅਤ ਰਸਾਲੇ ਵਿੱਚ ਦਿਓ-ਕੱਦ ਜੋੜੇ ਦੀ ਤਸਵੀਰ ਜ਼ਰੂਰ ਹੁੰਦੀ ਸੀ। ਔਰਤ ਦੇ ਹੱਥ ਵਿੱਚ ਕਣਕ ਦੀਆਂ ਬੱਲੀਆਂ ਅਤੇ ਮਰਦ ਦੇ ਹੱਥ ਦਾਤ-ਨੁਮਾ ਦਾਤਰੀ ਹੁੰਦੀ ਸੀ। ਬਰਾਬਰਤਾ, ਖ਼ੁਸ਼ਹਾਲੀ ਉਹਨਾਂ ਦੇ ਚਿਹਰਿਆਂ ਤੋਂ ਝਲਕਦੀ ਹੁੰਦੀ ਸੀ। ਇਹੋ ਜਿਹੇ ਮੁਜੱਸਮੇ ਵੇਖ ਕੇ ਗੁਰਬਖ਼ਸ਼ ਸਿੰਘ ਪ੍ਰੀਤਲੜੀ, ਸੋਹਣ ਸਿੰਘ ਜੋਸ਼ ਤੇ ਸੰਤ ਸਿੰਘ ਸੇਖੋਂ ਆਦਿ ਨੇ ਸਿੱਖਾਂ ਦੀ ਬੌਧਿਕ ਅਗਵਾਈ ਦੇ ਪਰ ਕੱਟ ਕੇ, ਉਸ ਨੂੰ ਸਾਮਵਾਦੀ ਦਲਦਲ ਵਿੱਚ ਧੱਕ ਕੇ ਸਿੱਖ ਕੌਮ ਨੂੰ ਦਿਸ਼ਾਹੀਣ ਕਰਨ ਵਿੱਚ ਵੱਡੀ ਭੂਮਿਕਾ ਨਿਭਾਈ ਸੀ। ਚੰਗੇ ਭਲ਼ੇ ਨਿੱਤ ਨੇਮੀ, ਅੰਮ੍ਰਿਤਧਾਰੀ, ਗ਼ਦਰੀ ਬਾਬਿਆਂ ਨੂੰ ਵੀ ਤਰਾਸ਼ ਕੇ ਕੌਮਿਊਨਿਜ਼ਮ ਦੇ ਚੌਖਟੇ ਵਿੱਚ ਕੱਸ ਦਿੱਤਾ ਸੀ।

ਇਹ ਤਾਂ ਸਰਬੀਆ ਵਿੱਚ ਦਫ਼ਨਾਏ ਲੱਖਾਂ ਲੋਕਾਂ ਦੀਆਂ ਕਬਰਾਂ ਅਤੇ ਚੀਨ ਦੀ 'ਅਗਾਂਹ ਨੂੰ ਵੱਡੀ ਛਾਲ' ਇਨਕਲਾਬ ਵਿੱਚ ਕਤਲ ਕੀਤਿਆਂ ਦੀਆਂ ਗਿਣਤੀਆਂ ਦੇ ਬਾਅਦ ਪਤਾ ਲੱਗਿਆ ਕਿ ਚੀਨ, ਰੂਸ ਨੇ ਕਿਹੋ ਜਿਹਾ ਸੁਰਗ ਸਾਜਿਆ ਸੀ। ਮਾਓ ਨੇ 1958 ਤੋਂ 1962 ਤੱਕ 450 ਤੋਂ 600 ਲੱਖ ਨਿਹੱਥੇ, ਨਿਮਾਣੇ, ਨਿਤਾਣੇ ਲੋਕਾਂ ਨੂੰ ਮੌਤ ਦੇ ਘਾਟ ਉਤਾਰਿਆ। ਇਨ੍ਹਾਂ ਵਿੱਚ ਹੂਨਾਨ ਸੂਬੇ ਦਾ ਇੱਕ ਭੁੱਖ ਦਾ ਸਤਾਇਆ ਬੱਚਾ ਵੀ ਸੀ ਜਿਸ ਨੇ ਇੱਕ ਮੁੱਠੀ ਅਨਾਜ ਚੋਰੀ ਕਰ ਲਿਆ ਸੀ ਅਤੇ ਉਸ ਦੇ ਬਾਪ ਨੂੰ ਮਜਬੂਰ ਕਰ ਕੇ ਉਸ ਨੂੰ ਜਿਊਂਦੇ ਨੂੰ ਦਫ਼ਨ ਕਰਵਾ ਦਿੱਤਾ ਸੀ। ਇੱਕ ਉਹ ਵੀ ਸੀ ਜਿਸ ਨੂੰ ਇੱਕ ਆਲੂ ਪੁੱਟਣ ਦੀ ਸਜ਼ਾ ਵਜੋਂ ਗਰਮ ਲੋਹੇ ਨਾਲ ਦਾਗ਼ ਦਿੱਤਾ ਸੀ। ਸਟੈਲਿਨ ਨੇ 400 ਲੱਖ ਕੂਲਕ ਲੋਕਾਂ ਨੂੰ ਨਕਲੀ ਕਾਲ ਪਾ ਕੇ ਭੁੱਖਿਆਂ ਮਾਰ ਦਿੱਤਾ ਸੀ। ਇਹ ਸਾਰੇ ਇਹਨਾਂ ਦੇ ਆਪਣੇ ਦੇਸ਼-ਵਾਸੀ ਸਨ। ਧੰਨ ਹਨ ਸਾਡੇ ਆਗੂ ਜਿਹੜੇ ਅਜੇ ਵੀ ਸਮਰਾਜਵਾਦ ਦੇ ਗੁਣਗਾਣ ਦਾ ਰਿਆਜ਼ ਮੁਕਤ-ਕੰਠ ਕਰ ਰਹੇ ਹਨ।

ਸਟੈਲਿਨ ਨੇ ਦਾਅਵਾ ਕੀਤਾ ਸੀ ਕਿ ਕੁੱਲ ਮਨੁੱਖੀ ਸਮਾਜ ਦੀ ਭਲਾਈ ਲਈ, ਅਸੂਲਾਂ ਉੱਤੇ ਟੇਕ ਰੱਖਦੀ, ਸੰਸਾਰ ਦੀ ਪਹਿਲੀ ਸਿਆਸੀ ਤਨਜ਼ੀਮ ਉਸ ਦੀ ਕੌਮਿਊਨਿਸਟ ਪਾਰਟੀ ਹੈ। ਦੁਨੀਆਂ ਭਰ ਦੇ ਸਮਾਜਕ ਅਤੇ ਸਿਆਸੀ ਢਾਂਚਿਆਂ ਦੇ ਵੱਡੇ ਜਾਣਕਾਰ ਆਰਨਲਡ ਟੋਇਨਬੀ ਨੇ ਇਸ ਦਾਅਵੇ ਨੂੰ ਨਕਾਰਦਿਆਂ ਨਿਰਣਾ ਦਿੱਤਾ ਕਿ ਗੁਰੂ ਗੋਬਿੰਦ ਸਿੰਘ ਦਾ ਖ਼ਾਲਸਾ ਹੀ ਅਜਿਹੀ ਪਹਿਲੀ ਸਿਆਸੀ ਤਨਜ਼ੀਮ ਹੈ। ਸਿੱਖ ਪੰਥ ਦੀ ਇਹ ਕਮਜ਼ੋਰੀ ਹੈ ਕਿ ਇਸ ਨੇ ਅਜੇ ਤੱਕ ਖ਼ਾਲਸੇ ਦੇ ਸਿਆਸੀ ਰੁਤਬੇ ਅਤੇ ਕਰਤਬ ਬਾਰੇ ਚਰਚਾ ਨਾ ਕਰ ਕੇ ਕੇਵਲ ਉਸ ਦੇ ਧਾਰਮਿਕ ਪੱਖ ਨੂੰ ਹੀ ਉਜਾਗਰ ਕੀਤਾ ਹੈ। ਅੱਜ, ਖ਼ਾਸ ਤੌਰ ਉੱਤੇ ਕੋਵਿਡ ਦੇ ਜ਼ਮਾਨੇ ਜੋ ਹੁਣ ਵੀ ਜਾਰੀ ਹੈ,ਵਿੱਚ, ਹਰ ਕਿਸਮ ਦੇ ਸਿਆਸੀ ਪ੍ਰਬੰਧ ਢਹਿ-ਢੇਰੀ ਹੋ ਚੁੱਕੇ ਹਨ। ਲੋਕਾਂ ਦਾ ਯਕੀਨ ਮੌਜੂਦਾ ਕਿਸਮ ਦੇ ਸਿਆਸੀ ਆਗੂਆਂ ਤੋਂ ਉੱਠ ਚੁੱਕਾ ਹੈ। ਹੁਣ ਪਰਗਟ ਹੋਇਆ ਹੈ ਕਿ ਹਰ ਕਿਸਮ ਦੀ ਰਾਜ-ਪ੍ਰਣਾਲੀ ਹਾਕਮ ਜਮਾਤ ਦੀ ਲੁੱਟ, ਚਾਲੀ ਗੰਜ ਜੋੜਨ ਦੀ ਹਵਸ ਅਤੇ ਹੁਕਮ ਚਲਾਉਣ ਦੇ ਝੱਸ ਪੂਰਾ ਕਰਨ ਦਾ ਕੇਵਲ ਸਾਧਨ ਬਣ ਕੇ ਹੀ ਰਹਿ ਗਈ ਹੈ।

ਮਨੁੱਖਤਾ ਦੀ ਆਤਮਾ ਆਪਣੀਆਂ ਨਸਲਾਂ ਦੇ ਭਵਿੱਖ ਨੂੰ ਲੈ ਕੇ ਡੂੰਘੇ ਫ਼ਿਕਰ ਵਿੱਚ ਹੈ। ਅੱਜ ਦੀ ਪੀੜ੍ਹੀ ਨੇ ਧਰਮ ਨੂੰ ਅਤੇ ਸਿਆਸਤ ਨੂੰ, ਇੱਕ ਦੂਜੇ ਤੋਂ ਵਧ ਕੇ, ਆਮ ਲੋਕਾਂ ਦਾ ਹਰ ਪੱਖੋਂ ਸ਼ੋਸ਼ਣ ਕਰਦਿਆਂ ਵੇਖਿਆ ਹੈ ? ਠੀਕ ਉਵੇਂ ਜਿਵੇਂ ਸੱਚੇ ਸਾਹਿਬ ਨੇ ਸਦੀਆਂ ਪਹਿਲਾਂ ਫੁਰਮਾਇਆ ਸੀ: ਰਾਜ ਕਪਟੰ ਰੂਪ ਕਪਟੰ ਧਨ ਕਪਟੰ ਕੁਲ ਗਰਬਤਹ ॥ ਸੰਚੰਤਿ ਬਿਖਿਆ ਛਲੰ ਛਿਦ੍ਰੰ ਨਾਨਕ ਬਿਨੁ ਹਰਿ ਸੰਗਿ ਨ ਚਾਲਤੇ ॥੧॥ ਜਦੋਂ ਮਨੁੱਖਤਾ ਦੀ ਉੱਤਮ ਚੇਤਨਾ ਵਿੱਚ ਲੇਖਾ-ਜੋਖਾ ਹੁੰਦਾ ਹੈ ਤਾਂ ਮਾਓ, ਹਿਟਲਰ, ਸਟੈਲਿਨ ਦਾ ਅਤੇ ਉਨ੍ਹਾਂ ਦੀਆਂ ਰਾਜ-ਪ੍ਰਣਾਲੀਆਂ ਦਾ ਕੌਡੀ ਮੁੱਲ ਨਹੀਂ ਪੈਂਦਾ। ਪੇਖੰਦੜੋ ਕੀ ਭੁਲੁ ਤੁੰਮਾ ਦਿਸਮੁ ਸੋਹਣਾ ॥ ਅਢੁ ਨ ਲਹਦੜੋ ਮੁਲੁ ਨਾਨਕ ਸਾਥਿ ਨਾ ਜੁਲਈ ਮਾਇਆ ॥

ਬਾਬਾ ਬੰਦਾ ਸਿੰਘ ਬਹਾਦਰ ਵਰਗਿਆਂ ਦੀ ਸੁੱਚੀ ਘਾਲਣਾ ਤੋਂ ਪ੍ਰੇਰਨਾ ਲੈ ਕੇ 25 ਸਿਪਾਹੀਆਂ ਨੇ ਪੰਜ ਤੀਰਾਂ ਦੀ ਵਿਰਾਸਤ ਨਾਲ ਜ਼ਮਾਨੇ ਦੀ ਸਭ ਤੋਂ ਤਾਕਤਵਰ ਅਤੇ ਸਭ ਤੋਂ ਜ਼ਾਲਮ ਹਕੂਮਤ ਉੱਤੇ ਫ਼ਤਿਹ ਪਾਈ। ਫਿਰ ਦੁਨੀਆਂ ਦਾ ਸਭ ਤੋਂ ਪਹਿਲਾ ਲੋਕ-ਰਾਜ ਸਥਾਪਤ ਕੀਤਾ ਜਿਸ ਵਿੱਚ ਊਚ-ਨੀਚ ਦੇ ਭੇਦ-ਭਾਵ ਮਿਟ ਗਏ। ਜੁੱਤੀਆਂ ਗੰਢਣ ਵਾਲੇ ਸਿਰ ਉੱਤੇ ਕਲਗੀਆਂ ਸਜਾ ਕੇ ਰਾਜੇ ਬਣੇ। ਓਸ ਨੇ ਆਖਿਆ ਅਸੀਂ ਸਤਿਜੁਗ ਵਰਤਾਇਆ ਹੈ। ਜ਼ਮਾਨੇ ਨੇ ਇੱਕ ਜ਼ੁਬਾਨ ਹੋ ਸ਼ਾਹਦੀ ਭਰੀ। ਤੇਗ਼ ਅਤੇ ਦੇਗ਼ ਪਹਿਲੀ ਵਾਰ ਨਪੀੜਿਆਂ-ਲਤਾੜਿਆਂ ਦੇ ਹੱਕ ਵਿੱਚ ਚੱਲੀ। ਬਰਕਤ ਵਾਲੀ ਨਾਨਕ ਦੀ ਤੇਗ਼ ਨੇ ਸਭ ਸਤਾਇਆਂ ਦੇ ਉੱਤੇ ਛਾਂ ਕੀਤੀ: 'ਤੇਗੋ ਨਾਨਕ ਵਾਹਬ ਅਸਤ।' ਖਰੇ ਸੌਦੇ ਵਾਲੀ ਦੇਗ਼ ਫਿਰ ਚੜ੍ਹੀ ਅਤੇ ਨਾ ਕੋਈ ਭੁੱਖਾ ਸੁੱਤਾ ਨਾ ਦੁਖੀ। ਲੋਕਾਂ ਦਾ ਕਤਲੇਆਮ ਕਰਨ ਦੀ ਬਜਾਏ, ਸਮਾਂ ਆਉਣ ਉੱਤੇ, ਹਾਕਮਾਂ ਨੇ ਆਪਣੇ ਬੱਚਿਆਂ ਦੇ ਕਾਲਜੇ ਮੂੰਹ ਪਵਾਏ ਅਤੇ ਆਪਣੇ ਸਰੀਰਾਂ ਨੂੰ ਮਨੁੱਖ-ਮਾਤਰ ਦੀ ਢਾਲ ਬਣਾਇਆ; ਸਾਰੇ ਵਾਰ ਹੱਸ-ਹੱਸ ਝੱਲੇ। ਸਾਰੀ ਸਦੀ ਇਹ ਵਰਤਾਰਾ ਰਿਹਾ।

ਰਣਜੀਤ ਸਿੰਘ ਦੇ ਸਮੇਂ ਦਾ ਖ਼ਾਲਸਾ ਰਾਜ ਜਾਂ ਖ਼ਾਲਸੇ ਦੀ ਅਗਵਾਈ ਵਿੱਚ ਲੋਕਾਂ ਦਾ ਰਾਜ, ਬਾਬਾ ਬੰਦਾ ਸਿੰਘ ਬਹਾਦਰ ਦੇ ਖ਼ਾਲਸਾ ਰਾਜ ਦਾ ਪਰਛਾਵਾਂ ਮਾਤਰ ਸੀ। ਪਰ ਦੇਗ਼ ਅਤੇ ਤੇਗ਼ ਓਸੇ ਵੇਗ ਅਤੇ ਖ਼ਲੂਸ ਨਾਲ ਚੱਲੀ। ਮੁਖੀ ਨੇ ਕਲਗ਼ੀ ਪੱਗ ਤੋਂ ਲਾਹ ਕੇ ਲਾਚਾਰ ਬੁੱਢੇ ਨੂੰ ਸਰਕਾਰੋਂ ਮਿਲੀ ਕਣਕ ਦੀ ਪੰਡ ਸਿਰ ਉੱਤੇ ਰੱਖ ਲਈ ਅਤੇ 'ਪਾਂਡੀ ਪਾਤਸ਼ਾਹ' ਕਹਾਇਆ। ਜੰਗਲ ਦੇ ਜਾਨਵਰਾਂ ਨੂੰ ਵੀ ਧਰਵਾਸ ਮਿਲਿਆ। ਵਿਲਕਦੀ ਸ਼ੇਰਨੀ ਦੀ ਫ਼ਰਿਆਦ ਉਸ ਦੇ ਕੰਨੀਂ ਪਈ ਅਤੇ ਇਹ ਆਖ ਕੇ ਉਸ ਨੇ ਉਸ ਦੇ ਬੱਚਿਆਂ ਨੂੰ ਸਿਪਾਹੀਆਂ ਤੋਂ ਮੁਕਤ ਕਰਾਇਆ: ਸ਼ੇਰਨੀ ਵੀ ਤਾਂ ਮਾਂ ਹੁੰਦੀ ਹੈ। ਲੌਰਡ ਐਕਟਨ ਆਖਦਾ ਹੈ ਕਿ ਚਾਲੀ ਸਾਲਾਂ ਵਿੱਚ ਕਿਸੇ ਇੱਕ ਮਨੁੱਖ ਨੂੰ ਉਸ ਦੇ ਹੁਕਮ ਨਾਲ ਫ਼ਾਂਸੀ ਨਾ ਲੱਗੀ।



ਇੱਕੀਵੀਂ ਸਦੀ ਵਿੱਚ ਜਦੋਂ ਬੀ.ਬੀ.ਸੀ. ਨੇ ਸਭ ਤੋਂ ਵੱਧ ਜਾਣਕਾਰੀ ਰੱਖਣ ਵਾਲੇ ਕਈ ਮੁਲਕਾਂ ਦੇ ਇਤਿਹਾਸਕਾਰਾਂ ਨੂੰ ਪੁੱਛਿਆ ਤਾਂ ਸਭ ਦਾ ਨਿਰਣਾ ਸੀ ਕਿ ਬੀਤੀਆਂ ਸਦੀਆਂ ਵਿੱਚ ਸਭ ਤੋਂ ਉੱਤਮ ਰਾਜ ਰਣਜੀਤ ਸਿੰਘ ਦਾ ਖ਼ਾਲਸਾ ਰਾਜ ਹੀ ਸੀ। ਸਮੇਂ ਨੇ ਤੇਗ਼ ਦੇ ਰਾਹ ਵਿੱਚ ਕੁਝ ਰੁਕਾਵਟਾਂ ਪਾਈਆਂ ਪਰ ਖ਼ਾਲਸੇ ਦੀ ਦੇਗ਼ ਨਿਰੰਤਰ ਚੱਲਦੀ ਰਹੀ। ਮਨੁੱਖਤਾ ਦੀ ਹਰ ਮੁਸ਼ਕਲ, ਹਰ ਮਜਬੂਰੀ ਦਾ ਅਹਿਸਾਸ ਖ਼ਾਲਸੇ ਨੂੰ ਹੋਇਆ। ਇਰਾਕ, ਬੰਗਲਾ ਦੇਸ਼, ਕਸ਼ਮੀਰ, ਅਮਰੀਕਾ, ਕੈਨੇਡਾ, ਆਸਟ੍ਰੇਲੀਆ, ਨੇਪਾਲ, ਕੇਰਲਾ, ਗੁਜਰਾਤ ਆਦਿ ਜਿੱਥੇ ਵੀ ਲੋੜ ਪਈ ਗੁਰੂ ਨਾਨਕ ਦੀ ਦੇਗ਼ ਸਭ ਤੋਂ ਪਹਿਲਾਂ ਉੱਥੇ ਪਹੁੰਚੀ। ਗੁਰੂ ਰੂਪ ਵਿੱਚ ਖ਼ਾਲਸੇ ਦਾ ਬਿਰਦ ਹੈ 'ਜੋ ਬੋਲੇ ਸੋ ਨਿਹਾਲ।' ਅਰਥਾਤ 'ਕਿਸੇ ਮੁਸ਼ਕਲ ਵਿੱਚ ਫ਼ਸੇ ਮਨੁੱਖ ਦੀ ਪੁਕਾਰ ਸੁਣ ਕੇ ਜੋ ਮਦਦ ਦਾ ਹੁੰਗਾਰਾ ਭਰਦਾ ਹੈ ਉਹ ਸੱਚੇ ਦੀ ਦਰਗਾਹ ਵਿੱਚ ਨਿਹਾਲ ਹੋਵੇਗਾ।' ਬੋਲਣਾ ਧਰਮ ਹੈ ਕਿਉਂਕਿ ਅਕਾਲ ਦੀ ਹਰ ਮੁਹਾਜ਼ ਉੱਤੇ ਜਿੱਤ ਨੂੰ ਯਕੀਨੀ ਬਣਾਉਣਾ ਗੁਰੂ ਦਾ ਕਉਲ ਹੈ, ਖ਼ਾਲਸੇ ਦਾ ਕਰਤੱਵ ਹੈ ? 'ਸਤਿ ਸ੍ਰੀ ਅਕਾਲ।'




ਅੱਜ ਹਿੰਦੋਸਤਾਨ ਨੂੰ ਉਸੇ ਗ਼ੁਲਾਮੀ ਵਿਚ ਧੱਕਣ ਦਾ ਵੱਡਾ ਯਤਨ ਧਰਮ ਅਤੇ ਸਿਆਸਤ ਕਰ ਰਹੇ ਹਨ। ਬ੍ਰਾਹਮਣ ਹਰ ਇੱਕ ਨੂੰ ਨਿਆਸਰਾ ਕਰ ਕੇ ਆਪਣੀ ਹਕੂਮਤ ਸਭਨਾਂ ਉੱਤੇ ਸਥਾਪਤ ਕਰਨ ਨੂੰ ਉਤਾਵਲਾ ਹੈ। ਚਮਨ ਨੂੰ ਅੱਗ ਲੱਗੇਗੀ ਤਾਂ ਹਰ ਆਲ੍ਹਣਾ ਰਾਖ ਹੋ ਜਾਵੇਗਾ। ਇੱਕ ਦਹਿ-ਸਦੀ ਬਾਅਦ ਇੱਕ ਵਾਰ ਫੇਰ ਦਸਤਕ ਦੇ ਰਹੀ ਬ੍ਰਾਹਮਣ ਦੀ ਗ਼ੁਲਾਮੀ ਵਿਰੁੱਧ ਆਵਾਜ਼ ਉਠਾ ਕੇ ਇਸ ਕੁਲਹਿਣੀ ਰੀਤ ਨੂੰ ਧੱਕ ਕੇ ਮਨੁੱਖਤਾ ਦੇ ਬੂਹੇ ਤੋਂ ਦੂਰ ਕਰਨਾ ਸਭਨਾਂ ਦਾ ਫ਼ਰਜ਼ ਹੈ। ਇੱਕ ਵਾਰੀ ਫੇਰ ਖ਼ਾਲਸਾਈ ਨਾਅਰਾ ਹੈ: ਜੋ ਬੋਲੇ ਸੋ ਨਿਹਾਲ। ਕੀ ਸ਼ਿਵਾ ਜੀ ਦੇ ਪੈਰੋਕਾਰ, ਜਿਨ੍ਹਾਂ ਦੇ ਮੱਥੇ ਉੱਤੇ ਬ੍ਰਾਹਮਣ ਨੇ ਪੈਰ ਨਾਲ ਤਿਲਕ ਲਗਾਇਆ ਸੀ, ਨਹੀਂ ਬੋਲਣਗੇ ? ਕੀ ਹਰ ਤੀਜੇ ਵਰ੍ਹੇ ਮਾਵਾਂ, ਭੈਣਾਂ, ਬੇਟੀਆਂ ਦਾ ਜੌਹਰ ਹੰਢਾਉਣ ਵਾਲੇ ਰਾਜਪੂਤ ਨਹੀਂ ਬੋਲਣਗੇ ? ਕੀ ਹਿੰਦ ਦੀ ਆਤਮਾ ਦੇ ਅਸਲ ਵਾਰਸ ਅਤੇ ਸਦੀਆਂ ਤੋਂ ਬ੍ਰਾਹਮਣ ਦੇ ਸਤਾਏ ਮੂਲ ਨਿਵਾਸੀ ਨਹੀਂ ਬੋਲਣਗੇ ?

ਕਾਰਲ ਮਾਰਕਸ, ਮਾਓ, ਸਟੈਲਿਨ ਦੇ ਪੈਰੋਕਾਰਾਂ ਦੇ, ਹਿਟਲਰ ਦੇ ਪੈਰੋਕਾਰਾਂ ਵਾਂਗ ਹੀ, ਹੱਥ ਮਨੁੱਖਤਾ ਦੇ ਖ਼ੂਨ ਨਾਲ ਰੰਗੇ ਹੋਏ ਹਨ। ਜੇ ਇਹਨਾਂ ਬੋਲਣਾ ਹੈ ਤਾਂ ਹਿਰਦੇ ਨੂੰ ਸ਼ੁੱਧ ਕਰ ਕੇ ਗੁਰੂ ਨਾਨਕ ਦੇ ਨਕਸ਼ੇ- ਕਦਮ ਉੱਤੇ ਚੱਲਦਿਆਂ 'ਜੋ ਬੋਲੇ ਸੋ ਨਿਹਾਲ' ਦੇ ਨਾਅਰੇ ਦਾ ਨਿੱਘ ਮਾਣਦਿਆਂ 'ਸਤਿ ਸ੍ਰੀ ਅਕਾਲ' ਫ਼ਤਹਿ ਕਰਨ ਵੱਲ ਹੀ ਮੂੰਹ ਕਰਨਾ ਪਵੇਗਾ। ਅੱਜ ਇਹੀ ਕੁੱਲ ਮਨੁੱਖਤਾ ਦਾ ਸਾਂਝਾ ਨਾਅਰਾ ਹੈ।



# ਗੁਰੂ ਗ੍ਰੰਥ ਸਾਹਿਬ ਜੀ

ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

ਅਗਿਆਨ ਅਤੇ ਵਹਿਮਾਂ ਭਰਮਾਂ ਵਿੱਚ ਭਟਕਦੀ ਮਨੁੱਖਤਾ ਨੂੰ ਰਾਹ ਵਿਖਾਉਣ ਲਈ ਅਵਤਾਰੀ ਪੁਰਸ਼ ਸੰਸਾਰ ਵਿੱਚ ਆਉਂਦੇ ਹਨ। ਅੱਠਵੀਂ ਸਦੀ ਮੱਧ ਕਾਲ ਵਿੱਚ ਭਗਤੀ ਲਹਿਰ ਦਾ ਆਰੰਭ ਦੱਖਣੀ ਭਾਰਤ ਬਨਾਰਸ ਵਿੱਚ ਹੋਇਆ। ਇਹ ਇੱਕ ਧਾਰਮਿਕ ਜਾਗ੍ਰਿਤੀ ਦੀ ਲਹਿਰ ਸੀ। ਇਸ ਲਹਿਰ ਦੇ ਬਾਨੀ ਸਮਾਜ ਸੁਧਾਰਕਾਂ ਨੇ ਆਪਣੀ ਬਾਣੀ ਰਾਹੀਂ ਸਮਾਜਿਕ ਨਾਬਰਾਬਰੀ ਅਤੇ ਨਫ਼ਰਤ ਨੂੰ ਖਤਮ ਕਰਕੇ ਸਾਂਝੀਵਾਲਤਾ ਨਾਲ ਜੋੜਿਆ। ਸਿੱਖ ਧਰਮ ਦੇ ਪਹਿਲੇ ਗੁਰੂ , ਗੁਰੂ ਨਾਨਕ ਦੇਵ ਜੀ ਨੇ ਭਗਤੀ ਲਹਿਰ ਦੇ ਇਸ ਅਧਿਆਤਮਕ ਕਾਰਜ ਨੂੰ ਬੜੀ ਸ਼ਿੱਦਤ ਨਾਲ ਕ੍ਰਾਂਤੀਕਾਰੀ ਢੰਗ ਰਾਹੀਂ ਪਸਾਰਿਆ। ਬਾਕੀ ਸਿੱਖ ਗੁਰੂ ਸਾਹਿਬਾਨ ਨੇ ਵੀ ਰੱਬੀ ਬਾਣੀ ਦਾ ਪ੍ਰਚਾਰ ਕਰਦਿਆਂ ਇਸ ਅਧਿਆਤਮਕ ਕਾਰਜ ਨੂੰ ਅੱਗੇ ਵਧਾਇਆ।

ਗੁਰੂ ਅਰਜਨ ਦੇਵ ਸਾਹਿਬ ਜੀ ਨੇ ਸਿੱਖ ਧਰਮ ਦੀ ਉੱਨਤੀ ਵਿੱਚ ਹਰਿਮੰਦਰ ਸਾਹਿਬ ਦੀ ਉਸਾਰੀ ਉਪਰੰਤ ਸੰਸਾਰ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਦੀ ਵੱਡੀ ਬਖਸ਼ਿਸ਼ ਕੀਤੀ ਹੈ। ਆਪ ਜੀ ਨੇ ਅਨੁਭਵ ਕੀਤਾ ਕਿ ਜਦ ਹੁਣ ਸਿੱਖਾਂ ਦਾ ਧਾਰਮਿਕ ਕੇਂਦਰ ਸਥਾਪਤ ਹੋ ਗਿਆ ਹੈ ਤਾਂ ਇੱਕ ਅਜਿਹੇ ਧਾਰਮਿਕ ਗ੍ਰੰਥ ਦੀ ਲੋੜ ਹੈ, ਜਿਸ ਵਿੱਚ ਜਾਤ ਪਾਤ ਦੇ ਵਿਤਕਰਿਆਂ ਤੋਂ ਉੱਪਰ ਉੱਠ ਕੇ ਗੁਰਬਾਣੀ ਦਰਜ਼ ਹੋਵੇ ਕਿ ਜਿਸ ਦੇ ਗਿਆਨ ਅਤੇ ਅਮਲ ਨਾਲ ਸਮੁੱਚੀ ਮਾਨਵਤਾ ਦਾ ਕਲਿਆਣ ਹੋ ਸਕੇ। ਜਿਵੇਂ ਪਰਮਾਤਮਾ ਆਪ ਸਰਬ ਵਿਆਪੀ ਹੈ, ਉਸੇ ਤਰਾਂ ਉਸ ਦਾ ਉਪਦੇਸ਼ ਵੀ ਸਰਬ ਵਿਆਪਕ ਹੈ।

ਗੁਰੂ ਗ੍ਰੰਥ ਸਾਹਿਬ ਅਧਿਆਤਮਕ ਮਿਆਰੀ ਗਿਆਨ ਦਾ ਅਥਾਹ ਸਾਗਰ ਹੈ। ਜਿਸ ਵਿੱਚ ਟੁੱਭੀ ਲਗਾ ਕੇ ਹਰ ਜਗਿਆਸੂ ਆਪਣੀ ਆਤਮਾ ਦੀ ਭੁੱਖ ਦੂਰ ਕਰਨ ਵਾਸਤੇ ਆਤਮਿਕ ਭੋਜਨ ਪ੍ਰਾਪਤ ਕਰਕੇ ਸਦਾ ਲਈ ਤ੍ਰਿਪਤੀ ਪ੍ਰਾਪਤ ਕਰ ਸਕਦਾ ਹੈ। ਗੁਰੂ ਗ੍ਰੰਥ ਸਾਹਿਬ ਜੀ ਰਾਹੀਂ ਹਰ ਮਨੁੱਖ ਆਪਣੀ ਆਤਮਾ ਨੂੰ ਬ੍ਰਹਮ ਵਿੱਚ ਲੀਨ ਦਾ ਮਾਰਗ ਪ੍ਰਾਪਤ ਕਰ ਸਕਦਾ ਹੈ। ਬ੍ਰਹਮ ਵਿੱਚ ਸਮਾਈ ਕਰ ਸਕਦਾ ਹੈ।

ਗੁਰੂ ਗ੍ਰੰਥ ਸਾਹਿਬ ਜੀ ਰਾਹੀਂ ਸਹਿਜ ਸੁਹੇਲਾ ਜੀਵਨ ਜਿਉਣ ਦੀ ਅਗਵਾਈ ਮਿਲਦੀ ਹੈ। ਮਾਰਗ ਦਰਸ਼ਨ ਅਨੁਸਾਰ ਪ੍ਰਭੂ ਵਿੱਚ ਅਭੇਦਤਾ ਲਈ ਕੋਈ ਕਠਿਨ ਯਤਨ ਕਰਨ ਦੀ ਲੋੜ ਨਹੀਂ ਹੈ। ਸੰਸਾਰ ਵਿੱਚ ਰਹਿੰਦਿਆਂ ਦੁਨਿਆਵੀ ਹਰ ਥਾਂ 'ਤੇ ਪ੍ਰਭੂ ਮੌਜੂਦ ਹੈ। ਪ੍ਰਭੂ ਨੂੰ ਹਰ ਥਾਂ ਹਰ ਸਥਿਤੀ ਵਿੱਚ ਸਹਿਜ ਮਾਰਗ 'ਤੇ ਚੱਲ ਕੇ ਪ੍ਰਾਪਤ ਕੀਤਾ ਜਾ ਸਕਦਾ ਹੈ। ਸਹਿਜ ਸੁਹੇਲਾ ਸੰਤੁਲਨ ਵਿੱਚ ਰਹਿ ਕੇ ਰਸ ਭਰਿਆ ਜੀਵਨ ਬਤੀਤ ਕਰਨ ਦੀ ਜਾਂਚ ਪ੍ਰਦਾਨ ਹੁੰਦੀ ਹੈ।

ਹੇ ਨਾਨਕ ! ਜੇ ਸਤਿਗੁਰੂ ਮਿਲ ਪਏ ਤਾਂ ਜੀਵਨ ਦੀ ਠੀਕ ਜਾਚ ਆ ਜਾਂਦੀ ਹੈ ਤੇ ਜੀਵਨ ਹੱਸਦਿਆਂ ਖੇਡਦਿਆਂ ਖਾਂਦਿਆਂ ਪਹਿਨਦਿਆਂ ਭਾਵ ਦੁਨੀਆਂ ਦੇ ਸਾਰੇ ਕੰਮ ਕਾਰ ਕਰਦਿਆਂ ਮਾਇਆ ਵਿੱਚ ਵਰਤਦਿਆਂ ਹੀ ਕਾਮਾਦਿਕ ਵਿਕਾਰਾਂ ਤੋਂ ਬਚੇ ਰਹੀਦਾ ਹੈ।

ਜਿਹੜੇ ਮਨੁੱਖ ਹਰ ਵੇਲੇ ਸਤਿਗੁਰੂ ਦੀ ਬਾਣੀ ਵਿੱਚ ਜੁੜੇ ਰਹਿੰਦੇ ਹਨ, ਉਹਨਾਂ ਨੂੰ ਬੇਅੰਤ ਪਰਮਾਤਮਾ ਦਾ ਉਹ ਨਾਮ ਰਤਨ ਮਿਲ ਜਾਂਦਾ ਹੈ। ਜਿਸ ਦੇ ਬਰਾਬਰ ਦੀ ਕੀਮਤ ਦਾ ਹੋਰ ਕੋਈ ਪਦਾਰਥ ਨਹੀਂ ਹੈ। ਜਾਂ ਫਿਰ ਹੇ ਭਾਈ! ਪਰਮਾਤਮਾ ਦੀ ਭਗਤੀ ਸਤਿਗੁਰੂ ਦੀ ਬਾਣੀ ਮਾਨੋ ਲਾਲਾਂ ਦੇ ਖ਼ਜ਼ਾਨੇ ਹਨ। ਗੁਰਬਾਣੀ ਗਾਉਂਦਿਆਂ ਸੁਣਦਿਆਂ ਤੇ ਕਮਾਉਂਦਿਆਂ ਮਨ ਸਦਾ ਖਿੜਿਆ ਰਹਿੰਦਾ ਹੈ।

ਹੇ ਗੁਰ ਸਿੱਖੋ ਹਰ ਰੋਜ਼ ਭਾਵ ਹਰ ਵੇਲੇ ਨਾਮ ਜਪੋ ਤਾਂ ਕਿ ਸਿਰਜਣਹਾਰ ਹਰੀ ਇਹੋ ਜਿਹਾ ਸਤਿਗੁਰੂ ਤੁਹਾਡੇ ਹਿਰਦੇ ਵਿੱਚ ਵਸਾ ਦੇਵੇ। ਹੇ ਗੁਰਸਿੱਖੋ ਸਤਿਗੁਰੂ ਦੀ ਬਾਣੀ ਸੱਚ ਸਮਝੋ ਕਿਉਂਕਿ ਸਿਰਜਣਹਾਰ ਪ੍ਰਭੂ ਆਪ ਇਹ ਬਾਣੀ ਸਤਿਗੁਰੂ ਦੇ ਮੂੰਹ ਤੋਂ ਅਖਵਾਉਂਦਾ ਹੈ।

ਹੇ ਭਾਈ! ਦੰਮ -ਬ-ਦੰਮ ਪ੍ਰਭੂ ਨੂੰ ਯਾਦ ਕਰ ਤਾਂ ਜੁ ਤੇਰੇ ਮਨ ਦੇ ਅੰਦਰ ਦੀ ਚਿੰਤਾ ਮਿੱਟ ਜਾਏ। ਜਾਂ ਫਿਰ ਭਾਈ ਕੰਨਾ ਨਾਲ ਪਰਮਾਤਮਾ ਦੀ ਆਤਮਿਕ ਜੀਵਨ ਦੇਣ ਵਾਲੀ ਸਿਫ਼ਤ ਸਲਾਹ ਸੁਣਦੇ ਰਹਿਣਾ ਚਾਹੀਦਾ ਹੈ। ਜਿਸ ਦੇ ਸੁਣਿਆ ਸਦਾ ਆਤਮਿਕ ਅਨੰਦ ਪੈਦਾ ਹੁੰਦਾ ਹੈ ਤੇ ਮਨ ਦੇ ਸਾਰੇ ਦੁੱਖ ਦੂਰ ਹੋ ਜਾਂਦੇ ਹਨ।

ਗੁਰੂ ਗ੍ਰੰਥ ਸਾਹਿਬ ਜੀ ਦੀ ਆਰੰਭਤਾ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਪਹਿਲੇ ਪੰਜ ਗੁਰੂ ਸਾਹਿਬਾਨ ਜੀ ਦੀ ਬਾਣੀ ਅਤੇ ਭਗਤ ਭੱਟਾਂ, ਸੰਤਾਂ, ਸਿੱਖ ਬਾਣੀਕਾਰਾਂ ਦੀ ਬੜੀ ਪਵਿੱਤਰ ਰਚਨਾਂ ਨੂੰ ਸੰਭਾਲਿਆ ਗਿਆ ਹੈ। ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਰੱਬੀ ਬਾਣੀ ਹੈ। ਥਾਂਵਾਂ ਥਾਂਵਾਂ ਤੋਂ ਗੁਰੂ ਕੀ ਬਾਣੀ ਇਕਤ੍ਰਤ ਕੀਤੀ। ਗੋਇੰਦਵਾਲ ਸਾਹਿਬ ਤੋਂ ਵੀ ਬਾਣੀ ਦੀਆਂ ਪੋਥੀਆਂ ਬੜੇ ਅਦਬ ਸਤਿਕਾਰ ਨਾਲ ਪਾਲਕੀ ਸਾਹਿਬ ਵਿੱਚ ਬਿਰਾਜਮਾਨ ਕਰਕੇ ਗੁਰੂ ਅਰਜਨ ਦੇਵ ਸਾਹਿਬ ਜੀ ਨੇ ਸੰਗਤਾਂ ਨਾਲ ਰਲ ਕੇ ਲਿਆਂਦੀਆਂ ਤੇ ਅੰਮ੍ਰਿਤਸਰ ਸਾਹਿਬ ਦੁੱਖ ਭੰਜਨੀ ਬੇਰੀ



ਸਾਹਿਬ ਦੇ ਨੇੜੇ ਅੱਠ ਸੱਠ ਵਾਲੇ ਥਾਂ 'ਤੇ ਸਸ਼ੋਭਿਤ ਕਰਕੇ ਗੁਰਬਾਣੀ ਨੂੰ ਵਾਚਿਆ। ਗੁਰਾਂ ਨੇ ਖੁਸ਼ੀ ਅਤੇ ਵੈਰਾਗ ਵਿੱਚ ਉਚਾਰਨ ਕੀਤਾ ਕਿ ਅਸੀਂ ਬੜੇ ਭਾਗਸ਼ੀਲ ਹਾਂ ਜਿਹਨਾਂ ਕੋਲ ਆਦਿਲੇ ਸਾਹਿਬਾਂ ਦੀ ਗੁਰਬਾਣੀ ਦਾ ਅਮੋਲਕ ਖ਼ਜ਼ਾਨਾ ਹੈ। ਜੋ ਇਸ ਗੁਰਬਾਣੀ ਨਾਲ ਜੁੜੇਗਾ । ਉਹ ਸਹਿਜ ਸੁਭਾਅ ਹੀ ਪ੍ਰਭੂ ਨਾਲ ਜੁੜ ਜਾਵੇਗਾ।

ਗੁਰਬਾਣੀ ਦਾ ਸੰਕਲਨ ਗੁਰੂ ਅਰਜਨ ਦੇਵ ਸਾਹਿਬ ਜੀ ਨੇ ਭਾਈ ਗੁਰਦਾਸ ਜੀ ਪਾਸੋਂ ਲਿਖਵਾਇਆ। ਸੰਪਾਦਨਾ ਰਾਮ ਸਰੋਵਰ ਦੇ ਰਮਣੀਕ ਕੰਢੇ 'ਤੇ ਨਿਭਾਈ ਗਈ। ਗੁਰਬਾਣੀ ਦਾ ਕਾਰਜ 1601-1604 ਈ. ਤਕ ਸੰਪੂਰਨ ਹੋਇਆ। ਸਮੁੱਚੀ ਬਾਣੀ ਨੂੰ 31 ਰਾਗਾਂ ਵਿੱਚ ਤਰਤੀਬ ਦੇ ਕੇ 30 ਅਗਸਤ 1604 ਨੂੰ ਆਦਿ ਗ੍ਰੰਥ ਸੰਪੰਨ ਹੋਇਆ। ਉਪਰੰਤ 1 ਸਤੰਬਰ 1604 ਨੂੰ ਆਦਿ ਗ੍ਰੰਥ ਇੱਕ ਕੀਰਤਨ ਦੇ ਰੂਪ ਵਿੱਚ ਬੜੀ ਸ਼ਾਨ ਨਾਲ ਸੱਚਖੰਡ ਹਰਿਮੰਦਰ ਸਾਹਿਬ ਵਿਖੇ ਪ੍ਰਕਾਸ਼ਮਾਨ ਹੋਏ। ਭਾਈ ਬੁੱਢਾ ਜੀ ਨੂੰ ਪਹਿਲੇ ਗ੍ਰੰਥੀ ਹੋਣ ਦਾ ਸੁਭਾਗ ਪ੍ਰਾਪਤ ਹੋਇਆ। ਗੁਰੂ ਅਰਜਨ ਦੇਵ ਜੀ ਦੇ ਨਾਲ ਸੰਗਤਾਂ ਵੀ ਆਦਿ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਬੈਠੀਆਂ। ਪਹਿਲੇ ਪ੍ਰਕਾਸ਼ ਸਮੇਂ ਹੁਕਮਨਾਮਾ ਪ੍ਰਾਪਤ ਹੋਇਆ " ਸੂਹੀ ਮਹਲਾ ਪੰਜਵਾਂ ਸੰਤਾ ਕੇ ਕਾਰਜ ਆਪਿ ਖਲੋਇਆ ਹਰਿ ਕੰਮ ਕਰਾਵਣ ਆਇਆ ਰਾਮ। "

ਆਦਿ ਗ੍ਰੰਥ ਸਾਹਿਬ ਜੀ ਨੂੰ ਹੋਰ ਵਿਸ਼ਾਲ ਬਣਾਉਣ ਲਈ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਇੱਕਤਰ ਕਰਦਿਆਂ ਤਲਵੰਡੀ ਸਾਬੋ ਵਿਖੇ ਭਾਈ ਮਨੀ ਸਿੰਘ ਜੀ ਦੁਆਰਾ ਦਰਜ਼ ਕਰਵਾ ਕੇ 1705 ਵਿੱਚ ਸੰਪੂਰਨਤਾ ਬਖਸ਼ੀ। ਅਕਤੂਬਰ 20, 1708 ਈ. ਵਿੱਚ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਜੋਤੀ ਜੋਤਿ ਸਮਾਉਣ ਤੋਂ ਇੱਕ ਦਿਨ ਪਹਿਲਾਂ ਨੰਦੇੜ ਸਾਹਿਬ ਵਿਖੇ ਗੁਰਤਾ ਗੱਦੀ ਆਦਿ ਗ੍ਰੰਥ ਸਾਹਿਬ ਜੀ ਨੂੰ ਸੌਂਪ ਦਿੱਤੀ ਤੇ ਨਾਮ 'ਗੁਰੂ ਗ੍ਰੰਥ ਸਾਹਿਬ ' ਹੋ ਗਿਆ। ਗੁਰੂ ਸੰਸਥਾ ਦੇ ਸਰੂਪ ਨੂੰ ਸੰਪੂਰਨ ਕੀਤਾ। ਗੁਰਾਂ ਨੇ ਉਪਦੇਸ਼ ਦਿੱਤਾ ਕਿ

ਆਗਿਆ ਭਈ ਅਕਾਲ ਦੀ ਤਬੈ ਚਲਾਯੋ ਪੰਥ॥
ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ॥

ਉਹਨਾਂ ਸਾਰੇ ਸਿੱਖ ਪੰਥ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਸਿੱਖਿਆ 'ਤੇ ਚੱਲਣ ਦਾ ਆਦੇਸ਼ ਦਿੱਤਾ। ਉਹਨਾਂ ਦੇ ਹੁਕਮ ਅਨੁਸਾਰ ' ਗੁਰੂ ਗ੍ਰੰਥ ਸਾਹਿਬ' ਜੀ ਹੀ ਹਰ ਸਿੱਖ ਦੇ ਗੁਰੂ ਹਨ। ਰੋਜ਼ਾਨਾ ਅਰਦਾਸ ਵਿੱਚ ਵੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਆਦੇਸ਼ ਦੁਹਰਾਇਆ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਜੀ ਸਿੱਖੀ ਦਾ ਧੁਰਾ ਹੈ। ਸਿੱਖ ਪੰਥ ਲਈ ਸ਼ਰਧਾ ਤੇ ਪ੍ਰੇਰਨਾ ਦਾ ਸ੍ਰੋਤ ਹੈ। ਇਸ ਦੀ ਅਗਵਾਈ ਹੇਠ ਹੀ ਸਿੱਖ ਕੌਮ ਦਾ ਗੌਰਵਮਈ ਵਿਰਸਾ ਅਤੇ ਇਤਿਹਾਸ ਹੈ।

ਗੁਰਬਾਣੀ ਜੀਵਨ ਦੇ ਹਰ ਪਹਿਲੂ ਜਿਵੇਂ ਅਧਿਆਤਮਕ, ਸਮਾਜਿਕ , ਰਾਜਸੀ ਅਤੇ ਆਰਥਿਕ ਉੱਨਤੀ ਲਈ ਅਗਵਾਈ ਕਰਦੀ ਹੈ। ਸਿੱਖ ਧਰਮ ਵਿੱਚ ਸ਼ਬਦ ਗੁਰੂ ਨੇ ਸਿੱਖ ਪੰਥ ਦੀ ਹਮੇਸ਼ਾ ਅਗਵਾਈ ਕੀਤੀ ਹੈ। ਧੁਰ ਕੀ ਬਾਣੀ ਜੁਗੋ ਜੁਗ ਅੱਟਲ ਹੈ। ਕੇਵਲ ਬਾਣੀ ਹੀ ਮਿਆਰੀ ਗੁਰੂ ਹੈ। ਗੁਰੂ ਦੇ ਸ਼ਬਦ ਨੂੰ ਵਿਚਾਰੇ, ਇਹੀ ਸਦਾ ਥਿਰ ਰਹਿਣ ਵਾਲਾ ਸੌਦਾ ਹੈ। ਇਹੀ ਸੱਚ ਹੱਟ ਹ। ਜਿਸ ਵਿੱਚ ਰਤਨਾਂ ਦੇ ਭੰਡਾਰ ਭਰੇ ਪਏ ਹਨ। ਜੋ ਦੇਣ ਵਾਲਾ ਹਰੀ ਦੇਵੇ ਤਾਂ ਇਹ ਖ਼ਜ਼ਾਨੇ ਸਤਿਗੁਰੂ ਦੀ ਕ੍ਰਿਪਾ ਨਾਲ ਮਿਲਦੇ ਹਨ।

ਹੇ ਨਾਨਕ ! ਜੋ ਮਨੁੱਖ ਸਦਾ ਉੱਚੇ ਆਤਮਿਕ ਮੰਡਲ ਵਿੱਚ ਵਸਦਾ ਹੈ , ਉਸ ਦੇ ਅੰਦਰ ਆਤਮਿਕ ਭਾਵ ਪੈਦਾ ਹੁੰਦੇ ਹਨ। ਆਤਮਿਕ ਗੁਣਾਂ ਨਾਲ ਉਹ ਡੂੰਘੀ ਸਾਂਝ ਪਾਈ ਰਖਦਾ ਹੈ। ਆਤਮਿਕ ਗੁਣਾਂ ਨਾਲ ਉਸ ਦੀ ਸੁਰਤ ਜੁੜੀ ਰਹਿੰਦੀ ਹੈ। ਉਸ ਦੇ ਮਨ ਨੂੰ ਪਰਮਾਤਮਾ ਦਾ ਨਾਮ ਪਿਆਰਾ ਲੱਗਦਾ ਹੈ। ਉਹ ਸਿਮਰਦਾ ਹੈ, ਪ੍ਰੇਰਦਾ ਹੈ। ਉਹ ਸਦਾ ਜਗਤ ਮੂਲ ਪ੍ਰਭੂ ਦੀ ਸਿਫ਼ਤ ਸਲਾਹ ਕਰਦਾ ਹੈ। ਗੁਰ ਪੀਰ ਦੇ ਸ਼ਬਦ ਨੂੰ ਹਿਰਦੇ ਵਿੱਚ ਟਿਕਾ ਕੇ ਉਹ ਡੂੰਘੇ ਜਿਗਰੇ ਵਾਲਾ ਬਣ ਜਾਂਦਾ ਹੈ ਪਰ ਗੁਰ ਸ਼ਬਦ ਤੋਂ ਖੁੰਝ ਕੇ ਜਗਤ ਮਾਇਆ ਦੇ ਮੋਹ ਵਿੱਚ ਕਮਲਾ ਹੋਇਆ ਫਿਰਦਾ ਹੈ। ਉਹ ਪੂਰਨ ਤਿਆਗੀ ਮਨੁੱਖ ਅਡੋਲ ਆਤਮਿਕ ਅਵਸਥਾ ਵਿੱਚ ਟਿੱਕ ਕੇ ਚੰਗੇ ਭਾਗਾਂ ਵਾਲਾ ਬਣ ਜਾਂਦਾ ਹੈ। ਉਸ ਦਾ ਮਨ ਸਦਾ ਥਿਰ ਰਹਿਣ ਵਾਲੇ ਪ੍ਰਭੂ ਦੀ ਯਾਦ ਨੂੰ ਹੀ ਆਪਣਾ ਜੀਵਨ ਨਿਸ਼ਾਨਾ ਮੰਨਦਾ ਹੈ।

ਵਾਹੁ ਵਾਹ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨਾ ਕੋਇ॥

ਗੁਰੂ ਗ੍ਰੰਥ ਸਾਹਿਬ ਜੀ ਸ਼ਬਦ ਰੂਪੀ ਸੰਦੀਵੀ ਗੁਰੂ ਹਨ। ਅਜਿਹਾ ਗ੍ਰੰਥ ਜਿਸ ਨੂੰ ਗੁਰੂ ਦੀ ਉਪਾਧੀ ਨਾਲ ਸਨਮਾਨਿਆ ਗਿਆ ਹੈ, ਜਿਸ ਦੀ ਸਿੱਖਿਆ ਭਾਵਨਾ , ਚਿੰਤਨ, ਦ੍ਰਿਸ਼ਟੀਕੋਣ ਜਨ ਕਲਿਆਣ ਵਾਸਤੇ ਹੈ। ਗੁਰੂ ਗ੍ਰੰਥ ਸਾਹਿਬ ਜੀ ਦੀ ਧਾਰਮਿਕ ਦੁਨੀਆਂ ਵਿੱਚ ਵੱਖਰੀ ਦਿੱਖ ਹੈ। ਧੁਰ ਕੀ ਬਾਣੀ ਬ੍ਰਹਮ ਵਿਚਾਰ ਹੈ, ਗੁਰਬਾਣੀ ਵਿੱਚ ਦਰਜ਼ ਬ੍ਰਹਮ ਉਪਦੇਸ਼ ਸਭਨਾਂ ਲਈ ਸਾ ਹੈ। ਜੋ ਵੀ ਇਸ ਉਪਦੇਸ਼ ਨੂੰ ਸੁਣ ਕੇ ਕਮਾਵੇਗਾ, ਉਸ ਦਾ ਨਿਸਚੈ ਹੀ ਪਾਰ ਉਤਾਰਾ ਹੋ ਜਾਵੇਗਾ। ਗੁਰਬਾਣੀ ਜਗਿਆਸੂ ਦਾ ਸੰਪਰਕ ਪਰਮਾਤਮਾ ਨਾਲ ਜੋੜ ਦਿੰਦੀ ਹੈ। ਸਿੱਖ ਗੁਰੂਆਂ ਨੇ ਦੇਹਧਾਰੀ ਗੁਰੂਆਂ ਤੋਂ ਹਟਾ ਕੇ ਸ਼ਬਦ ਗੁਰੂ ਦੇ ਲੜ ਲਾਇਆ ਹੈ। ਗੁਰਬਾਣੀ ਦੇ ਉਪਦੇਸ਼ ਤੋਂ ਨਿਰੰਕਾਰ ਨਾਲ ਜੁੜਨ ਦੀ ਸੋਝੀ ਆਉਂਦੀ ਹੈ। ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਅਤੇ ਸੁੱਖ ਆਸਣ ਬੜੀ ਸ਼ਰਧਾ ਭਾਵਨਾ ਨਾਲ ਗੁਰਦੁਆਰਾ ਸਾਹਿਬ ਵਿਖੇ ਹੁੰਦਾ ਹੈ। ਇਹ ਸਿੱਖ ਧਰਮ ਦੀ ਸ਼ਰਧਾ ਅਤੇ ਸ਼ਕਤੀ ਦਾ ਕੇਂਦਰੀ ਧੁਰਾ ਹੈ। ਸ਼ਬਦ ਗੁਰੂ ਦਾ ਸਤਿਕਾਰ ਪਰਮਾਤਮਾ ਦਾ ਸਤਿਕਾਰ ਹੈ ਜੋ ਸ਼ਬਦ ਗੁਰਪੀਰਾ ਹੈ। ਜੋ ਗੁਰੂ ਮੰਨਿਆ ਜਾਂਦਾ ਹੈ। ਕਿਸੇ ਦੇਹਧਾਰੀ ਜਾਂ ਮੂਰਤੀ ਨੂੰ ਨਹੀਂ ਮੰਨਿਆ ਜਾਂਦਾ ਹੈ।

ਗੁਰੂ ਅਰਜਨ ਦੇਵ ਜੀ ਨੇ ਰੱਬੀ ਬਾਣੀ ਦਾ ਸੰਪਾਦਨ ਕੀਤਾ ਤਾਂ ਆਪ ਜੀ ਨੇ ਭਗਤੀ ਦੇ ਜੋਗ ਨੂੰ ਜਿੱਤ ਲਿਆ ਹੈ। ਭਾਵ ਆਪਣੇ ਭਗਤੀ ਦਾ ਮਿਲਾਪ ਪਾ ਲਿਆ ਹੈ। ਹਰੀ ਨੇ ਆਪ ਨੂੰ ਜਨਕ ਪੈਦਾ ਕੀਤਾ ਹੈ। ਆਪਨੇ ਗੁਰੂ ਸ਼ਬਦ ਨੂੰ ਪ੍ਰਗਟ ਕੀਤਾ ਹੈ ਤੇ ਹਰੀ ਨੂੰ ਆਪ ਨੇ ਜੀਭ ਉੱਤੇ ਵਸਾਇਆ ਹੈ।

ਬਾਬਾ ਦੀਪ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਦੇ ਉਤਾਰੇ ਸੰਗਤਾਂ ਵਿੱਚ ਵੰਡੇ ਸਨ। ਹੁਣ ਇਹ 1430 ਅੰਗ ਵਾਲੀ ਬੀੜ ਦੀ ਛਪਾਈ ਦੀ ਮਾਨਤਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟਟੀ ਅੰਮ੍ਰਿਤਸਰ ਕੋਲ ਰਾਖਵੀਂ ਹੈ।

ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸ਼ਰਧਾ ਕਰਕੇ ਹੀ ਮਹਾਰਾਜਾ ਰਣਜੀਤ ਸਿੰਘ ਜੀ ਨੇ ਸੁਤੰਤਰ ਖਾਲਸਾ ਸਾਮਰਾਜ ਦੀ ਨੀਂਹ ਰੱਖੀ। ਸਭਨਾਂ ਦਾ ਸਾਂਝਾ ਸਿੱਖ ਰਾਜ ਸਥਾਪਿਤ ਕੀਤਾ। ਮਹਾਰਾਜਾ ਦਾ ਜੀਵਨ ਗੁਰੂ ਗਰੰਥ ਸਾਹਿਬ ਜੀ ਦੀ ਸਿੱਖਿਆ 'ਤੇ ਹੀ ਕੇਂਦਰਿਤ ਰਿਹਾ। ਮਹਾਰਾਜਾ ਪੰਥ ਦੇ ਸਮਾਗਮਾਂ ਵੇਲੇ ਹਰਿਮੰਦਰ ਸਾਹਿਬ ਜਾ ਕੇ ਮੱਥਾ ਟੇਕਦੇ ਅਤੇ ਸ਼ਰਧਾ ਦੇ ਫੁੱਲ ਭੇਂਟ ਕਰਦੇ।

ਸਿੱਖਾਂ ਵਾਸਤੇ ਸ਼ਰਧਾ ਦਾ ਇਕੋ ਇੱਕ ਸਮੁੱਚਾ ਗ੍ਰੰਥ ਹੈ। ਜਿਸ ਤੋਂ ਮਨੁੱਖਤਾ ਦੇ ਜੀਵਨ ਦੀ ਅਗਵਾਈ ਮਿਲਦੀ ਹੈ। ਸੰਗਤਾਂ ਦੇ ਅਥਾਹ ਵਿਸ਼ਵਾਸ ਅਤੇ ਸ਼ਰਧਾ ਨਾਲ ਆਸਾਂ ਪੂਰੀਆਂ ਹੁੰਦੀਆਂ ਹਨ। ਰੱਬ ਦੇ ਭਾਣੇ ਵਿੱਚ ਰਹਿ ਕੇ ਚੜ੍ਹਦੀ ਕਲਾ ਦਾ ਵਿਸ਼ਵਾਸ ਮਿਲਦਾ ਹੈ। ਜੀਵਨ ਵਿੱਚ ਉਤਸ਼ਾਹ ਅਤੇ ਖੇੜਾ ਆਉਂਦਾ ਹੈ।



# ਪੰਜਾਬ ਦੇ ਕਿਸਾਨੋ ਜ਼ਮੀਨਾਂ ਨਾ ਵੇਚੋ, ਬਾਰਡਰ ਜਲਦੀ ਖੁੱਲ੍ਹਣਗੇ

**ਰਜਿੰਦਰ ਸਿੰਘ ਪੁਰੇਵਾਲ**

ਬੀਤੇ ਦਿਨੀਂ ਪਾਕਿਸਤਾਨ ਦੇ ਨਵੇਂ ਨਿਯੁਕਤ ਕਾਰਜਕਾਰੀ ਵਿਦੇਸ਼ ਮੰਤਰੀ ਜਲੀਲ ਅੱਬਾਸ ਜਿਲਾਨੀ ਨੇ ਭਾਰਤ ਅਤੇ ਹੋਰ ਦੇਸ਼ਾਂ ਨੂੰ ਲੈ ਕੇ ਐਲਾਨ ਕੀਤਾ ਹੈ ਕਿ ਉਹ ਅਮਰੀਕਾ ਅਤੇ ਚੀਨ ਸਮੇਤ ਸਾਰੀਆਂ ਵੱਡੀਆਂ ਸ਼ਕਤੀਆਂ ਨਾਲ ਨਜ਼ਦੀਕੀ ਸਬੰਧ ਬਣਾਉਣਗੇ। ਇਸ ਦੇ ਨਾਲ ਹੀ ਅਸੀਂ ਭਾਰਤ ਨਾਲ ਸਬੰਧ ਸੁਧਾਰਾਂਗੇ ਅਤੇ ਖਾੜੀ ਖੇਤਰ ਨਾਲ ਸਹਿਯੋਗ ਵਧਾਵਾਂਗੇ। ਅਖ਼ਬਾਰ ਐਕਸਪ੍ਰੈੱਸ ਟ੍ਰਿਬਿਊਨ ਨੂੰ ਦਿੱਤੇ ਇੰਟਰਵਿਊ ਵਿੱਚ ਉਨ੍ਹਾਂ ਕਿਹਾ ਸੀ ਕਿ ਅਸੀਂ ਇਸ ਦਿਸ਼ਾ ਵਿੱਚ ਪੂਰੀ ਤਰ੍ਹਾਂ ਸਪੱਸ਼ਟ ਹਾਂ ਕਿ ਪਾਕਿਸਤਾਨ ਕਿਸੇ ਵੀ ਧੜੇ ਦੀ ਰਾਜਨੀਤੀ ਦਾ ਹਿੱਸਾ ਨਹੀਂ ਬਣੇਗਾ। ਅਮਰੀਕਾ-ਚੀਨ ਦੀ ਵਧਦੀ ਦੁਸ਼ਮਣੀ ਦੇ ਵਿਚਕਾਰ ਪਾਕਿਸਤਾਨ ਸਾਵਧਾਨੀ ਨਾਲ ਚੱਲ ਰਿਹਾ ਹੈ। ਪਾਕਿਸਤਾਨ ਨੇ ਦੋ ਵਾਰ ਅਮਰੀਕੀ ਰਾਸ਼ਟਰਪਤੀ ਦੇ ਲੋਕਤੰਤਰ ਸੰਮੇਲਨ ਵਿੱਚ ਹਿੱਸਾ ਨਹੀਂ ਲਿਆ। ਇਸ ਕਦਮ ਨੂੰ ਹਰ ਸਮੇਂ ਦੇ ਸਹਿਯੋਗੀ ਚੀਨ ਨੂੰ ਨਾਰਾਜ਼ ਨਾ ਕਰਨ ਦੀ ਸਪੱਸ਼ਟ ਕੋਸ਼ਿਸ਼ ਵਜੋਂ ਦੇਖਿਆ ਗਿਆ ਸੀ। ਇਸ ਦੇ ਨਾਲ ਹੀ ਪਾਕਿਸਤਾਨ ਅਮਰੀਕਾ ਨਾਲ ਕਰੀਬੀ ਸੰਬੰਧਾਂ ’ਤੇ ਵੀ ਜ਼ੋਰ ਦਿੰਦਾ ਹੈ। ਮੰਨਿਆ ਜਾਂਦਾ ਹੈ ਕਿ ਪਾਕਿਸਤਾਨ ਨੂੰ ਸੰਭਾਵੀ ਡਿਫਾਲਟਰ ਹੋਣ ਤੋਂ ਬਚਾਉਣ ਲਈ ਅੰਤਰਰਾਸ਼ਟਰੀ ਮੁਦਰਾ ਫੰਡ (ਆਈਐਮਐਫ) ਨਾਲ ਇੱਕ ਵਾਧੂ ਸਮਝੌਤੇ ’ਤੇ ਹਸਤਾਖਰ ਕਰਨ ਵਿੱਚ ਅਮਰੀਕਾ ਨੇ ਮੁੱਖ ਭੂਮਿਕਾ ਨਿਭਾਈ ਹੈ।

ਅਮਰੀਕਾ ਦੇ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਨੇ ਹੁਣੇ ਜਿਹੇ ਪਾਕਿਸਤਾਨ ਦੀ ਆਰਥਿਕ ਖੁਸ਼ਹਾਲੀ ਲਈ ਮਿਲ ਕੇ ਕੰਮ ਕਰਨ ਕਰਨ ਦਾ ਭਰੋਸਾ ਦਿਵਾਇਆ ਸੀ। ਇਸ ਸਾਲ ਚੋਣਾਂ ਨਾ ਹੋਣ ਦੇ ਮੱਦੇ-ਨਜ਼ਰ ਜਿਲਾਨੀ ਨੂੰ ਵਿਦੇਸ਼ ਨੀਤੀ ਦੀਆਂ ਕਈ ਗੰਭੀਰ ਚੁਣੌਤੀਆਂ ਨਾਲ ਨਜਿੱਠਣਾ ਪੈ ਸਕਦਾ ਹੈ।

ਯਾਦ ਰਹੇ ਕਿ 2016 ਵਿੱਚ ਪਠਾਨਕੋਟ ਵਿੱਚ ਭਾਰਤੀ ਹਵਾਈ ਸੈਨਾ ਦੇ ਅੱਡੇ ਅਤੇ ਫਿਰ 2019 ਵਿੱਚ ਪੁਲਵਾਮਾ ਵਿੱਚ ਹੋਏ ਅਤਿਵਾਦੀ ਹਮਲੇ ਤੋਂ ਬਾਅਦ ਤੋਂ ਹੀ ਭਾਰਤ ਅਤੇ ਪਾਕਿਸਤਾਨ ਦਰਮਿਆਨ ਸਬੰਧ ਤਨਾਉਪੂਰਨ ਬਣੇ ਹੋਏ ਹਨ। ਇਸ ਤੋਂ ਬਾਅਦ 5 ਅਗਸਤ 2019 ਨੂੰ ਜਦੋਂ ਭਾਰਤ ਨੇ ਜੰਮੂ-ਕਸ਼ਮੀਰ ਦਾ ਵਿਸ਼ੇਸ਼ ਦਰਜਾ ਖਤਮ ਕਰ ਦਿੱਤਾ ਤਾਂ ਰਿਸ਼ਤੇ ਹੋਰ ਵਿਗੜ ਗਏ ਸਨ। ਹੁਣ ਮਸਲਾ ਕਸ਼ਮੀਰ ਦੇ ਵਿਸ਼ੇਸ਼ ਦਰਜ਼ੇ ਉਪਰ ਅੜਿਆ ਹੋਇਆ ਹੈ। ਅਮਰੀਕਾ ਇਸ ਮੁੱਦੇ ਨੂੰ ਹੱਲ ਕਰਾ ਕੇ ਦੋਹਾਂ ਦੇ ਬਾਰਡਰ ਖੁਲ੍ਹਵਾਉਣਾ ਚਾਹੁੰਦਾ ਹੈ। ਵਿਸ਼ਵ ਅੰਨ ਸੰਕਟ ਦੀ ਸੰਭਾਵਨਾ ਕਾਰਣ ਦੋਹਾਂ ਦੇਸਾਂ ਨੂੰ ਲਾਜ਼ਮੀ ਬਾਰਡਰ ਖੋਲ੍ਹਣੇ ਪੈਣਗੇ। ਪਾਕਿਸਤਾਨੀ ਅਖ਼ਬਾਰ ਐਕਸਪ੍ਰੈੱਸ ਟ੍ਰਿਬਿਊਨ ਦੇ ਸੀਨੀਅਰ ਪੱਤਰਕਾਰ ਕਾਮਰਾਨ ਯੂਸਫ਼ ਦਾ ਕਹਿਣਾ ਸੀ ਕਿ ਪਾਕਿਸਤਾਨ ਨੇ ਅਜਿਹੇ ਸੰਕੇਤ ਦਿੱਤੇ ਹਨ ਕਿ ਉਹ ਭਾਰਤ ਪ੍ਰਤੀ ਆਪਣੀ 76 ਸਾਲ ਪੁਰਾਣੀ ਅੜੀਅਲ ਨੀਤੀ ਛੱਡ ਸਕਦਾ ਹੈ। ਉਨ੍ਹਾਂ ਕਿਹਾ ਕਿ ਅਰਬ ਦੇਸ਼ ਪਾਕਿਸਤਾਨ ਨੂੰ ਅਜਿਹਾ ਕਰਨ ਲਈ ਮਜਬੂਰ ਕਰ ਸਕਦੇ ਹਨ, ਜੋ ਹੁਣ ਪਾਕਿਸਤਾਨ ਦੇ ਅੰਦਰ ਅਰਬਾਂ ਡਾਲਰ ਨਿਵੇਸ਼ ਕਰਨ ਦੀ ਤਿਆਰੀ ਕਰ ਰਹੇ ਹਨ। ਕਾਮਰਾਨ ਨੇ ਕਿਹਾ ਕਿ ਸਾਊਦੀ ਅਰਬ ਅਤੇ ਸੰਯੁਕਤ ਅਰਬ ਅਮੀਰਾਤ ਦੋਵਾਂ ਨਾਲ ਭਾਰਤ ਦੀ ਦੋਸਤੀ ਹਾਲ ਹੀ ਦੇ ਸਾਲਾਂ ਵਿੱਚ ਮਜ਼ਬੂਤ ਹੋਈ ਹੈ। ਪਹਿਲਾਂ ਇਹ ਦੋਵੇਂ ਦੇਸ਼ ਭਾਰਤ ਦੇ ਖ਼ਿਲਾਫ਼ ਹਰ ਫਰੰਟ ’ਤੇ ਪਾਕਿਸਤਾਨ ਦੀ ਮਦਦ ਕਰਦੇ ਸਨ ਪਰ ਹੁਣ ਸਥਿਤੀ ਬਦਲ ਗਈ ਹੈ।



ਯੂਏਈ ਅਤੇ ਸਾਊਦੀ ਅਰਬ ਚਾਹੁੰਦੇ ਹਨ ਕਿ ਪਾਕਿਸਤਾਨ ਅਤੇ ਭਾਰਤ ਦੇ ਰਿਸ਼ਤੇ ਆਮ ਵਾਂਗ ਰਹਿਣ। ਪਾਕਿਸਤਾਨ ਦੇ ਮੌਜੂਦਾ ਆਰਮੀ ਚੀਫ਼ ਜਨਰਲ ਮੁਨੀਰ ਨੇ ਵੀ ਅਜਿਹਾ ਕੋਈ ਕਦਮ ਨਹੀਂ ਚੁੱਕਿਆ ਹੈ, ਜਿਸ ਨਾਲ ਭਾਰਤ ਨਾਲ ਸਬੰਧ ਵਿਗੜਨ । ਪਾਕਿਸਤਾਨ ਦੀ ਕ੍ਰਿਕਟ ਟੀਮ ਵੀ ਆ ਰਹੀ ਹੈ, ਜਿਸ ਨੂੰ ਫੌਜ ਨੇ ਮਨਜ਼ੂਰੀ ਦੇ ਦਿੱਤੀ ਹੈ।

ਇਸ ਸਥਿਤੀ ਨੂੰ ਦੇਖਦਿਆਂ ਪੰਜਾਬ ਦੇ ਕਿਸਾਨਾਂ ਨੂੰ ਆਪਣੀਆਂ ਜ਼ਮੀਨਾਂ ਨਹੀਂ ਵੇਚਣੀਆਂ ਚਾਹੀਦੀਆਂ। ਖੇਤੀ ਵਸਤਾਂ ਤੇ ਖੇਤੀ ਇੰਡਸਟਰੀ ਉਸਰਨ ਤੇ ਬਾਰਡਰ ਖੁੱਲ੍ਹਣ ਤੋਂ ਬਾਅਦ ਪੰਜਾਬ ਦੀ ਖੇਤੀ ਆਰਥਿਕਤਾ ਮਜ਼ਬੂਤ ਹੋਵੇਗੀ। ਜ਼ਮੀਨਾਂ ਦੇ ਮੁੱਲ ਵਧ ਜਾਣਗੇ। ਸੋ ਪੰਜਾਬ ਦੇ ਕਿਸਾਨਾਂ ਨੂੰ ਵਿਦੇਸ਼ਾਂ ਵਲ ਜਾਣ ਦੀ ਥਾਂ ਪੰਜਾਬ ਸੰਭਾਲਣ ਦੀ ਲੋੜ ਹੈ। ਸੰਗਤੀ ਖੇਤੀ ਤੇ ਇੰਡਸਟਰੀ ਬਿਨਾਂ ਪੰਜਾਬ ਦੇ ਕਿਸਾਨਾਂ ਕੋਲ ਚਾਰਾ ਨਹੀਂ। ਪੰਜਾਬ ਸਰਕਾਰ ਤੇ ਸ਼੍ਰੋਮਣੀ ਕਮੇਟੀ ਜਥੇਦਾਰ ਅਕਾਲ ਤਖਤ ਸਾਹਿਬ ਨੂੰ ਇਸ ਬਾਰੇ ਮੋਰਚਾ ਸੰਭਾਲਣ ਦੀ ਲੋੜ ਹੈ। ਪੰਜਾਬ ਤੇ ਹਰਿਆਣਾ ਕਾਰਨ ਭਾਰਤ ਵਿਸ਼ਵ ਆਰਥਿਕ ਮਾਡਲ ਬਣੇਗਾ। ਤੇਜੀ ਨਾਲ ਪੰਜਾਬ ਵਿੱਚ ਬਣ ਰਹੇ ਹਾਈ ਵੇ ਇਸ ਵਿਚਾਰ ਦਾ ਆਧਾਰ ਹਨ। ਆਓ ਸਤਿਗੁਰੂ ਨਾਨਕ ਸਾਹਿਬ ਅੱਗੇ ਅਰਦਾਸ ਕਰੋ ਪੰਜਾਬ ਵਿੱਚ ਕਰਤਾਰਪੁਰੀ ਵਿਰਾਸਤ ਫੈਲੇ। ਪੰਜਾਬ ਸਦਾ ਖੁਸ਼ੀ ਵਸਦਾ ਰਹੇ। ਪੰਜਾਬ ਦੇ ਲੋਕ ਚੜ੍ਹਦੀਕਲਾ ਵਿੱਚ ਰਹਿਣ।

ਅਸੀਂ ਦੋਵਾਂ ਦੇਸ਼ਾਂ ਦੀਆਂ ਸਰਕਾਰਾਂ ਨੂੰ ਅਪੀਲ ਕਰਦੇ ਹਾਂ ਕਿ ਉਹ ਦੋਵਾਂ ਦੇਸ਼ਾਂ ਦੇ ਲੋਕਾਂ ਵਿਚਕਾਰ ਪਿਆਰ ਤੇ ਸਦਭਾਵਨਾ ਨੂੰ ਹੋਰ ਅੱਗੇ ਵਧਾਉਣ ਅਤੇ ਇਸ ਮਾਧਿਅਮ ਰਾਹੀਂ ਦੋਵਾਂ ਦੇਸ਼ਾਂ ਦੇ ਸੰਬੰਧਾਂ ਨੂੰ ਬਿਹਤਰ ਬਣਾਉਣ ਲਈ ਕਰਤਾਰਪੁਰ ਦੇ ਲਾਂਘੇ ਰਾਹੀਂ ਯਾਤਰੂਆਂ ਦੀ ਗਿਣਤੀ ਵਧਾਉਣ ਲਈ ਯਾਤਰਾ ਦੇ ਨਿਯਮਾਂ ਨੂੰ ਹੋਰ ਵਧੇਰੇ ਸਰਲ ਬਣਾਉਣ। ਇਸ ਦਾ ਬਹੁਤ ਚੰਗਾ ਤੇ ਹਾਂ ਪੱਖੀ ਪ੍ਰਭਾਵ ਇਸ ਖ਼ਿੱਤੇ ਵਿਚ ਪਵੇਗਾ। ਜੇਕਰ ਭਾਰਤ ਸਰਕਾਰ ਪਾਕਿਸਤਾਨ ਦੇ ਗੁਰੂ ਨਾਨਕ ਨਾਮ ਲੇਵਾ ਲੋਕਾਂ ਨੂੰ ਇਸ ਲਾਂਘੇ ਰਾਹੀਂ ਡੇਰਾ ਬਾਬਾ ਨਾਨਕ ਤਕ ਆਉਣ ਦੇਵੇ ਤਾਂ ਇਹ ਲਾਂਘਾ ਦੋ ਪੱਖੀ ਹੋ ਜਾਏਗਾ ਤੇ ਇਸ ਨਾਲ ਸ਼ਰਧਾਲੂਆਂ ਦੀ ਯਾਤਰਾ ਨੂੰ ਹੋਰ ਵੀ ਵਧੇਰੇ ਹੁੰਗਾਰਾ ਮਿਲ ਸਕਦਾ ਹੈ। ਇਸ ਨਾਲ ਕਰਤਾਰਪੁਰ ਤੇ ਡੇਰਾ ਬਾਬਾ ਨਾਨਕ ਦਰਮਿਆਨ ਵਪਾਰਕ ਸਰਗਰਮੀਆਂ ਵੀ ਵਧ ਸਕਦੀਆਂ ਹਨ। ਸ਼ਰਧਾਲੂ ਆਪਣੀ ਪਸੰਦ ਦੀਆਂ ਚੀਜ਼ਾਂ-ਵਸਤਾਂ ਵੀ ਕਰਤਾਰਪੁਰ ਤੇ ਡੇਰਾ ਬਾਬਾ ਨਾਨਕ ਤੋਂ ਖਰੀਦ ਸਕਦੇ ਹਨ। ਭਾਰਤ ਤੇ ਪੰਜਾਬ ਸਰਕਾਰ ਖੇਤੀਬਾੜੀ ਦੇ ਮੁੜ ਨਿਰਮਾਣ ਲਈ ਅਗਲੇ ਪੰਜ ਸਾਲ ਦੇਵੇ। ਆਰਥਿਕ ਸੁਧਾਰਾਂ ਦੇ ਸਮੇਂ ਤੋਂ ਹੀ ਸਨਅਤ ਨੂੰ ਦਿੱਤੇ ਜਾਂਦੇ ਲਾਭਾਂ ਦੀ ਤਰਜ਼ ’ਤੇ ਖੇਤੀਬਾੜੀ ਨੂੰ ਓਨੇ ਸਾਧਨ, ਪ੍ਰੇਰਕ ਅਤੇ ਰਾਹਤ ਪੈਕੇਜ ਦਿੱਤੇ ਜਾਣ। ਸਾਡੀ ਤਵੱਕੋ ਸਿਰਫ਼ ਇੰਨੀ ਹੈ ਕਿ ਸਿਹਤਮੰਦ, ਦੌਲਤਮੰਦ ਅਤੇ ਮੁੜ ਪੈਦਾਵਾਰ ਦੇ ਸੁਧਾਰਾਂ ਦੇ ਨਵੇਂ ਦੌਰ ਵਿੱਚ ਵਧਣ ਫੁੱਲਣ ਲਈ ਛੋਟੀ ਕਿਸਾਨੀ ਅਤੇ ਵਾਤਾਵਰਨ ਦੇ ਲਿਹਾਜ਼ ਤੋਂ ਹੰਢਣਸਾਰ ਖੇਤੀਬਾੜੀ ਨੂੰ ਨਵੇਂ ਸਿਰਿਓਂ ਖੜ੍ਹਾ ਕੀਤਾ ਜਾਵੇ।



# TRANS-ALLIANCE

TOGETHER WE SAVE

## FUEL DISCOUNTS

UPTO 80 CENTS PER GALLON DISCOUNT
MAJOR NETWORK OF TRUCK STOPS

## FUEL CARDS

NO CREDIT - NO PROBLEM
BEST CUSTOMER SERVICE




## FLEET ONE FACTORING

WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

## YOU BREAK DOWN

WE SHOW UP
24-HOUR ROADSIDE ASSISTANCE

## TRUCK REPAIR & TIRE DISCOUNTS

GET NATIONAL ACCOUNT
NEARLY 3,000 HIGHLY SKILLED TECHNICIANS COAST TO COAST

## FUEL MANAGEMENT

DAILY FUEL RATES IN PHONE APP

CALL FOR MORE INFO

(855)641-6955, (888)795-7035




# ਇੱਕ ਵੀਰ ਦੇਈਂ ਵੇ ਰੱਬਾ...







**ਅਵਤਾਰ ਕੈਂਥ**

ਰੱਖੜੀ ਦਾ ਪਵਿੱਤਰ ਤਿਉਹਾਰ ਭੈਣ ਭਰਾ ਦੇ ਆਪਸੀ ਪਿਆਰ ਦਾ ਪ੍ਰਤੀਕ ਹੈ। ਭਾਰਤ ਵਿੱਚ ਪੁਰਾਤਨ ਸਮੇਂ ਤੋਂ ਹੀ ਰੱਖੜੀ ਦਾ ਤਿਉਹਾਰ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ।

ਰੱਖੜੀ ਦੇ ਤਿਉਹਾਰ 'ਤੇ ਭੈਣ ਆਪਣੇ ਮਿਠਾਸ ਭਰੇ ਪਿਆਰ ਨਾਲ ਆਪਣੇ ਵੀਰ ਦੀ ਲੰਬੀ ਉਮਰ ਤੇ ਖ਼ੁਸ਼ੀਆਂ ਭਰੇ ਜੀਵਨ ਦੀ ਕਾਮਨਾ ਕਰਦੀ ਹੈ। ਦੇਸ਼ ਦੇ ਕਈ ਸੂਬੇ ਹੋਣ ਕਾਰਨ ਇਸ ਨੂੰ ਵੱਖ-ਵੱਖ ਗੀਤਾਂ-ਰਵਾਜ਼ਾਂ ਨਾਲ ਮਨਾਇਆ ਜਾਂਦਾ ਹੈ। ਜਿਵੇਂ ਉੱਤਰ ਭਾਰਤ ਵਿੱਚ 'ਕਜਰੀ-ਪੁੰਨਿਆ', ਪੱਛਮੀ ਭਾਰਤ ਵਿੱਚ 'ਨਾਰੀਅਲ-ਪੁੰਨਿਆ' ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਇਸ ਤਿਉਹਾਰ ਦੇ ਨਾਲ ਕਈ ਪੁਰਾਤਨ ਕਿੱਸੇ ਕਹਾਣੀਆਂ ਜੁੜੀਆਂ ਹੋਈਆਂ ਹਨ। ਜਿਵੇਂ ਕਿ ਸ੍ਰੀ ਕ੍ਰਿਸ਼ਨ ਦੀ ਉਂਗਲੀ ਵਿੱਚੋਂ ਖ਼ੂਨ ਵਹਿਣ 'ਤੇ ਪਾਂਡਵਾਂ ਦੀ ਪਤਨੀ ਦਰੋਪਤੀ ਨੇ ਆਪਣੀ ਸਾੜ੍ਹੀ ਦਾ ਪੱਲਾ ਪਾੜ ਕੇ ਉਨ੍ਹਾਂ ਦੀ ਉਂਗਲੀ 'ਤੇ ਬੰਨ੍ਹਿਆ ਅਤੇ ਉਨ੍ਹਾਂ ਦੀ ਰੱਖਿਆ ਕਰਨ ਦਾ ਸ੍ਰੀ ਕ੍ਰਿਸ਼ਨ ਨੇ ਸੰਕਲਪ ਲਿਆ ਸੀ। ਜਦੋਂ ਦੁਰਯੋਧਨ ਨੇ ਦਰੋਪਤੀ ਨੂੰ ਭਰੀ ਸਭਾ ਵਿੱਚ ਅਪਮਾਨਿਤ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਸ ਵਕਤ ਸਾੜ੍ਹੀ ਦੇ ਪੱਲੇ ਦਾ ਮੁੱਲ ਤਾਰਨ ਕੀਤਾ, ਭਾਵ ਰੱਖੜੀ ਦੀ ਲਾਜ ਰੱਖੀ। ਰਾਜਾ ਪੋਰਸ ਤੇ ਮਹਾਨ ਸਿਕੰਦਰ ਦੀ ਪਤਨੀ ਨੇ ਪੋਰਸ ਦੀ ਰੱਖਿਆ ਲਈ ਉਸ ਦੀ ਕਲਾਈ 'ਤੇ ਧਾਗਾ ਬੰਨ੍ਹ ਕੇ ਪੋਰਸ ਦੀ ਰੱਖਿਆ ਦਾ ਬਚਨ ਲਿਆ, ਚਿਤੌੜ ਦੀ ਰਾਣੀ ਕਰਮਾਵਤੀ ਨੇ ਬਹਾਦਰ ਸ਼ਾਹ ਤੋਂ ਆਪਣੀ ਤੇ ਦੇਸ਼ ਦੀ ਰੱਖਿਆ ਲਈ ਹੁਮਾਯੂੰ ਨੂੰ ਰੱਖੜੀ ਬੰਨ੍ਹੀ ਸੀ । ਹੋਰ ਵੀ ਕਈ ਪੁਰਾਤਨ ਕਥਾਵਾਂ ਦੇ ਨਾਲ-ਨਾਲ ਭਾਰਤੀ ਇਤਿਹਾਸ ਵਿੱਚ ਵੀ ਰੱਖੜੀ ਦੇ ਅਲੱਗ-ਅਲੱਗ ਸਵਰੂਪਾਂ ਦੀਆਂ ਝਲਕਾਂ ਵੇਖਣ ਨੂੰ ਮਿਲਦੀਆਂ ਹਨ।

ਰੱਖੜੀ ਦਾ ਤਿਉਹਾਰ ਸਾਉਣ, ਭਾਦੋਂ ਦੀ ਪੁੰਨਿਆ ਵਾਲੇ ਦਿਨ ਮਨਾਇਆ ਜਾਂਦਾ ਹੈ। ਜਿਸ ਨੂੰ ਰੱਖੜ ਪੁੰਨਿਆ ਵੀ ਕਿਹਾ ਜਾਂਦਾ ਹੈ। ਇਸ ਦਿਨ ਭੈਣਾਂ ਪੂਜਾ ਦੀ ਥਾਲੀ ਵਿੱਚ ਰੱਖੜੀ ਦੇ ਪਵਿੱਤਰ ਧਾਗਾ, ਰੋਲੀ, ਚਾਵਲ, ਮਿਠਾਈ, ਦੀਪਕ ਸਜਾ ਕੇ ਤਿਆਰ ਕਰਦੀਆਂ ਹਨ। ਭੈਣ ਆਪਣੇ ਭਰਾ ਦੀ ਆਰਤੀ ਉਤਾਰ ਕੇ ਰੱਖੜੀ ਸੋਹਣੇ ਜਿਹੇ ਗੁੱਟ ਤੇ ਸਜਾਉਂਦੀ ਅਤੇ ਭਰਾ ਦਾ ਮੂੰਹ ਮਿੱਠਾ ਕਰਾਉਂਦੀ ਹੈ।

ਜਿਸ ਘਰ ਵੀਰ ਨਹੀਂ,
ਭੈਣਾਂ ਰੋਂਦੀਆਂ ਗੇਟ ਦੇ ਓਹਲੇ।
ਜਾਂ
ਇੱਕ ਵੀਰ ਦੇਈ ਵੇ ਰੱਬਾ,
ਚਿੱਤ ਰੱਖੜੀ ਬੰਨ੍ਹਣ ਨੂੰ ਕਰਦਾ।
ਇੱਕ ਵੀਰ ਦੇਈ ਵੇ ਰੱਬਾ,
ਮੇਰੀ ਸਾਰੀ ਉਮਰ ਦੇ ਮਾਪੇ।

ਇਨਸਾਨੀ ਰਿਸ਼ਤਿਆਂ ਦੇ ਵਿੱਚ ਭੈਣ-ਭਰਾ ਦਾ ਰਿਸ਼ਤਾ ਸਭ ਤੋਂ ਕੋਮਲ ਤੇ ਜਜ਼ਬਾਤੀ ਰਿਸ਼ਤਾ ਹੈ। ਭੈਣ ਨੂੰ ਵੀਰ ਬਿਨ੍ਹਾਂ ਆਪਣਾ ਆਪ ਊਣਾਂ-ਊਣਾਂ ਲੱਗਦਾ ਤੇ ਉਹ ਕਿਸੇ ਖਾਸ ਮੌਕੇ 'ਤੇ ਅੱਖਾਂ ਭਰ ਲੈਂਦੀ ਹੈ। ਰੱਖੜੀ ਦਾ ਤਿਉਹਾਰ ਭੈਣ ਤੇ ਭਰਾ ਦੇ ਸੰਬੰਧਾਂ ਨੂੰ ਹੋਰ ਗੂੜ੍ਹਾ ਕਰਦਾ ਹੈ। ਜਿਥੋਂ ਤੱਕ ਰੱਖੜੀ ਦਾ ਸਬੰਧ ਹੈ ਇਹ ਸੰਜੀਦਾ, ਸਵੈ-ਸੁਰੱਖਿਆ ਦਾ ਅਹਿਸਾਸ ਕਰਾਉਂਦਾ ਹੈ । ਰੱਖੜੀ ਦੇ ਤਿਉਹਾਰ 'ਤੇ ਭੈਣ ਆਪਣੇ ਪਿਆਰ ਦਾ ਪ੍ਰਗਟਾਵਾ ਵੀਰ ਦੀ ਕਲਾਈ ਬਾਂਹ 'ਤੇ ਰੱਖੜੀ ਬੰਨ੍ਹ ਕੇ ਕਰਦੀ ਹੈ ਤੇ ਸੱਤੇ ਖੈਰਾਂ ਮੰਗਦੀ ਹੈ। ਭੈਣ ਨੂੰ ਆਪਣੇ ਵੀਰ ਤੇ ਭਾਬੋ ਦਾ ਚਾਅ ਵੀ ਅੰਤਾਂ ਦਾ ਹੁੰਦਾ ਹੈ ਤੇ ਆਪਣੇ ਵੀਰ ਭਰਜਾਈ ਦੀ ਸਿਫ਼ਤ ਇਉਂ ਕਰਦੀ ਹੈ। ਤੇ ਕਦੇ-ਕਦੇ ਭਾਬੋ ਦਾ ਸੁਭਾਅ ਆਪਣੀ ਨਣਦਾਂ ਪ੍ਰਤੀ ਠੀਕ ਨਹੀਂ ਹੁੰਦਾ ਤੇ ਉਹ ਵਿਚੋਂ ਵਿੱਚ ਕੁੜ੍ਹਦੀ ਹੈ ਤਾਂ ਭੈਣ ਫੇਰ ਝੱਟ ਪਰਖ ਲੈਂਦੀ ਹੈ। ਜਿਨ੍ਹਾਂ ਵੀਰ ਵਿਹੂਣੀਆਂ ਕਰਮਾਂ ਮਾਰੀਆਂ ਦੇ ਕੋਈ ਭਰਾ ਨਹੀਂ ਹੁੰਦਾ ਤਾਂ ਹੋਰ ਨੌਜਵਾਨਾਂ ਨੂੰ ਜੋ ਇੱਜ਼ਤ ਦੀ ਰਾਖੀ ਦੀ ਸ਼ਾਹਦੀ ਭਰਦੇ ਹੋਣ ਧਰਮ ਦਾ ਭਰਾ ਕਹਿ ਕੇ ਰੱਖੜੀ ਬੰਨ੍ਹਦੀਆਂ ਹਨ।

# ਨੌਕਰੀਪੇਸ਼ਾ ਔਰਤਾਂ ਦਫ਼ਤਰ ਅਤੇ ਘਰ ਦੇ ਕੰਮ ਵਿਚਾਲੇ ਰੱਖਣ ਸਹੀ ਤਾਲਮੇਲ





ਨੌਕਰੀਪੇਸ਼ਾ ਔਰਤ ਲਈ ਘਰ ਅਤੇ ਦਫ਼ਤਰ ਨੂੰ ਨਾਲੋ-ਨਾਲ ਸੰਭਾਲਣਾ ਬਹੁਤ ਔਖਾ ਅਤੇ ਚੁਣੌਤੀਪੂਰਨ ਹੁੰਦਾ ਹੈ। ਇਹ ਸਮਾਂ ਉਸ ਸਮੇਂ ਨਾਲੋਂ ਵੱਖਰਾ ਹੈ ਜਦੋਂ ਤੁਸੀਂ ਆਪਣੇ ਵਿਆਹ ਤੋਂ ਪਹਿਲਾਂ ਕਿਸੇ ਵੀ ਖੇਤਰ ਵਿੱਚ ਕੰਮ ਕਰ ਰਹੇ ਹੁੰਦੇ ਹੋ, ਤਾਂ ਤੁਹਾਨੂੰ ਘਰ ਨੂੰ ਅਲੱਗ ਤੋਂ ਸੰਭਾਲਣ ਅਤੇ ਸਮਾਂ ਦੇਣ ਦੀ ਜ਼ਰੂਰਤ ਨਹੀਂ ਹੈ ਕਿਉਂਕਿ ਇਹ ਇੱਕ ਵਿਆਹੁਤਾ ਔਰਤ ਲਈ ਜ਼ਰੂਰੀ ਹੈ। ਵਿਆਹ ਤੋਂ ਬਾਅਦ, ਔਰਤ ਲਈ ਆਪਣੇ ਨਵੇਂ ਘਰ ਦੀਆਂ ਜ਼ਿੰਮੇਵਾਰੀਆਂ ਕਾਰਨ ਵਿਆਹ ਤੋਂ ਪਹਿਲਾਂ ਵਾਂਗ ਖੁੱਲ੍ਹ ਕੇ ਕੰਮ ਕਰਨਾ ਸੰਭਵ ਨਹੀਂ ਹੁੰਦਾ ਅਤੇ ਜੇਕਰ ਤੁਹਾਡੇ ਕੋਲ ਕੋਈ ਬੱਚਾ ਹੈ, ਤਾਂ ਤੁਹਾਨੂੰ ਘਰ ਅਤੇ ਦਫ਼ਤਰ ਨੂੰ ਇਕੱਠੇ ਚਲਾਉਣਾ ਹੋਰ ਵੀ ਮੁਸ਼ਕਲ ਹੋ ਜਾਂਦਾ ਹੈ ਕਿਉਂਕਿ ਦਫ਼ਤਰ ਦੇ ਨਾਲ ਹੀ ਘਰ ਅਤੇ ਬੱਚੇ ਦੀ ਦੇਖਭਾਲ ਕਰਨ ਦੀ ਜ਼ਿੰਮੇਵਾਰੀ ਵੀ ਤੁਹਾਡੀ ਹੈ। ਪਰ ਇਹ ਵੀ ਸੱਚ ਹੈ ਕਿ ਅੱਜ ਦੀ ਔਰਤ ਹਰ ਖੇਤਰ ਅਤੇ ਪਹਿਲੂ ਵਿੱਚ ਮਰਦਾਂ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਚੱਲ ਰਹੀ ਹੈ। ਉਹ ਇੱਕ ਅਜਿਹੀ ਔਰਤ ਹੈ ਜੋ ਪੁਰਾਣੇ ਸਮਾਜ ਦੀ ਰੂੜ੍ਹੀਵਾਦੀ ਸੋਚ ਨੂੰ ਪਿੱਛੇ ਛੱਡ ਕੇ ਅੱਗੇ ਵਧੀ ਹੈ ਜਿੱਥੇ ਇਹ ਮੰਨਿਆ ਜਾਂਦਾ ਸੀ ਕਿ ਇੱਕ ਔਰਤ ਸਿਰਫ਼ ਬੱਚਿਆਂ ਅਤੇ ਚੁੱਲ੍ਹੇ ਦੀ ਦੇਖਭਾਲ ਲਈ ਹੁੰਦੀ ਹੈ। ਉਸ ਨੂੰ ਮਰਦਾਂ ਵਾਂਗ ਪੜ੍ਹਨ, ਲਿਖਣ ਅਤੇ ਨੌਕਰੀ ਕਰਨ ਦਾ ਕੋਈ ਅਧਿਕਾਰ ਨਹੀਂ ਹੈ। ਅੱਜ ਦੀ ਔਰਤ ਆਪਣੇ ਅੰਦਰ ਛੁਪੀ ਸ਼ਕਤੀ ਨੂੰ ਪਛਾਣਦੀ ਹੈ ਅਤੇ ਘਰ ਦੀਆਂ ਜ਼ਿੰਮੇਵਾਰੀਆਂ ਦੇ ਨਾਲ-ਨਾਲ ਨੌਕਰੀ ਕਰਕੇ ਆਪਣਾ ਕੈਰੀਅਰ ਕਿਵੇਂ ਸੰਭਾਲਣਾ ਜਾਣਦੀ ਹੈ। ਅੱਜ ਦੀ ਔਰਤ ਚੰਗੀ ਤਰ੍ਹਾਂ ਜਾਣਦੀ ਹੈ ਕਿ ਘਰ ਅਤੇ ਦਫ਼ਤਰ ਵਿੱਚ ਆਪਣੇ ਕੰਮ ਵਿੱਚ ਸੰਤੁਲਨ ਕਿਵੇਂ ਬਣਾਈ ਰੱਖਣਾ ਹੈ। ਜੇਕਰ ਤੁਸੀਂ ਵੀ ਇੱਕ ਵਰਕਿੰਗ ਵੂਮੈਨ ਹੋ, ਤਾਂ ਕੰਮਕਾਜੀ ਔਰਤਾਂ ਘਰ ਅਤੇ ਦਫ਼ਤਰ ਦਾ ਪ੍ਰਬੰਧਨ ਕਿਵੇਂ ਕਰਦੀਆਂ ਹਨ, ਇਸ ਬਾਰੇ ਸਾਡੇ ਸੁਝਾਅ ਤੁਹਾਡੇ ਲਈ ਬਹੁਤ ਫਾਇਦੇਮੰਦ ਹੋਣਗੇ। ਆਓ ਇਸ ਨਾਲ ਸਬੰਧਿਤ ਹਰ ਚੀਜ਼ ਨੂੰ ਵਿਸਥਾਰ ਵਿੱਚ ਵੇਖੀਏ: -

**1. ਆਪਣੇ ਲਈ ਸਮਾਂ ਕੱਢੋ**

ਕਈ ਵਾਰ ਕੰਮਕਾਜੀ ਔਰਤਾਂ ਦਫ਼ਤਰ ਅਤੇ ਘਰ ਦੇ ਮਾਮਲੇ ਵਿੱਚ ਆਪਣੇ ਆਪ ਨੂੰ ਲਗਭਗ ਭੁੱਲ ਜਾਂਦੀਆਂ ਹਨ। ਜੇਕਰ ਸਰਲ ਭਾਸ਼ਾ ਵਿੱਚ ਕਿਹਾ ਜਾਵੇ ਤਾਂ ਇਹ ਆਪਣੇ ਲਈ ਸਮਾਂ ਕੱਢਣ ਦੇ ਸਮਰੱਥ ਹੈ, ਜੋ ਕਿ ਬਹੁਤ ਗਲਤ ਗੱਲ ਹੈ। ਅਜਿਹਾ ਕਰਨ ਨਾਲ ਤੁਸੀਂ ਮਾਨਸਿਕ ਤੌਰ 'ਤੇ ਤਣਾਅਗ੍ਰਸਤ ਹੋ ਸਕਦੇ ਹੋ। ਹਰ ਰੋਜ਼ ਆਪਣੇ ਆਪ ਨੂੰ ਲਗਭਗ 30 ਮਿੰਟ ਦਾ ਸਮਾਂ ਦੇਣਾ ਜ਼ਰੂਰੀ ਹੈ। ਘਰ ਆ ਕੇ ਦਫ਼ਤਰ ਦੇ ਸਾਰੇ ਕੰਮ ਭੁੱਲ ਜਾਂਦੇ ਹਨ। ਆਪਣੇ ਆਪ ਨੂੰ ਥੋੜ੍ਹਾ ਤਾਜ਼ਾ ਮਹਿਸੂਸ ਕਰਨ ਦਿਓ। ਆਪਣੀ ਸਿਹਤ ਦੇ ਨਾਲ-ਨਾਲ ਸੁੰਦਰਤਾ ਦਾ ਵੀ ਧਿਆਨ ਰੱਖੋ। ਜੇ ਹੋ ਸਕੇ ਤਾਂ ਰਾਤ ਨੂੰ ਸਾਰੇ ਕੰਮ ਨਿਪਟਾ ਕੇ ਪਰਿਵਾਰ ਨਾਲ ਸੈਰ ਕਰਨ ਜਾਓ। ਸਵੇਰੇ ਸੰਭਵ ਹੋਵੇ ਤਾਂ ਕਸਰਤ ਜਾਂ ਯੋਗਾ ਕਰੋ। ਇਹ ਸਾਰੀਆਂ ਚੀਜ਼ਾਂ ਤੁਹਾਨੂੰ ਬਹੁਤ ਵਧੀਆ ਮਹਿਸੂਸ ਕਰਨਗੀਆਂ।

**2. ਆਪਣੇ ਆਪ ਨੂੰ ਦੋਸ਼ੀ ਮਹਿਸੂਸ ਨਾ ਕਰੋ**

ਕਈ ਵਾਰ ਕੰਮਕਾਜੀ ਔਰਤਾਂ ਦਫ਼ਤਰ ਅਤੇ ਘਰ ਦੇ ਕਾਰਨ ਪਰਿਵਾਰ ਅਤੇ ਆਪਣੇ ਬੱਚਿਆਂ ਨੂੰ ਪੂਰਾ ਸਮਾਂ ਨਹੀਂ ਦੇ ਪਾਉਂਦੀਆਂ ਹਨ ਅਤੇ ਅਜਿਹੀ ਸਥਿਤੀ ਵਿੱਚ ਉਹ ਆਪਣੇ ਆਪ ਨੂੰ ਅਪਰਾਧੀ ਵਰਗਾ ਮਹਿਸੂਸ ਕਰਦੀਆਂ ਹਨ। ਅਜਿਹਾ ਤੁਹਾਡੇ ਨਾਲ ਬਿਲਕੁਲ ਵੀ ਨਾ ਹੋਣ ਦਿਓ, ਜੇਕਰ ਤੁਸੀਂ ਆਪਣੇ ਆਪ ਨੂੰ ਅਪਰਾਧੀ ਸਮਝਦੇ ਹੋ ਤਾਂ ਤੁਹਾਡਾ ਮਨੋਬਲ ਕਮਜ਼ੋਰ ਹੋਵੇਗਾ ਅਤੇ ਤੁਸੀਂ ਮਾਨਸਿਕ ਤੌਰ 'ਤੇ ਦੁਖੀ ਹੋਵੋਗੇ। ਸੋਚੋ ਕਿ ਜੋ ਹੋ ਰਿਹਾ ਹੈ ਉਹ ਜਲਦੀ ਹੀ ਸੁਧਰ ਜਾਵੇਗਾ। ਤੁਸੀਂ ਸਭ ਕੁਝ ਚੰਗੀ ਤਰ੍ਹਾਂ ਪ੍ਰਬੰਧਿਤ ਕਰੋਗੇ। ਅਜਿਹੀ ਸੋਚ ਨਾਲ ਤੁਹਾਡਾ ਆਤਮ-ਵਿਸ਼ਵਾਸ ਬਣਿਆ ਰਹੇਗਾ ਅਤੇ ਤੁਸੀਂ ਆਪਣੇ ਸਾਰੇ ਟੀਚੇ ਹਾਸਲ ਕਰ ਸਕੋਗੇ।

**3. ਦੂਜਿਆਂ ਦੀਆਂ ਗੱਲਾਂ ਨੂੰ ਨਜ਼ਰ ਅੰਦਾਜ਼ ਕਰਨਾ ਸਿੱਖੋ**

ਕਈ ਵਾਰ ਕੰਮਕਾਜੀ ਔਰਤਾਂ ਨੂੰ ਦਫ਼ਤਰ ਵਿੱਚ ਕੰਮ ਕਰਦਿਆਂ, ਘਰ ਦੇ ਅੰਦਰ ਅਤੇ ਬਾਹਰ ਇਸ ਸਮਾਜ ਦੇ ਅਜਿਹੇ ਲੋਕਾਂ ਤੋਂ ਕੁਝ ਕੌੜੀਆਂ ਗੱਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਜੋ ਅੱਜ ਵੀ ਸਮਾਜ ਦੀ ਰੂੜ੍ਹੀਵਾਦੀ ਸੋਚ ਦਾ ਸ਼ਿਕਾਰ ਹਨ। ਜਿਨ੍ਹਾਂ ਦਾ ਮੰਨਣਾ ਹੈ ਕਿ ਔਰਤਾਂ ਸਿਰਫ਼ ਘਰ ਸੰਭਾਲਣ ਲਈ ਹੁੰਦੀਆਂ ਹਨ ਅਤੇ ਸਿਰਫ਼ ਮਰਦਾਂ ਨੂੰ ਹੀ ਕੰਮ ਕਰਨ ਦਾ ਹੱਕ ਹੈ। ਅਜਿਹੇ ਲੋਕਾਂ ਦੀਆਂ ਗੱਲਾਂ ਨੂੰ ਹਮੇਸ਼ਾ ਨਜ਼ਰ ਅੰਦਾਜ਼ ਕਰਨ ਦੀ ਆਦਤ ਬਣਾਓ। ਕੇਵਲ ਤਦ ਹੀ ਤੁਸੀਂ ਆਪਣੇ ਕੰਮ ਦੇ ਖੇਤਰ ਵਿੱਚ ਇੱਕ ਹੁਨਰਮੰਦ ਘਰੇਲੂ ਔਰਤ ਦੇ ਨਾਲ-ਨਾਲ ਇੱਕ ਹੁਨਰਮੰਦ ਕਰਮਚਾਰੀ ਬਣਨ ਦੇ ਯੋਗ ਹੋਵੋਗੇ।

**4. ਸਵੇਰ ਦੇ ਕੰਮਾਂ ਨੂੰ ਆਸਾਨ ਬਣਾਉਣ ਲਈ ਨਿਯਮ ਬਣਾਓ**

ਕਈ ਵਾਰ ਕੰਮਕਾਜੀ ਔਰਤਾਂ ਨੂੰ ਅਕਸਰ ਸਵੇਰੇ ਜਲਦੀ ਉੱਠਣਾ ਪੈਂਦਾ ਹੈ ਅਤੇ ਆਪਣੇ ਦਫ਼ਤਰ ਅਤੇ ਘਰ ਦੇ ਕੰਮਾਂ ਨੂੰ ਸੰਤੁਲਿਤ ਕਰਨ ਲਈ ਸੁਪਰ ਮਾਂ ਵਾਂਗ ਸਾਰੇ ਕੰਮ ਕਰਨੇ ਪੈਂਦੇ ਹਨ। ਪਰ ਤੁਸੀਂ ਸਵੇਰੇ ਜਿੰਨੀ ਮਰਜ਼ੀ ਜਲਦੀ ਕਰੋ, ਹਮੇਸ਼ਾ ਦੇਰ ਹੋ ਜਾਂਦੀ ਹੈ ਅਤੇ ਇਸ ਦੇ ਨਾਲ ਹੀ ਕੰਮ ਵਿੱਚ ਕੁਝ ਵਿਘਨ ਪੈਂਦਾ ਹੈ। ਅਜਿਹੇ 'ਚ ਬਿਹਤਰ ਹੈ ਕਿ ਤੁਸੀਂ ਕੁਝ ਕੰਮ ਰਾਤ ਨੂੰ ਹੀ ਪੂਰਾ ਕਰ ਲਓ, ਜਿਵੇਂ ਕਿ ਸਬਜ਼ੀਆਂ ਕੱਟਣਾ, ਸਵੇਰੇ ਡ੍ਰੈਸਰ ਤਿਆਰ ਕਰਨਾ, ਮੋਬਾਇਲ ਚਾਰਜਿੰਗ ਵਰਗੇ ਛੋਟੇ-ਮੋਟੇ ਕੰਮ। ਸਵੇਰ ਦੇ ਕੰਮਾਂ ਲਈ ਅਜਿਹੇ ਨਿਯਮ ਬਣਾਉਣ ਨਾਲ ਸਮੇਂ ਦੀ ਕਮੀ ਅਤੇ ਤਣਾਅ ਦੀ ਸਮੱਸਿਆ ਤਾਂ ਘੱਟ ਜਾਵੇਗੀ, ਇਸ ਦੇ ਨਾਲ ਹੀ ਤੁਹਾਨੂੰ ਚੰਗਾ ਨਾਸ਼ਤਾ ਕਰਨ ਲਈ ਵੀ ਕੁਝ ਸਮਾਂ ਮਿਲੇਗਾ।

**5. ਬੱਚੇ ਅਤੇ ਪਰਿਵਾਰ ਨੂੰ ਸਮਾਂ ਜ਼ਰੂਰ ਦੇਣਾ ਚਾਹੀਦਾ ਹੈ**

ਅਕਸਰ ਕੰਮਕਾਜੀ ਔਰਤਾਂ ਆਪਣੇ ਦਫ਼ਤਰੀ ਕੰਮ ਦੌਰਾਨ ਆਪਣੇ ਬੱਚਿਆਂ ਅਤੇ ਹੋਰ ਪਰਿਵਾਰਕ ਮੈਂਬਰਾਂ ਨੂੰ ਲੋੜੀਂਦਾ ਸਮਾਂ ਨਹੀਂ ਦੇ ਪਾਉਂਦੀਆਂ ਹਨ। ਅਜਿਹਾ ਤੁਹਾਡੇ ਅਤੇ ਤੁਹਾਡੇ ਪਰਿਵਾਰ ਨਾਲ ਨਾ ਹੋਣ ਦਿਓ। ਜਿੱਥੇ ਵੀ ਸੰਭਵ ਹੋਵੇ, ਸ਼ਾਮ ਨੂੰ ਦਫ਼ਤਰ ਤੋਂ ਵਾਪਸ ਆਉਣ ਤੋਂ ਬਾਅਦ, ਆਪਣੇ ਬੱਚਿਆਂ ਨਾਲ ਥੋੜ੍ਹੀ ਜਿਹੀ ਗੱਲ ਕਰੋ ਕਿ ਉਨ੍ਹਾਂ ਨੇ

ਕਹਾਣੀ

ਗੁਰਬਖ਼ਸ਼ ਸਿੰਘ ਪ੍ਰੀਤਲੜੀ

# ਪ੍ਰੇਮ ਪੂੰਗਰਾ

ਇੱਕ ਮੋਟਰ ਕਿਸ਼ਤੀ ਇੱਕ ਪਿੰਡ ਦੇ ਲਾਗਿਓਂ ਦਰਿਆ ਉਤੇ ਤਰਦੀ ਜਾ ਰਹੀ ਸੀ ਤੇ ਕੰਢੇ ਉਤੇ ਕਈ ਆਦਮੀ ਜ਼ਨਾਨੀਆਂ ਮੁੰਡੇ ਕੁੜੀਆਂ ਉਸ ਨੂੰ ਵੇਖ ਰਹੇ ਸਨ ।

ਇਹ ਬੇੜੀ ਰੋਜ਼ ਏਸੇ ਵੇਲੇ ਏਥੋਂ ਲੰਘਦੀ ਏ, ਇੱਕ ਆਦਮੀ ਨੇ ਆਪਣੇ ਪ੍ਰਾਹੁਣੇ ਨੂੰ ਦਸਿਆ ।

ਕਦੇ ਏਥੇ ਖਲੋਤੀ ਨਹੀਂ ? ਪ੍ਰਾਹੁਣੇ ਨੇ ਪੁਛਿਆ ।

ਕਈ ਵਾਰੀ-ਪਹਿਲਿਆਂ ਵਿੱਚ ਰੋਜ਼ ਖਲੋਂਦੀ ਹੁੰਦੀ ਸੀ, ਤੇ ਇਹਦਾ ਮਾਲਕ ਕਿੰਨਾਂ ਕਿੰਨਾਂ ਚਿਰ ਸਾਡੇ ਨਾਲ ਗੱਲਾਂ ਕਰਦਾ ਰਹਿੰਦਾ ਸੀ- ਤਿੰਨਾਂ ਵਰ੍ਹਿਆਂ ਤੋਂ ਇਹ ਬੇ-ਨਾਗਾ ਆਉਂਦਾ ਹੈ ਸਾਡੇ ਪਿੰਡ ਵਿੱ ਕਈ ਗ਼ਰੀਬ ਮੁੰਡਿਆਂ ਦੀਆਂ ਫ਼ੀਸਾਂ ਇਹ ਦੇਂਦਾ ਹੈ, ਕਈ ਬੁਢੀਆਂ ਇਸਤੀਆਂ ਦੀਆਂ ਪੈਨਸ਼ਨਾਂ ਏਸ ਲਾਈਆਂ ਹੋਈਆਂ ਨੇ ।

ਤਾਂ ਤੇ ਇਹ ਕੋਈ ਬੜਾ ਪਰਉਪਕਾਰੀ ਜੀਉੜਾ ਹੋਵੇਗਾ ?

ਸਮਝਿਆ ਤੇ ਇਹੋ ਜਾਂਦਾ ਸੀ, ਪਰ ਕੁਝ ਚਿਰ ਤੋਂ ਇਹਦੀ ਬਾਬਤ ਬੜੇ ਭੈੜੇ ਅੜੇ ਉਡ ਰਹੇ ਨੇ ।ਏਸ ਦੀ ਆਪਣੀ ਬਰਾਦਰੀ ਦੇ ਲੋਕ ਸਾਡੇ ਪਿੰਡ ਵਿੱਚ ਆ ਆ ਕੇ ਇਹਦੀ ਬਦਖੋਈ ਕਰ ਜਾਂਦੇ ਨੇ।

ਏਨੇ ਨੂੰ ਬੇੜੀ ਫਫ ਫਫ ਕਰ ਦੀ ਚੋਖੀ ਦੂਰ ਲੰਘ ਗਈ ।ਦੂਜੇ ਪਿੰਡ ਦੇ ਕੋਲ ਜਾ ਖਲੋਤੀ । ਕਈ ਆਦਮੀ ਉਸ ਦੇ ਨੇੜੇ ਆ ਜਮ੍ਹਾ ਹੋਏ ।ਕਈਆਂ ਨੂੰ ਉਸ ਨੇ ਆਪਣੇ ਬੂਟਿਆਂ ਦੀਆਂ ਗਾਚੀਆਂ ਕਢ ਕੇ ਫੜਾਈਆਂ, ਉਹਨਾਂ ਬਾਬਤ ਕੁਝ ਸਿਖਿਆ ਦੇ ਕੇ ਉਹ ਫੇਰ ਅਗਾਂਹ ਤੁਰ ਪਿਆ ।

ਤਿੰਨਾਂ ਵਰ੍ਹਿਆਂ ਤੋਂ ਰੋਜ਼ਾਨਾ ਸ਼ਾਮ ਵੇਲੇ ਉਹ ਇਸ ਕਿਸ਼ਤੀ ਵਿੱਚ ਬਹਿਕੇ ਦਰਿਆ ਦੇ ਕੰਢੇ ਦੇ ਕਈ ਪਿੰਡਾਂ ਵਿੱਚ ਜਾਂਦਾ ਹੈ ।ਪਹਿਲੇ ਵਰ੍ਹੇ ਤੇ ਇਹ ਕਈ ਤਰ੍ਹਾਂ ਦੀਆਂ ਸੁਗਾਤਾਂ ਤੇ ਖਿਡਾਉਣੇ ਵੰਡਿਆ ਕਰਦਾ ਸੀ । ਜੀ ਜੀ ਇਸ ਦਾ ਆਸ਼ਕ ਹੋ ਗਿਆ ਸੀ । ਉਸ ਨੇ ਵੇਖ ਲਿਆ ਸੀ, ਕਿ ਲੋਕ ਇਹਨਾਂ ਸੁਗਾਤਾਂ ਦਾ ਇਸਤਿਮਾਲ ਠੀਕ ਨਹੀਂ ਸਨ ਕਰਦੇ ਤੇ ਕੋਈ ਵੀ ਇਹਨਾਂ ਸੁਗਾਤਾਂ ਨਾਲ ਉਚਾ ਨਹੀਂ ਸੀ ਹੋਇਆ।

ਸੁਗਾਤਾਂ ਜਾਂ ਮਾਇਆ ਦੇਣਾ ਹੁਣ ਉਸ ਬੰਦ ਕਰ ਦਿਤਾ ਸੀ । ਉਸਦਾ ਵਰਤਮਾਨ ਤਰੀਕਾ ਇਹ ਸੀ ਕਿ ਆਪਣੇ ਬਾਗ ਵਿਚੋਂ ਚੰਗੇ ਚੰਗੇ ਬੂਟਿਆਂ ਦੀਆਂ ਗਾਚੀਆਂ ਤੇ ਕਲਮਾਂ ਉਹ ਬੇੜੀ ਵਿੱਚ ਧਰ ਲਿਜਾਂਦਾ ਸੀ ਤੇ ਪਿੰਡਾਂ ਵਿਚ ਨੌਜਵਾਨਾਂ ਨੂੰ ਆਪਣੇ ਘਰਾਂ ਅਗੇ ਜਾਂ ਖੇਤਾਂ ਵਿੱਚ ਲਾਣ ਲਈ ਪ੍ਰੇਰਦਾ ਸੀ । ਖਾਦ ਰੂੜੀ, ਹਥਿਆਰਾਂ ਲਈ ਮਾਇਆ ਵੀ ਦੇਂਦਾ ਸੀ ਤੇ ਕਦੇ ਕਦੇ ਆਪਣੇ ਮਾਲੀ ਨੂੰ ਨਾਲ ਲਿਆ ਕੇ ਉਹਨਾਂ ਦੀ ਦੇਖ ਭਾਲ ਵੀ ਕਰਾਂਦਾ ਸੀ । ਪਰ ਇਹ ਜ਼ਰੂਰੀ ਸੀ ਕਿ ਹੁਣ ਉਸ ਦਾ ਸੰਬੰਧ ਜਣੇ ਖਣੇ ਨਾਲੋਂ ਹਟ ਕੇ ਸਿਰਫ਼ ਮਿਹਨਤੀ ਨੌਜਵਾਨਾਂ ਨਾਲ ਰਹਿ ਗਿਆ ਸੀ।

ਮਿਹਨਤ ਕਰਨ ਵਾਲੇ ਲੋਕ ਬਹੁਤ ਨਹੀਂ ਹੁੰਦੇ, ਖਾਸ ਕਰ ਸਾਡੇ ਦੇਸ਼ ਵਿੱਚ, ਜਿਥੇ ਵਿਹਲੜਾਂ ਨੂੰ ਅਲਾਹ-ਲੋਕ (ਪ੍ਰਮੇਸ਼ਵਰ-ਪਹੁਤੇ) ਦਾ ਸਤਕਾਰ ਝਟ ਮਿਲ ਜਾਂਦਾ ਹੈ ।ਬੇੜੀ ਵਾਲੇ ਦੇ ਤਰ੍ਹਾਂ ਦਾ ਦਾਇਰਾ ਦਿਨੋ ਦਿਨ ਘਟਦਾ ਜਾ ਰਿਹਾ ਸੀ । ਹੁਣ ਲੋਕ ਉਸ ਨੂੰ ਪਹਿਲਾਂ ਵਾਂਗ ਸਖੀ ਨਹੀਂ ਸਨ ਸਮਝਦੇ । ਸਗੋਂ ਕਈਆਂ ਦੇ ਦਿਲਾਂ ਵਿੱਚ ਅਨੋਖੇ ਜਿਹੇ ਸ਼ੰਕੇ ਪੈਦਾ ਹੋ ਰਹੇ ਸਨ ।

ਤੇ ਇਹਨਾਂ ਸ਼ੰਕਿਆਂ ਨੂੰ ਉਸ ਦੀ ਆਪਣੀ ਬਰਾਦਰੀ ਤੇ ਉਸ ਦੇ ਆਪਣੇ ਕਸਬੇ ਦੇ ਲੋਕ ਪੱਕਿਆਂ ਕਰਨ ਦੀ ਉਚੇਚੇ ਕੋਸ਼ਿਸ਼ ਕਰ ਰਹੇ ਸਨ ।

ਇਹ ਜਿਸ ਕਸਬੇ ਵਿੱਚ ਰਹਿੰਦੇ ਸੀ, ਉਸ ਨੂੰ ਉਚੇਰੇ ਤਬਕੇ ਦੇ ਕਈ ਇਕ ਅਮੀਰ ਤੇ ਸਭਯ ਲੋਕਾਂ ਨੇ ਇਸੇ ਦਰਿਆ ਦੇ ਕੰਢੇ ਵਸਾਇਆ ਸੀ । ਇਨ੍ਹਾਂ ਸਾਰੇ ਲੋਕਾਂ ਦੀ ਰਹਿਣੀ ਬਹਿਣੀ, ਬੜੀ ਸਾਫ਼ ਤੇ ਸੁਹਣੀ ਸੀ, ਪਰ ਬੇੜੀ ਵਾਲੇ ਦੇ ਘਰ ਦੀ ਸ਼ੋਭਾ ਕੁਝ ਵਿਸ਼ੇਸ਼ ਸੀ, ਵਿਸ਼ੇਸਤਾ ਅਮੀਰੀ ਕਰਕੇ ਨਹੀਂ ਸੀ ਕਿਉਂਕਿ ਅਮੀਰ ਤੇ ਇਹਨਾਂ ਨਾਲੋਂ ਉਸ ਕਸਬੇ ਵਿਚ ਬਹੁਤ ਸਨ।ਤਾਂ ਵੀ ਇਹਨਾਂ ਦੀ ਕੋਠੀ ਤੇ ਬਾਗ਼ ਸਾਰੇ ਕਸਬੇ ਵਿੱਚ ਸਲਾਹੇ ਜਾਂਦੇ ਸਨ ਤੇ ਇਹਨਾਂ ਦੀਆਂ ਸ਼ਖਸੀਅਤਾਂ ਨੂੰ ਵੀ ਅਜ਼ੀਜ਼ ਸਮਝਿਆ ਜਾਂਦਾ ਸੀ ।

ਇਸ ਪਰਵਾਰ ਦੇ ਮੋਢੀ ਨੂੰ ਪਹਿਲਾਂ ਤੇ ਕੋਈ ਪ੍ਰੇਮ ਪੂੰਗਰਾ ਆਖਿਆ ਕਰਦਾ ਸੀ, ਪਰ ਸਮਾਂ ਪਾ ਕੇ ਉਸਦਾ ਅਸਲੀ ਨਾਮ ਬਹੁਤਿਆਂ ਨੂੰ ਭੁਲ ਹੀ ਗਿਆ । ਤੇ ਉਹ ਪ੍ਰੇਮ-ਪੂੰਗਰਾ ਦੇ ਨਾਮ ਤੋਂ ਹੀ ਸੱਦਿਆ ਬੁਲਾਇਆ ਜਾਣ ਲਗ ਪਿਆ !ਉਹ ਕਦੇ ਕਿਸੇ ਨਾਲ ਝਗੜਿਆ ਨਹੀਂ ਸੀ, ਉਸ ਕਦੇ ਕਿਸੇ ਨਾਲ ਗੁੱਸੇ ਦਾ ਸ਼ਬਦ ਨਹੀਂ ਸੀ ਵਰਤਿਆ । ਕਿਸੇ ਨੇ ਉਸਨੂੰ ਉਸ ਦੇ ਆਪਣੇ ਘਰ ਵਿੱਚ ਵੀ ਗੁਸੇ ਨਾਲ ਉਚੀ ਬੋਲਦਿਆਂ ਨਹੀਂ ਸੀ ਸੁਣਿਆ। ਉਸ ਦੇ ਨੌਕਰ ਸਵੇਰੇ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਉਸ ਦਾ ਮੂੰਹ ਵੇਖਣਾ ਚੰਗਾ ਸਮਝਿਆ ਕਰਦੇ ਸਨ, ਕਿਉਂਕਿ ਉਹ ਸਵੇਰ ਸਾਰ ਹਰੇਕ ਮਿਲਣ ਵਾਲੇ ਨੂੰ ਇੱਕ ਅਜਿਹੀ ਸ਼ੁਭ-ਇਛਿਆ ਭਰੀ ਮੁਸ਼ਕਾਹਟ ਦਿਆ ਕਰਦਾ ਸੀ, ਜਿਸ ਦੀ ਯਾਦ ਸਾਰਾ ਦਿਨ ਮਨ ਵਿੱਚ ਰਹਿੰਦੀ ਤੇ ਕਈ ਕੰਮਾਂ ਨੂੰ ਸੁਖਾਲਿਆਂ ਕਰਦੀ ਸੀ ।

ਪ੍ਰੇਮ-ਪੂੰਗਰੇ ਨੂੰ ਦਰਿਆ ਦੀ ਸੈਰ ਦਾ ਬੜਾ ਸ਼ੌਕ ਸੀ । ਇਸ ਲਈ ਇਸ ਨੇ ਇਕ ਛੋਟੀ ਜਿਹੀ ਮੋਟਰ-ਕਿਸ਼ਤੀ ਲਈ । ਪਹਿਲੋਂ ਤੇ ਇਹ ਬਹੁਤ ਦੂਰ ਨਹੀਂ ਸੀ ਜਾਇਆ ਕਰਦਾ,ਪਰ ਜਿਉਂ ਜਿਉਂ ਇਲਾਕੇ ਦੀ ਵਾਕਫ਼ੀਅਤ ਵਧਦੀ ਗਈ, ਇਹ ਦੂਰ ਦੂਰ ਚਲਾ ਜਾਇਆ ਕਰਦਾ ਸੀ ਤੇ ਕੰਢੇ ਕੰਢੇ ਦੇ ਪਿੰਡਾਂ ਵਿੱਚ ਖੁਲ੍ਹੇ ਦਿਲ ਸੁਗਾਤਾਂ ਵੰਡਣ ਕਰਕੇ ਇਸ ਨਾਲ ਲੋਕਾਂ ਦਾ ਪਿਆਰ ਵੀ ਹੋ ਗਿਆ ਸੀ ।

ਪਰ ਜਿਉਂ ਜਿਉ ਇਹਨਾਂ ਪੇਂਡੂ ਲੋਕਾਂ ਨਾਲ ਇਸ ਦਾ ਪਿਆਰ ਵਧਦਾ ਗਿਆ, ਤਿਉਂ ਤਿਉਂ ਇਸਦੀ ਆਪਣੇ ਤਬਕੇ ਨਾਲ ਦਿਲਚਸਪੀ ਘਟਦੀ ਗਈ । ਏਥੋਂ ਤਕ ਕਿ ਇਸੇ ਦਾ ਗਿਣਤੀ ਦੇ ਘਰਾਂ ਨਾਲ ਮੇਲ ਮਿਲਾਪ ਰਹਿ ਗਿਆ ਸੀ। ਵਿਆਹਾਂ ਸ਼ਾਦੀਆਂ ਤੇ ਰਸਮੀ ਮਾਤਮ ਪੁਰਸੀਆਂ ਉਤੇ ਜਾਣਾ ਵੀ ਇਸ ਨੇ ਛਡ ਦਿਤਾ, ਜਿਸ ਕਰਕੇ ਆਪਣੀ ਬਰਾਦਰੀ ਨਾਲੋਂ ਇਸ ਦਾ ਨਖੇੜਾ ਦਿਨੋ ਦਿਨ ਮੁਕੰਮਲ ਹੁੰਦਾ ਜਾ ਰਿਹਾ ਸੀ ।

ਪ੍ਰੇਮ-ਪੂੰਗਰੇ ਵਿੱਚ ਆਈ ਇਸ ਤਬਦੀਲੀ ਨੇ ਉਸ ਨੂੰ ਆਪਣੇ ਤਬਕੇ ਵਿੱਚ ਸ਼ਕੀਆ ਬਣਾ ਦਿਤਾ । ਕੋਈ ਕਹਿੰਦਾ ਸੀ ਕਿ ਇਸ ਦਾ ਦਿਮਾਗ ਫਿਰ ਗਿਆ ਹੈ ਕੋਈ ਕਹਿੰਦਾ ਸੀ ਕਿ ਇਹ ਬੋਲਸ਼ੇਵਿਕ ਹੋ ਗਿਆ ਹੈ, ਕੋਈ ਕਹਿੰਦਾ ਸੀ ਕਿ ਉਸ ਦਾ ਚਾਲ ਚਲਨ ਖ਼ਰਾਬ ਹੋ ਗਿਆ ਹੈ, ਜਿਸ ਕਰਕੇ ਉਹ ਪਿੰਡਾਂ ਦੀਆਂ ਇਸਤ੍ਰੀਆਂ ਜਾਂ ਉਨ੍ਹਾਂ ਦੇ ਬਚਿਆਂ ਨੂੰ ਸੁਗਾਤਾਂ ਦੇ ਦੇ ਭਰਮਾਂਦਾ ਹੈ ।

ਪਰ ਇਸ ਚਰਚਾ ਦੇ ਬਾਵਜੂਦ ਵੀ ਪ੍ਰੇਮ-ਪੂੰਗਰਾ ਆਪਣੀ ਮੋਟਰ-ਕਿਸ਼ਤੀ ਨਾਲ ਨਵੇਂ ਰਿਸ਼ਤੇ ਬਣਾਂਦਾ ਸੀ ।

ਉਸ ਦੀ ਆਪਣੀ ਬਰਾਦਰੀ ਇਸ ਵਿੱਚ ਆਪਣੀ ਹਤਕ ਸਮਝਦੀ ਸੀ ਕਿ ਉਹ ਉਨ੍ਹਾਂ ਦੀ ਮਰਿਆਦਾ ਤੋਂ ਬੇ-ਪਰਵਾਹ ਹੋਵੇ ਉਹਨਾਂ ਦੀਆਂ ਰਸਮਾਂ ਵਿਚ ਹਿਸਾ ਨ ਲਵੇ। ਉਸ ਦੇ ਸਾਥੀ ਰਸਮਾਂ ਰਵਾਜ਼ਾਂ ਉੱਤੇ ਬਹੁਤ ਸਾਰਾ ਧਨ ਖ਼ਰਚ ਕਰਦੇ ਸਨ। ਪ੍ਰੇਮ-ਪੂੰਗਰਾ ਇਹ ਧਨ ਬਚਾਣ ਕਰਕੇ ਥੋੜੀ ਆਮਦਨ ਦੇ ਬਾਵਜੂਦ ਵੀ ਦੂਜਿਆਂ ਨਾਲੋਂ ਸੁਖਾਲਾ ਜਾਪਦਾ ਸੀ, ਆਪਣੇ ਬਰਾਬਰ ਦਿਆਂ ਨਾਲੋਂ ਉਸ ਦੇ ਜੀਵਨ ਦਾ ਮਿਆਰ ਉੱਚਾ ਹੁੰਦਾ ਜਾ ਰਿਹਾ ਸੀ, ਇਸ ਕਰ ਕੇ ਉਸ ਨਾਲ ਈਰਖਾ ਬੇ-ਅੰਤ ਹੁੰਦੀ ਜਾ ਰਹੀ ਸੀ ।

ਇਨ੍ਹਾਂ ਵਿਚੋਂ ਕਈਆਂ ਨੇ ਉਸ ਦੇ ਵਿਰੁਧ, ਪ੍ਰਚਾਰ ਸ਼ੁਰੂ ਕਰ ਦਿਤਾ। ਜਿਨ੍ਹਾਂ ਪਿੰਡਾਂ ਵਿਚ ਉਸ ਨੇ ਆਪਣੇ ਬਾਗ ਵਿਚੋਂ ਬੂਟੇ ਲਿਜਾ ਲਿਜਾ ਕੇ ਬਾਗ਼ ਲੁਆਏ ਸਨ, ਉਹਨਾਂ ਵਿਚ ਇਸ ਤਰ੍ਹਾਂ ਦਸਿਆ ਗਿਆ ।



ਇਹ ਗਰੀਬਾਂ ਨਾਲ ਹਮਦਰਦੀ ਨਿਰੋਲ ਇਕ ਬਹਾਨਾ ਹੈ-ਇਹ ਨਿਗੂਣੇ ਬੂਟੇ ਦੇਂਦਾ ਹੈ, ਪਰ ਜਦੋਂ ਦੂਜਿਆਂ ਦੀ ਮਿਹਨਤ ਨਾਲ ਬਾਗ ਪ੍ਰਫੁੱਲਤ ਹੋ ਜਾਣਗੇ, ਤਾਂ ਇਹ ਮਾਲਕ ਬਣ ਜਾਇਗਾ, ਇਹ ਬੜਾ ਚਾਲਾਕ ਹੈ, ਇਸ ਦੀਆਂ ਸੁਗਾਤਾਂ ਸਿਰਫ਼ ਇਸਤ੍ਰੀਆਂ ਦੇ ਮਨ ਭਰਮਾਣ ਲਈ ਹਨ ਕਿਉਂਕਿ ਇਸ ਦਾ ਚਾਲ-ਚਲਨ ਸ਼ਕੀਆ ਹੈ ।

ਜਨਤਾ ਦਾ ਭਾਵ ਹੈ ਕਿ ਉਹ ਮਾੜੀ ਗਲ ਉਤੇ ਚੰਗੀ ਨਾਲੋਂ ਛੇਤੀ ਯਕੀਨ ਕਰ ਲੈਂਦੇ ਹਨ ! ਚੰਗੀ ਗਲ ਉਤੇ ਯਕੀਨ ਕੀਤਿਆਂ ਯਕੀਨ ਕਰਨ ਵਾਲੇ ਨੂੰ ਅਪਣਾ ਆਪ ਕੁਝ ਛੋਟਾ ਭਾਸ਼ਣ ਲਗ ਪੈਂਦਾ ਹੈ ਤੇ ਇਹ ਸਾਨੂੰ ਕਿਸੇ ਨੂੰ ਵੀ ਪਰਵਾਨ ਨਹੀਂ ਹੁੰਦਾ, ਪਰ ਮਾੜੀ ਗਲ ਦਾ ਯਕੀਨ ਕੀਤਿਆਂ ਅਸੀਂ ਪਲ ਭਰ ਲਈ ਮੁਕਾਬਲੇ ਵਿਚ ਆਕੇ ਕੁਝ ਉਚੇ ਉਚੇ ਜਾਪਣ ਲਗ ਪੈਂਦੇ ਹਾਂ।

ਇਸ ਮਨੁਖੀ ਫ਼ਿਤਰਤ ਦੇ ਅਧੀਨ ਉਹੀ ਅਖਾਂ, ਜਿਨ੍ਹਾਂ ਵਿਚ ਕਲ ਪ੍ਰੇਮ-ਪੂੰਗਰੇ ਲਈ ਸ਼ਰਧਾ ਜਿਹੀ ਸੀ, ਅਜ ਘ੍ਰਿਣਾ ਨਾਲ ਭਰਪੂਰ ਸਨ । ਕਈਆਂ ਨੂੰ ਇਹ ਕਹਿ ਕੇ ਵੀ ਭੜਕਾਇਆ ਗਿਆਃ-

ਇਹ ਤੁਹਾਡੇ ਨਾਲ ਦਰਦ ਦੀ ਕਹਾਣੀ ਬਨਾਉਟੀ ਹੈ । ਏਥੇ ਇਹ ਭਾਵੇਂ, ਤੁਹਾਡੇ ਨਾਲ ਭੁੰਜੇ ਬਹਿ ਜਾਂਦਾ ਹੈ, ਤੁਹਾਡੀ ਰੁੱਖੀ ਸੁਖੀ ਖਾ ਜਾਂਦਾ ਹੈ, ਪਰ ਆਪਣੇ ਘਰ ਇਹ ਸੋਫ਼ਿਆਂ ਤੇ ਬਹਿੰਦਾ ਤੇ ਨੌਕਰਾਂ ਦੀਆਂ ਪਕੀਆਂ ਖਾਂਦਾ ਹੈ । ਇਸ ਦੀਆਂ ਬਾਰੀਆਂ ਨਾਲ ਪਰਦੇ ਲਟਕਦੇ ਹਨ ਤੇ ਇਹ ਮੋਟਰ ਦੀ ਸਵਾਰੀ ਕਰਦਾ ਹੈ ।

ਹਾਲਾਂ ਕਿ ਮੋਟਰ ਉਸ ਨੇ ਉਦੋਂ ਹੀ ਲਈ ਸੀ, ਜਦੋਂ ਉਸ ਦੀ ਜਨਤਾ ਨਾਲ ਹਮਦਰਦੀ ਨੇ ਉਸ ਦੇ ਰੁਝੇਵੇਂ ਏਨੇ ਵਧਾ ਦਿੱਤੇ ਸਨ ਕਿ ਬਿਨਾਂ ਮੋਟਰ ਉਹ ਆਪਣੇ ਖ਼ਾਬ ਦੀ ਪੂਰਨਤਾ ਨਹੀਂ ਸੀ ਵੇਖ ਸਕਦਾ, ਪਰ ਕਿਸੇ ਨੇ ਉਸ ਨੂੰ ਸਮਝਣ ਦਾ ਯਤਨ ਨਾ ਕੀਤਾ ਤੇ ਗ਼ਲਤ-ਫ਼ਹਿਮੀ ਦਿਨੋ ਦਿਨ ਵਧਦੀ ਗਈ, ਉਸ ਦੇ ਆਪਣੇ ਤਬਕੇ ਦੇ ਇਕ ਦੋ ਆਦਮੀ ਤਾਂ ਉਸ ਦੀ ਜਾਨ ਦੇ ਵੈਰੀ ਹੋ ਗਏ। ਪਰ ਇਹ ਗੱਲ ਬਿਲਕੁਲ ਠੀਕ ਹੈ ਕਿ ਇਸ ਵੈਰ ਨੇ ਉਸ ਦਾ ਖੇੜਾ ਨਹੀਂ ਘਟਾਇਆ । ਕਿਉਂਕਿ ਕਿਸੇ ਨੇ ਕਦੇ ਨਹੀਂ ਸੀ ਸੁਣਿਆ ਕਿ ਉਸ ਨੇ ਕਿਸੇ ਨੂੰ ਮੰਦਾ ਆਖਿਆ ਹੋਵੇ, ਜਾਂ ਆਪਣੇ ਨਾਲ ਵੈਰ ਰਖਣ ਵਾਲਿਆਂ ਨੂੰ ਨੁਕਸਾਨ ਪਹੁੰਚਾਣ ਦਾ ਖ਼ਿਆਲ ਕੀਤਾ ਹੋਵੇ।

ਆਪਣੇ ਤਬਕੇ ਦੀ ਨਾਰਾਜ਼ਗੀ ਦੀ ਉਸ ਨੂੰ ਕੋਈ ਪਰਵਾਹ ਨਹੀਂ ਸੀ, ਪਰ ਹੁਣ ਜਿਨ੍ਹਾਂ ਪਿੰਡਾਂ ਵਿੱਚ ਉਹ ਪਿਆਰ-ਰਿਸ਼ਤਾ ਜੋੜ ਰਿਹਾ ਸੀ, ਉਨ੍ਹਾਂ ਵਿੱਚ ਵੀ ਉਸ ਦੀ ਮੁਖ਼ਾਲਫ਼ਤ ਸ਼ੁਰੂ ਹੋ ਗਈ ਸੀ। ਪਹਿਲੋਂ ਜਦੋਂ ਉਸ ਦੀ ਬੇੜੀ ਕੋਲੋਂ ਲੰਘਿਆ ਕਰਦੀ ਸੀ, ਲੋਕ ਖ਼ੁਸ਼ੀ ਦੇ ਨਾਅਰੇ ਮਾਰਿਆ ਕਰਦੇ ਸਨ ਤੇ ਦਰਿਆ ਦੇ ਆਰ ਪਾਰ ਜਾਣ ਦੀ ਪ੍ਰੇਮ-ਪੂੰਗਰੇ ਦੀ ਸਹਾਇਤਾ ਮੰਗਿਆ ਕਰਦੇ ਸਨ, ਹੁਣ ਇਹ ਹੋ ਗਿਆ ਕਿ ਕਈ ਲੋਕ ਘ੍ਰਿਣਾ ਦੇ ਨਾਅਰੇ ਲਾਣ ਲਗ ਪਏ !ਓੜਕ ਇਹ ਨੌਬਤ ਆ ਗਈ ਕਿ ਲੋਕ ਢੇਮਾਂ ਮਾਰਨ ਤੇ ਉਤਰ ਆਏ ।

ਅਗੇ ਉਹ ਆਪਣੀ ਇਸਤ੍ਰੀ ਤੇ ਬੱਚਿਆਂ ਨੂੰ ਨਾਲ ਲਿਆਇਆ ਕਰਦਾ ਸੀ, ਹੁਣ ਉਹ ਇਕੱਲਾ ਆਉਂਦਾ ਸੀ-ਆਉਂਦਾ ਬਿਨਾ ਨਾਗਾ ਸੀ ਭਾਵੇਂ ਮੀਹ ਹੋਵੇ ਭਾਵੇਂ ਹਨੇਰੀ। ਕਦੇ ਉਸਦੀ ਉਂਗਲ ਉਤੇ ਢੇਮ ਵਜ ਜਾਂਦੀ, ਕਦੇ ਮੱਥੇ ਵਿੱਚ ਤੇ ਕਦੇ ਕਿਸੇ ਹੋਰ ਥਾਂ । ਉਹ ਪੱਟੀਆਂ ਬੰਨ੍ਹ ਲੈਂਦਾ ਤੇ ਆਪਣਾ ਸਫ਼ਰ ਜਾਰੀ ਰਖਦਾ ਸੀ। ਜਿਸ ਪਿੰਡ ਵਿੱਚ ਕੋਈ ਉਸ ਦੇ ਬੂਟੇ ਕਬੂਲ ਲੈਂਦਾ, ਉਥੇ ਹੀ ਉਹ ਵੰਡ ਆਉਂਦਾ। ਭਾਵੇਂ ਉਸ ਦਾ ਅੰਗ ਅੰਗ ਦੁਖਣ ਲਗ ਪਿਆ ਸੀ, ਪਰ ਉਸਦਾ ਦਿਲ ਤੇ ਦਿਮਾਗ ਅਜੇ ਨਰੋਏ ਸਨ । ਪਿਛਲੇ ਦੋ ਦਿਨਾਂ ਤੋਂ ਉਸ ਦੇ ਆਪਣੇ ਤਬਕੇ ਦਾ ਇੱਕ ਆਦਮੀ ਆਲੇ ਦੁਆਲੇ ਦੇ ਪਿੰਡਾਂ ਵਿਚ ਬੜਾ ਸਖ਼ਤ ਪ੍ਰਾਪੇਗੰਡਾ ਕਰਦਾ ਰਿਹਾ ਸੀ। ਪ੍ਰੇਮ-ਪੂੰਗਰੇ ਦੇ ਖ਼ਿਲਾਫ਼ ਬੜੀ ਐਜੀਟੇਸ਼ਨ ਖਿੱਲਰੀ ਹੋਈ ਸੀ ਜਦੋਂ ਉਸ ਦੀ ਬੇੜੀ ਇੱਕ ਪਿੰਡ ਦੇ ਕੋਲੋਂ ਦੀ ਲੰਘੀ, ਪੱਥਰਾਂ ਦੀ ਵਾਛੜ ਸ਼ੁਰੂ ਹੋ ਗਈ । ਕਈ ਮੁੰਡੇ ਕਤਾਰ ਬੰਨ੍ਹ ਕੇ ਖੜੇ ਸਨ, ਬੜੀ ਫੁਰਤੀ ਨਾਲ ਪ੍ਰੇਮ-ਪੂੰਗਰੇ ਨੇ ਆਪਣਾ ਸਿਰ ਬਚਾਇਆ, ਪਰ ਵਾਛੜ ਇਹੋ ਜਿਹੀ ਸੀ ਕਿ ਅਨੇਕਾਂ ਪੱਥਰ ਬੇੜੀ ਵਿੱਚ ਆ ਪਏ ਤੇ ਕਈ ਉਸ ਦੀ ਕੰਡ ਉਤੇ ਵੀ ਵਜੇ ।

ਜਦੋਂ ਉਸ ਨੇ ਸਿਰ ਚਕ ਕੇ ਵੇਖਣਾ ਚਾਹਿਆ ਤਾਂ ਇਕ ਸ਼ੂਕਦਾ ਪੱਥਰ ਉਸ ਦੇ ਸਿਰ ਵਿੱਚ ਆ ਲਗਾ ਤੇ ਇਕ ਨਿਕਾ ਜਿਹਾ ਛਾਤੀ ਵਿੱਚ ਵੀ ਵੱਜਾ। ਦੂਜੀ ਘੜੀ ਉਸ ਦਾ ਸਿਰ ਚਕਰਾਇਆ । ਤੇ ਉਹ ਆਪਣੀ ਬੇੜੀ ਵਿੱਚ ਢਹਿ ਪਿਆ ।

ਜਦੋਂ ਉਹ ਇਸ ਤਰਾਂ ਡਿੱਗਾ ਤਾਂ ਕਈ ਸਿਆਣਿਆਂ ਦਾ ਡਰ ਸੀ ਕਿ ਉਹ ਮਰ ਗਿਆ ਹੈ। ਪਿੰਡ ਦੇ ਇਸਤ੍ਰੀਆਂ ਮਰਦ ਬਾਹਰ ਇਕੱਠੇ ਹੋ ਗਏ ਸਨ। ਕਈਆਂ ਦੇ ਅੰਦਰ ਤਰਸ ਵੀ ਆ ਜਾਗਿਆ।

ਤੁਸਾਂ ਚੰਗਾ ਨਹੀਂ ਕੀਤਾ। ਉਹ ਕਿਸੇ ਦਾ ਕੀ ਲੈਂਦਾ ਸੀ,-ਉਹ ਕਿਸੇ ਨੂੰ ਕੁਝ ਆਂਹਦਾ ਨਹੀਂ ਸੀ, ਸਦਾ ਹਰ ਕਿਸੇ ਦੀ ਸੁਣ ਲੈਂਦਾ ਸੀ, ਉਹ ਤੁਹਾਨੂੰ ਕਈਆਂ ਨੂੰ ਦਰਿਆ ਦੇ ਆਰ ਪਾਰ ਕਰ ਆਉਂਦਾ ਸੀ । ਕਈਆਂ ਦੇ ਬਾਗ ਹੁਣ ਫੁੱਲਾਂ ਤੇ ਆਏ ਹੋਏ ਨੇ-ਤੁਸਾਂ ਚੰਗਾ ਨਹੀਂ ਕੀਤਾ -

ਦੂਜੇ ਦਿਨ ਮੋਟਰ-ਬੇੜੀ ਉਧਰ ਨਾ ਆਈ, ਤੀਜੇ ਵੀ ਨਾ ਆਈ ।

ਲੋਕਾਂ ਨੂੰ ਇਹ ਪਤਾ ਨਹੀਂ ਸੀ ਕਿ ਤਿੰਨਾਂ ਵਰ੍ਹਿਆਂ ਤੋਂ ਬੇ-ਨਾਗਾ ਉਹਨਾਂ ਦੇ ਪਿੰਡ ਕੋਲੋਂ ਫਫ ਫਫ ਕਰਦੀ ਬੜੇ ਉਨ੍ਹਾਂ ਦੇ ਜੀਵਨ ਦਾ ਭਾਗ ਬਣ ਚੁਕੀ ਸੀ । ਭਾਵੇਂ ਉਪਰਲੀ ਗਲਤਫ਼ਹਿਮੀ ਨੇ ਉਹਨਾਂ ਨੂੰ ਪ੍ਰੇਮ-ਪੂੰਗਰੇ ਦਾ ਦੁਸ਼ਮਨ ਬਣਾ ਦਿੱਤਾ ਸੀ, ਪਰ ਵਿਚੋਂ ਉਹ ਉਸ ਦੇ ਸਨੇਹੀ ਬਣ ਚੁਕੇ ਸਨ ।ਉਸ ਦੇ ਪ੍ਰੇਮ ਨੇ ਦਿਲਾਂ ਦੀਆਂ ਤਹਿਆਂ ਵਿੱਚ ਆਪਣੀਆਂ ਪਤਲੀਆਂ ਅਦਿੱਖ-ਤੰਦਾਂ ਤੁਣ ਲਈਆਂ ਹੋਈਆਂ ਸਨ ।

ਜਦੋਂ ਤੀਜੇ ਦਿਨ ਵੀ ਬੇੜੀ ਨਾ ਆਈ ਤਾਂ ਕਈ ਲੋਕ ਬੜੇ ਉਪਰਾਮ ਹੋ ਗਏ । ਹਰ ਪਲ ਜਿਹੜਾ ਗੁਜ਼ਰਦਾ ਸੀ, ਉਹ ਪ੍ਰੇਮ-ਪੂੰਗਰੇ ਦੀ ਯਾਦ ਨੂੰ ਤੀਬਰ ਤੇ ਦੁਖਦਾਈ ਬਣਾ ਰਿਹਾ ਸੀ। ਜਿਨ੍ਹਾਂ ਨੇ ਵੱਟੇ ਮਾਰੇ ਸਨ, ਉਹ ਸਭ ਤੋਂ ਬਹੁਤੇ ਉਦਾਸ ਸਨ ਉਹ ਹੁਣੇ ਪ੍ਰੇਮ ਪੂੰਗਰੇ ਨਾਲ ਇਨਸਾਫ਼ ਕਰਨ ਲਈ ਵਿਆਕੁਲ ਹੋ ਰਹੇ ਸਨ । ਸ਼ਾਇਦ ਏਸੇ ਵਿਆਕੁਲਤਾ ਵਿਚੋਂ ਕਿਸੇ ਸਿਆਣੇ ਨੇ ਇਹ ਸਲਾਹ ਦਿਤੀ ਸੀ ।

ਆਪਣੇ ਰੁਸੇਵੇ ਉਤੇ ਕਦੇ ਸੂਰਜ ਨਾ ਡੁਬਣ ਦਿਓ-ਕੀ ਪਤਾ ਮੌਤ ਇਨਸਾਫ਼ ਕਰ ਸਕਣ ਦਾ ਮੌਕਾ ਹਮੇਸ਼ਾਂ ਲਈ ਖੋਹ ਲਵੇ।

ਉਹਨਾਂ ਸਲਾਹ ਕੀਤੀ ਕਿ ਪ੍ਰੇਮ-ਪੂੰਗਰੇ ਦੀ ਕੋਠੀ ਜਾ ਕੇ ਉਸ ਦਾ ਪਤਾ ਕੀਤਾ ਜਾਏ । ਦੋ ਸਿਆਣੇ ਆਦਮੀ ਤੇ ਪੰਜ ਛੇ ਉਹ ਨੌਜਵਾਨ ਜਿਨ੍ਹਾਂ ਵੱਟੇ ਮਾਰੇ ਸਨ, ਪ੍ਰੇਮ-ਪੂੰਗਰੇ ਦੀ ਕੋਠੀ ਗਏ।

ਪ੍ਰੇਮ-ਪੂੰਗਰਾ ਆਪਣੀ ਕੋਠੀ ਦੇ ਵਰਾਂਡ ਵਿੱਚ ਮੰਜੇ ਉਤੇ ਲੰਮਾ ਪਿਆ ਸੀ, ਉਸ ਦੇ ਸਿਰ ਉਤੇ ਪੱਟੀਆਂ ਬੱਧੀਆਂ ਹੋਈਆਂ ਸਨ ।ਪਤਨੀ ਟਕੋਰ ਕਰ ਰਹੀ ਸੀ ਤੇ ਇਕ ਪੇਂਡੂ ਮੁਟਿਆਰ ਚੁੱਲ੍ਹੇ ਉਤੇ ਰੂੰ ਗਰਮ ਕਰ ਰਹੀ ਸੀ ।

ਰਜਨੀ ! ਪ੍ਰੇਮ-ਪੂੰਗਰੇ ਨੇ ਪਤਨੀ ਦਾ ਹਥ ਫੜ ਕੇ ਆਖਿਆ, ਹੁਣ ਮੈਂ ਰਾਜ਼ੀ ਹਾਂ, ਤੁਸੀਂ ਵੀਰੋ ਨੂੰ ਇਹਦੇ ਪਿੰਡ ਛਡ ਆਓ, ਬੜੇ ਦਿਨ ਹੋ ਗਏ ਨੇ ।

ਨਹੀਂ ਜੀ । ਚੁੱਲ੍ਹੇ ਕੋਲ ਬੈਠੀ ਮੁਟਿਆਰ ਨੇ ਗਰਮ ਰੂੰ ਦਾ ਗੋਹੜਾ ਰਜਨੀ ਨੂੰ ਫੜਾ ਕੇ ਆਖਿਆ, ਮੈਂ ਕਿਹੜੀ ਬਿਗਾਨੇ ਥਾਂ ਵਾਂ, ਮੇਰਾ ਭਰਾ ਰੋਜ਼ ਮੈਨੂੰ ਆ ਕੇ ਮਿਲ ਜਾਂਦਾ ਏ ਤੇ ਹਮੇਸ਼ਾਂ ਇਹੋ ਤਗੀਦ ਕਰਦਾ ਏ ਕਿ ਜਦੋਂ ਇਹ ਰਾਜ਼ੀ ਹੋਣ ਓਦੋਂ ਹੀ ਉਹ ਮੈਨੂੰ ਘਰ ਲਿਜ਼ਾਇਗਾ ।

ਤੁਸੀਂ ਫ਼ਿਕਰ ਨਾ ਕਰੋ ਪਤਨੀ ਨੇ ਆਖਿਆ, ਮੈਂ ਵੀਰੋ ਨੂੰ ਰਤਾ ਔਖਾ ਨਹੀਂ ਹੋਣ ਦਿਆਂਗੀ, ਇਹਦੇ ਬਿਨਾਂ ਪਿਛਲੀਆਂ ਦੋ ਰਾਤਾਂ ਮੈਂ ਤੁਹਾਡੀ ਸੇਵਾ ਨਹੀਂ ਸੀ ਕਰ ਸਕਦੀ-ਵੀਰੋ ਬੰਦੀ ਨੇ ਅੱਖ ਨਾਲ ਅੱਖ ਨਹੀਂ ਲਈ।

ਵੀਰੋ, ਜੇ ਤੂੰ ਮੇਰੀ ਬੇੜੀ ਨੂੰ ਮੇਰੇ ਸਮੇਤ ਹੀ ਡੁਬ ਜਾਣ ਦੇਂਦੀਓਂ ਤਾਂ ਅਜ ਏਡੀ ਔਖੀ ਨਾ ਹੁੰਦੀਓਂ।

ਕਦੇ ਵਸ ਕੀਤਿਆਂ ਕੋਈ ਆਪਣੇ ਪ੍ਰਾਣ ਸਰੀਰ ਵਿਚੋਂ ਨਿਕਲਣ ਦਿੰਦਾ ਏ-ਮੇਰੇ ਭਰਾ ਨੂੰ ਪੁਛਣਾ, ਕੀਕਰ ਮੈਂ ਤੁਹਾਡੀ ਬੇੜੀ ਨੂੰ ਉਡੀਕਦੀ ਸਾਂ, ਏਸੇ ਉਡੀਕ ਵਿੱਚ ਅੱਖਾਂ ਦਰਿਆਂ ਉਤੇ ਅੱਡੀਆਂ ਹੋਈਆਂ ਸਨ ਕਿ ਤੁਹਾਡੀ ਬੇੜੀ ਮੈਨੂੰ ਆਉਂਦੀ ਦਿਸੀ, ਕੰਢੇ ਨਾਲ ਟਕਰਾਈ ਐਉਂ ਜਾਪਿਆ ਜਿਵੇਂ ਉਸ ਮੇਰੇ ਨਾਲ ਟੱਕਰ ਖਾਧੀ-ਮੈਂ ਚੀਕਾਂ ਮਾਰੀਆਂ ਤੇ ਪਿੰਡ ਕੱਠਾ ਹੋ ਗਿਆ।

ਫਾਟਕ ਉਤੇ ਚੌਕੀਦਾਰ ਦੇ ਕਿਸੇ ਨਾਲ ਝਗੜਨ ਦੀ ਆਵਾਜ਼ ਆਈ।

ਅਸਾਂ ਮਿਲਣਾ ਜ਼ਰੂਰ ਏ

ਉਹ ਬੜੇ ਔਖੇ ਨੇ-ਉਹਨਾਂ ਨਾਲ ਮਿਲਣ ਦੀ ਕਿਸੇ ਨੂੰ ਆਗਿਆ ਨਹੀਂ ਹੈ।

ਜਾ-ਤੂੰ ਪੁਛ ਆ-ਅਸੀਂ ਉਹਨਾਂ ਪਿੰਡਾਂ ਤੋਂ ਆਏ ਹਾਂ, ਜਿਨ੍ਹਾਂ ਵਿੱਚ ਉਹ ਰੋਜ਼ ਬੂਟੇ ਵੰਡਣ ਜਾਂਦੇ ਸਨ।

ਤੇ ਜਿਨ੍ਹਾਂ ਨੇ ਉਹਨਾਂ ਦਾ ਸਿਰ ਪਾੜ ਦਿਤਾ ਏ ਛਾਤੀ ਵਿੱਚ ਵੱਟੇ ਮਾਰੇ ਨੇ । ਚੌਕੀਦਾਰ ਨੇ ਅੱਖਾਂ ਲਾਲ ਕਰਕੇ ਆਖਿਆ।

ਇਹ ਵਾਜਾਂ ਪ੍ਰੇਮ-ਪੂੰਗਰੇ ਦੇ ਕੰਨੀਂ ਪਈਆਂ । ਉਸ ਨੇ ਪਤਨੀ ਨੂੰ ਫਾਟਕ ਤੇ ਭੇਜਿਆ।

ਚੌਕੀਦਾਰ, ਆਉਣ ਦਿਓ-ਵੀਰੋ ਦਾ ਸਦਕਾ ਆਉਣ ਦਿਓ-ਇਹਨਾਂ, ਪਤਾ ਨਹੀਂ ਵੱਟੇ ਮਾਰੇ ਨੇ ਕਿ ਨਹੀਂ, ਪਰ ਵੀਰੋ ਨੇ ਉਹਨਾਂ ਦੀ ਜਿੰਦ ਜ਼ਰੂਰ ਬਚਾਈ ਹੈ ਤੇ ਸੇਵਾ ਵਿੱਚ ਦਿਨ ਰਾਤ ਇਕ ਕਰ ਦਿਤੇ ਨੇ । ਵੀਰੋ ਵੀ ਤੇ ਉਹਨਾਂ ਪਿੰਡਾਂ ਦੀ ਇਕ ਕੁੜੀ ਹੈ।

ਜਦੋਂ ਰਜਨੀ ਚੌਕੀਚਾਰ ਨੂੰ ਸਮਝਾ ਰਹੀ ਸੀ ਪ੍ਰੇਮ-ਪੂੰਗਰਾ ਵੀਰੋ ਦੇ ਹਥੋਂ ਗਰਮ ਰੂੰ ਮਥੇ ਤੇ ਧਰਾ ਕੇ ਆਖ ਰਿਹਾ ਸੀ ।

ਮੇਰੀ ਚੰਗੀ ਵੀਰਾਂ, ਘ੍ਰਿਣਾ ਦੇ ਵੱਟਿਆਂ ਵਿੱਚ ਏਨਾ ਦੁੱਖ ਨਹੀਂ। ਜਿੰਨਾ ਪਿਆਰ ਦੀ ਘੁਟਣੀ ਵਿੱਚ ਸੁਖ ਹੈ-ਮੈਂ ਤੇਰੇ ਪਿਆਰ ਦਾ ਸਦਕਾ ਦੁਸ਼ਮਣਾਂ ਨਾਲ ਭਰਪੂਰ ਸਾਰੀ ਦੁਨੀਆਂ ਨੂੰ ਮਾਫ਼ ਕਰ ਸਕਦਾ ਹਾਂ- ਜਿਸ ਦੁਨੀਆਂ ਵਿੱਚ ਇੱਕ ਜੋੜਾ ਅੱਖਾਂ ਦਾ ਵੀ ਤੇਰੇ ਵਾਂਗ ਮੇਰੇ ਵਲ ਤਕ ਸਕਦਾ ਹੈ, ਉਸ ਦੁਨੀਆਂ ਦੀ ਸਾਰੀ ਘ੍ਰਿਣਾ ਮੈਂ ਭੁਲ ਸਕਦਾ ਹਾਂ

ਤੁਸੀਂ ਜਦੋਂ ਦੇ ਸਾਡੇ ਪਿੰਡ ਆਉਣ ਲਗੇ ਓ, ਮੈਨੂੰ ਮਾਂ ਕਹਿੰਦੀ ਏ ਤੂੰ ਹੋਰ ਦੀ ਹੋਰ ਹੋ ਗਈ ਏਂ ਤੁਹਾਡੀ ਬੇੜੀ ਦੀ ਉਡੀਕ ਵਿੱਚ ਸਾਰਾ ਦਿਨੇ ਚਾਈਂ ਚਾਈਂ ਘਰ ਦਾ ਕੰਮ ਕਰਨੀ ਆਂ-

ਉਹ ਜਾਣੇ ਜੇ ਤਿੰਨ ਵਰਿਆਂ ਵਿੱਚ ਮੈਂ ਇਕ ਬੂਟਾ ਵੀ ਨਾ ਲਾਇਆ ਹੋਵੇ, ਇਕ ਫੁਲ ਵੀ ਨਾ ਉਗਾਇਆ ਹੋਵੇ-ਇਕ ਘਰ ਨੂੰ ਵੀ ਨਾ ਸੁਖਾਇਆ ਹੋਵੇ ਤੇ ਜੇ ਮੈਂ ਇਕ ਮਾਸੂਮ ਨਿਰਛੱਲ ਦਿਲ ਦੀ ਪ੍ਰਸੰਸਾ ਲੈ ਸਕਿਆ ਹਾਂ ਤਾਂ ਮੈਂ ਖੁਸ਼ ਹਾਂ, ਮੇਰਾ ਜੀਵਨ ਏਡਾ ਵਿਅਰਥ ਨਹੀਂ ਲੰਘਿਆ, ਜੇਡਾ ਲੋਕ ਆਖਦੇ ਹਨ।

ਰਜਨੀ ਸਾਰੇ ਪੇਂਡੂਆਂ ਨੂੰ ਆਪਣੇ ਨਾਲ ਲੈ ਆਈ ਤੇ ਵਰਾਂਡੇ ਵਿੱਚ ਬੈਂਚਾਂ ਉਤੇ ਉਹਨਾਂ ਨੂੰ ਬਿਠਾ ਦਿਤਾ। ਉਹਨਾਂ ਦੇ ਮੂੰਹ ਸਹਿਮੇ ਹੋਏ ਸਨ ਜਿਉਂ ਜਿਉਂ ਉਹ ਪ੍ਰੇਮ-ਪੂੰਗਰੇ ਦੇ ਮੂੰਹ ਵਲ ਵਖਦੇ ਸਨ, ਥਾਂ ਥਾਂ ਉਤੇ ਬਧੀਆਂ ਪਟੀਆਂ ਦਾ ਧਿਆਨ ਕਰਦੇ ਸਨ, ਉਹਨਾਂ ਦੇ ਆਪਣੇ ਮੂੰਹ ਸ਼ਰਮ ਨਾਲ ਪ੍ਰੇਮ ਪੂੰਗਰੇ ਨਾਲੋਂ ਵੀ ਵਧੇਰੇ ਪੀਲੇ ਹੁੰਦੇ ਜਾਂਦੇ ਸਨ। ਉਸ ਮੁਖ ਉਤੇ ਅਜ ਕੋਈ ਮੁਸਕ੍ਰਾਹਟ ਨਹੀਂ ਸੀ, ਜਿਹਨੂੰ ਵੇਖਿਆਂ ਦਰਸ਼ਕਾਂ ਦੀਆਂ ਅੱਖਾਂ ਆਪਮੁਹਾਰੀਆਂ ਹਸ ਪੈਂਦੀਆਂ ਸਨ, ਕਈ ਨਾਵਾਕਫ਼ ਇਸਤ੍ਰੀਆਂ ਉਸ ਨੂੰ ਵੇਖ ਕੇ ਯਤਨ ਨਾਲ ਆਪਣੀ ਮੁਸਕ੍ਰਾਹਟ ਰੋਕਦੀਆਂ ਹੁੰਦੀਆਂ ਸਨ (**ਬਾਕੀ ਸਫ਼ਾ 31 'ਤੇ**)

# ਮੇਰੀ ਕਲਮ

## ਉੱਚੇ ਟਿੱਲੇ ਬੈਠਾ ਖੇਡੇਂ ਦੇਖ ਸਕੇਂ ਨਾ ਥੱਲੇ

ਉਮਰ ਗ਼ਨੀ

ਉੱਚੇ ਟਿੱਲੇ ਬੈਠਾ ਖੇਡੇਂ ਦੇਖ ਸਕੇਂ ਨਾ ਥੱਲੇ ।
ਦੁੱਖਾਂ ਮਾਰੇ ਪਾਗਲ ਲੋਕੀ ਸ਼ਹਿਰ ਤਿਰਾ ਛੱਡ ਚੱਲੇ ।

ਦਿਲ ਜਿਹੀ ਮਹਿੰਗੀ ਚੀਜ਼ ਦੀ ਦੇਖੋ ਕੀਮਤ ਕੀ ਹੈ ਪਾਈ,
ਇਕ ਰੁਮਾਲ, ਇਕ ਫੋਟੋ ਜਾਂ ਫਿਰ ਦੋ ਤਿੰਨ ਹੱਥ ਦੇ ਛੱਲੇ ।

ਸਾਡੇ ਜਿਹੇ ਸਿਧ ਪੱਧਰੇ ਲੋਕੀ ਮਿਲਣ ਕਿਤੇ ਤਾਂ ਦੱਸੀਂ,
ਗ਼ੈਰਾਂ ਦੇ ਦੁੱਖ ਸੀਨੇ ਲਾਵਣ, ਕੌਣ ਅਜੇਹੇ ਝੱਲੇ ।

ਬਿਰਹੋਂ ਵਾਲਾ ਔਖਾ ਪੈਂਡਾ ਕੱਟਣਾ ਬਹੁਤ ਹੀ ਮੁਸ਼ਕਿਲ,
ਸ਼ੂਕੇ ਰਾਤ ਹਨੇਰੀ ਉੱਤੋਂ ਡੈਣਾਂ ਨੇ ਮੂੰਹ ਮੱਲੇ ।

ਪੱਥਰ ਹੋਈਆਂ ਤੱਕ ਤੱਕ ਰਾਹਵਾਂ, ਅੱਖਾਂ ਹੰਝੂ ਭਰੀਆਂ,
ਰੁੱਸੇ ਯਾਰ ਨਾ ਫੇਰਾ ਪਾਇਆ, ਲੱਖ ਸੁਨੇਹੇ ਘੱਲੇ ।

ਬੰਦੇ ਦਾ ਅੱਜ ਬੰਦਾ ਵੈਰੀ, ਬਰਬਰ ਵੇਲੇ ਰੱਤੇ,
ਲੋਥਾਂ, ਲਹੂਆਂ, ਭਰੀਆਂ ਨਦੀਆਂ, ਬੱਲੇ, ਬੱਲੇ, ਬੱਲੇ ।

## ਜ਼ੁਲਮੀ ਰਾਤ ਦੇ ਵਾਸੀਆਂ ਦਾ ਜੇ ਅਜ਼ਮ ਪਕੇਰਾ ਹੋਵੇਗਾ

ਅਸ.ਗਰ ਸ਼ਾਮੀ

ਜ਼ੁਲਮੀ ਰਾਤ ਦੇ ਵਾਸੀਆਂ ਦਾ ਜੇ ਅਜ਼ਮ ਪਕੇਰਾ ਹੋਵੇਗਾ ।
ਤਾਂ ਉਹਨਾਂ ਦੇ ਲੇਖਾਂ ਵਿੱਚ ਇੱਕ ਨਵਾਂ ਸਵੇਰਾ ਹੋਵੇਗਾ ।

ਡਰ ਦਾ ਸੀਨਾ ਚੀਰ ਕੇ ਟੁਰ ਪੈ ਹੱਕਾਂ ਦੇ ਕੰਡਿਆਰੇ ਤੇ,
ਜਿੱਤਣਾਂ ਈ ਬਸ ਫੇਰ ਮੁਕੱਦਰ, ਆਖ਼ਰ ਤੇਰਾ ਹੋਵੇਗਾ ।

ਚਾਈ-ਚਾਈ ਗੁਲਸ਼ਨ ਵਿੱਚ ਸੱਧਰਾਂ ਦੀ ਕੁੱਲੀ ਪਾਉਂਦਾ ਨਾ,
ਹੁੰਦੀ ਸਾਰ ਜੇ ਸਾਂਝਾ ਬਿਜਲੀਆਂ ਨਾਲ ਬਨੇਰਾ ਹੋਵੇਗਾ ।

ਠਿੱਲਣ ਤੋਂ ਪਹਿਲਾਂ ਇਹ ਸੋਚੇ, ਗੋਤੇ ਖਾ-ਖਾ ਮਰਨਾ ਜੇ,
ਜੀਹਨਾਂ ਦੇ ਵੀ ਕੁੱਛੜ ਕੋਈ ਘੜਾ ਕਚੇਰਾ ਹੋਵੇਗਾ ।

ਮੇਰੀ ਸੱਚਾਈ ਨੂੰ ਪਰਖਣ ਦੀ ਇਹ ਇਕ ਨਿਸ਼ਾਨੀ ਏ,
ਸੂਲੀ ਤੇ ਵੀ ਮੇਰਾ ਸ਼ਿਮਲਾ ਫੇਰ ਉੱਚੇਰਾ ਹੋਵੇਗਾ ।

ਓੜਕ ਸਾਡੀ ਮੌਤ ਤੇ ਲੋਕੀ, ਸੰਗਲ ਬੰਨ੍ਹ ਕੇ ਪਿੱਟਣਗੇ,
ਵੇਲੇ ਦੇ ਮਨਸੂਰਾਂ ਦਾ ਇੰਜ ਸੋਗ ਘਨੇਰਾ ਹੋਵੇਗਾ ।

ਮੇਰੇ ਦੀਦੇ ਸ਼ਹਿਰ ਦਿਆਂ ਸਰਦਾਰਾਂ ਤੇ ਮੁੜ ਲੱਗੇ ਨੇ,
ਮੇਰੀਆਂ ਸੱਧਰਾਂ ਦਾ ਹੁਣ ਅਸ.ਗਰ ਕੌਣ ਲੁਟੇਰਾ ਹੋਵੇਗਾ ।

## ਮਾਇਆ

ਅਹਿਸਾਨ ਬਾਜਵਾ



ਮਾਇਆ ਤੈਨੂੰ ਸੱਤ ਸਲਾਮਾਂ ਜਿਹੜੇ ਘਰ ਵੀ ਜਾਨੀ ਐਂ
ਪੁੱਤਰਾਂ ਕੋਲੋਂ ਪਿਓ ਮਰਵਾਂਦੀ ਭਰਾ ਤੋਂ ਭਰਾ ਕੋਹਾਨੀ ਐਂ
ਨਾ ਤੇਰਾ ਕੋਈ ਦੀਨ ਮਜ਼ਹਬ ਏ ਨਾ ਹੀ ਤੇਰਾ ਧਰਮ ਹੈ ਕੋਈ
ਤੈਨੂੰ ਵੇਖ ਕੇ ਧੱਕੇ ਮਾਰੇ ਆਪਣੀਆਂ ਨਗਦੀਆਂ ਨੂੰ ਹਰ ਕੋਈ
ਤੂੰ ਹੀ ਸਭ ਤੋਂ ਵੱਡਾ ਰੱਬ ਹੈਂ ਤੂੰ ਹੀ ਦੇਵਤਾ ਸਭ ਤੋਂ ਚੰਗਾ
ਜਿਸਦੇ ਹੱਥ ਵਿਚ ਤੇਰਾ ਡੰਡਾ ਉਹੋ ਕਿਸੇ ਤੋਂ ਮੂਲ ਨਾ ਡਰਦਾ
ਤੈਨੂੰ ਸਾਂਭਣ ਦੇ ਲਈ ਲੋਕੀ ਨਵੀਆਂ ਸ਼ਕਲਾਂ ਨਿੱਤ ਵਟਾਂਦੇ
ਧਰਮਾਂ ਦੀ ਛਤਰੀ ਦੇ ਥੱਲੇ ਲੋਕਾਂ ਦਾ ਹੱਕ ਖਾਈ ਜਾਂਦੇ
ਤੂੰ ਈ ਸਭ ਤੋਂ ਵੱਡਾ ਸੱਪ ਹੈਂ ਜੋ ਭੁੱਖਿਆਂ ਨੂੰ ਲੜਦਾ ਜਾਂਦਾ
ਤੈਨੂੰ ਵੇਖ ਕੇ ਬੰਦਿਆਂ ਵਿਚੋਂ ਪਿਆਰ ਮੁਹੱਬਤ ਮਰਦਾ ਜਾਂਦਾ
ਮਾਇਆ ਤੈਨੂੰ ਸੱਤ ਸਲਾਮਾਂ ਜਿਹੜੇ ਘਰ ਤੂੰ ਜਾਨੀ ਐਂ
ਪੁੱਤਰਾਂ ਕੋਲੋਂ ਪਿਓ ਮਰਵਾਂਦੀ ਭਰਾ ਤੋਂ ਭਰਾ ਕੋਹਾਨੀ ਐਂ

## ਮੈਂ ਫੁੱਲ ਤੇਰਾ

ਸੁਖਪਾਲ ਵੀਰ ਸਿੰਘ ਹਸਰਤ



ਤੂੰ ਗੀਤ-ਅਨੂਪ, ਸਰੂਪ-ਜਿਗਰ,
ਤੂੰ ਇਸ਼ਕ-ਲਹਿਰ ਦਾ ਸਾਜ਼-ਹਿਜਰ,
ਸਤਿ-ਜੋਤ-ਅਖੰਡ-ਬ੍ਰਹਿਮੰਡਾਂ ਵਿਚ
ਆਕਾਸ਼, ਪਾਤਾਲ ਨਿਵਾਸ ਤੇਰਾ।
ਧਰਤੀ ਤੇ ਕੁਦਰਤ ਅਕਸ ਤੇਰਾ,
ਹਰ ਜ਼ੱਰੇ ਵਿਚ ਸਾਕਾਰ ਹੈਂ ਤੂੰ,
ਜੀ-ਦਾਨ-ਦਵੱਯਾ, ਅਚਲ, ਅਟਲ,
ਹਰ ਆਤਮਾਂ ਵਿਚ ਪਰਕਾਸ਼ ਤੇਰਾ।
ਹਰ ਸੁੰਦਰਤਾ ਦੀ ਸੋਹਜ-ਤੜੱਪ-
ਮੈਂ ਭੇਤ ਤੇਰਾ, ਤੂੰ ਨੂਰ ਮੇਰਾ।

ਮਜ਼ਲੂਮ, ਮਸੂਮ, ਅਨਾਥ, ਅਧਨ,
ਹਨ ਰੂਪ ਤੇਰੇ, ਦਿਲ-ਤਾਨ ਮੇਰੀ।
ਮਜ਼ਦੂਰ, ਕਿਸਾਨ, ਇਮਾਨ-ਜਹਾਂ,
ਸਭ ਕਿਰਣ ਤੇਰੀ, ਰਸ ਬੂੰਦ ਮੇਰੀ।
ਹੈ ਕਵਿਤਾ, ਨਿਰਤ ਕਿ ਚਿੱਤ੍ਰ ਕੋਈ
ਮੂਰਤ ਜਾਂ ਨਾਦ ਜਾਂ ਵੇਦ-ਰਿਚਾ,
ਸਭ ਸੱਗਲ-ਪੱਸਾਰ-ਅਕਾਰ ਤੇਰਾ
ਇਕ ਬੂੰਦ ਹੈ ਉਸ ਚੋਂ ਜਾਨ ਮੇਰੀ।
ਦਿਲ ਨਿਰਾਧਾਰ-ਨਿਰਵੈਰ ਤੇਰਾ,
ਮੈਂ ਫੁੱਲ ਤੇਰਾ, ਤੂੰ ਬਾਸ ਮੇਰੀ।

## ਕਲ ਵੀ ਤੇਰੇ ਜ਼ੁਲਮ ਦਾ ਰੌਲਾ ਜਾਂ ਫਿਰ ਮੇਰੇ ਝੱਲ ਦਾ ਸੀ

ਇਕਬਾਲ ਸਲਾਹੁੱਦੀਨ

ਕਲ ਵੀ ਤੇਰੇ ਜ਼ੁਲਮ ਦਾ ਰੌਲਾ ਜਾਂ ਫਿਰ ਮੇਰੇ ਝੱਲ ਦਾ ਸੀ।
ਅੱਜ ਵੀ ਤੇਰੇ ਸ਼ਹਿਰ ਦੇ ਅੰਦਰ ਚਰਚਾ ਏਸੇ ਗੱਲ ਦਾ ਸੀ।

ਜ਼ਾਲਮ ਤੇ ਮਜ਼ਲੂਮ ਦੋਹਾਂ ਵਿੱਚ, ਫ਼ਰਕ ਪਛਾਤਾ ਲੋਕਾਂ ਨੇ,
ਕਹਿਰ ਖ਼ੁਦਾ ਨਾ ਨਿੱਕਾ ਵੱਡਾ, ਫਿਰ ਵੀ ਤੇਰੇ ਵੱਲ ਦਾ ਸੀ।

ਮੁੱਢੋਂ ਲਾ ਈ ਜਾਣ ਗਿਆ ਸਾਂ ਤੇਰੀ ਅਥਰੀ ਆਦਤ ਨੂੰ,
ਉੱਠਦੇ ਬਹਿੰਦੇ ਸ਼ਾਮ ਸਵੇਰੇ, ਧੁੜਕੂ ਏਸੇ ਗੱਲ ਦਾ ਸੀ।

ਮਰਦੀ ਵਾਰ ਵੀ ਸੱਸੀ ਮੰਗੇ, ਖ਼ੈਰਾਂ ਪੁੰਨਣ ਯਾਰ ਦੀਆਂ,
ਉਸਨੂੰ ਜੇ ਕੋਈ ਸ਼ਿਕਵਾ ਹੈਸੀ ਤਪਦੇ ਮਾਰੂਥਲ ਦਾ ਸੀ।

ਓਸ ਝਨਾਂ ਕਦ ਡੋਬੀ ਸੋਹਣੀ ਨਿਤ ਜੋ ਮੇਲ ਕਰੇਂਦਾ ਸੀ,
ਆਪਣੇ ਦਿਲ 'ਚੋਂ ਜਿਹੜੀ ਉੱਠੀ, ਦੋਸ਼ ਤੇ ਓਸੇ ਛੱਲ ਦਾ ਸੀ।

*ਲਹਿੰਦੇ ਪੰਜਾਬ ਦੀ ਨਾਮਵਰ ਸ਼ਾਇਰਾ ਤਾਹਿਰਾ ਸਰਾ ਹੁਰਾਂ ਦੀ ਇੱਕ*

## ਗ਼ਜ਼ਲ

ਤਾਹਿਰਾ ਸਰਾ



ਕੰਧਾਂ ਕੋਠੇ ਡੋਰੇ ਹੋ ਗਏ ਸੁਣ ਸੁਣ ਰੌਲੇ ਅੱਖਾਂ ਦੇ
ਐਵੇਂ ਤੇ ਨਈਂ ਇੱਟਾਂ ਵਿਚੋਂ ਪੈਂਦੇ ਝਾਉਲੇ ਅੱਖਾਂ ਦੇ

ਇਕਲਾਪੇ ਨੇ ਲੂੰ ਲੂੰ ਦੇ ਨਾਂ ਉਮਰਾਂ ਲਾਈਆਂ ਹੋਈਆਂ ਸੀ
ਤੂੰ ਆਇਓਂ ਤੇ ਵਸਮਾ ਲਾ ਕੇ ਬਹਿ ਗਏ ਧੌਲੇ ਅੱਖਾਂ ਦੇ

ਦਿਲ ਏ ਜਿੱਸਰਾਂ ਬੋਟ ਚਿੜੀ ਦਾ ਬਾਲਾਂ ਦੇ ਹੱਥ ਆ ਜਾਵੇ
ਜੀਵਨ ਜਿੱਸਰਾਂ ਪੈ ਗਏ ਹੋਵਣ ਸੁਫ਼ਨੇ ਹੌਲੇ ਅੱਖਾਂ ਦੇ ?

ਵਾਵਰੋਲੇ ਯਾਦਾਂ ਦੇ ਪਏ ਰਸਮਾਂ ਵਾਂਗ ਡਰਾਉਂਦੇ ਨੇ
ਤਾਂਘਾਂ ਦੇ ਮੈਂ ਢਾਰੇ ਛੱਤੇ ਕਰ ਕੇ ਕੋਲੇ ਅੱਖਾਂ ਦੇ

ਫੁੱਲਾਂ ਵਾਂਗ ਫਲੂਹੇ ਖਿੜ ਪਏ ਤਾਹਿਰਾ ਅੱਜ ਸਿਰ੍ਹਾਣੇ 'ਤੇ
ਪੂਰੇ ਚੰਨ ਦੀ ਰਾਤ ਸੀ ਰਾਤੀਂ ਪਾਣੀ ਖੁੱਲ੍ਹੇ ਅੱਖਾਂ ਦੇ ?

## ਸੋਚ ਦੀਏ ਡਾਚੀਏ

ਅਰਤਿੰਦਰ ਸੰਧੂ



ਮੇਰੀ ਸੋਚ ਦੀਏ ਡਾਚੀਏ
ਰੁਕ ਕੇ ਪਲ ਕੁ ਵਾਚੀਏ
ਤੇਰਾ ਚੇਤਿਆਂ ਦੇ ਦੇਸ ਵਿੱਚ
ਪੌਣਾਂ ਵਰਗੇ ਵੇਸ ਵਿੱਚ
ਬੌਰੇ ਹੋ ਹੋ ਘੁੰਮਣਾਂ
ਖਿੱਲਰੀਆਂ ਪੈੜਾਂ ਚੁੰਮਣਾਂ
ਤੇਰੀ ਨੀਂਦ ਹੈ ਜਾਂ ਜਾਗ ਹੈ
ਜਗਿਆਸਾ ਜਾਂ ਵੈਰਾਗ ਹੈ

ਤੇਰੀ ਲੰਮ ਸਲੰਮੀ ਵਾਟ ਵਿੱਚ
ਮੱਥੇ 'ਚ ਜਗਦੀ ਲਾਟ ਵਿਚ
ਸੋਚਾਂ ਦਾ ਸੂਰਜ ਮਘ ਰਿਹਾ
ਤੇ ਤੈਨੂੰ ਜਗਦਾ ਰੱਖ ਰਿਹਾ
ਇਸ ਚਾਨਣੇ ਪਲ ਸਾਹ ਤਾਂ ਲੈ
ਆਪਣੇ ਸਫ਼ਰ ਦੀ ਥਾਹ ਤਾਂ ਲੈ
ਇਹ ਆ-ਮੁਹਾਰੇ ਪੰਧ ਨੀ
ਤੈਨੂੰ ਨਾ ਜਾਣ ਉਲੰਘ ਨੀ

ਤੇਰੀ ਧਰਤ ਅਜਬ ਹਸੀਨ ਹੈ
ਜੰਗਲਾਂ ਭਰੀ ਜ਼ਮੀਨ ਹੈ
ਬਿਦਲ ਖਿਆਲਾਂ ਦੇ ਕਿਤੇ
ਪਰਬਤ ਸੁਆਲਾਂ ਦੇ ਕਿਤੇ
ਪਗਡੰਡੀਆਂ ਇਕਵਾਸੀਆਂ
ਨਿੱਸਰਦੀਆਂ ਉਦਾਸੀਆਂ
ਪੈਰਾਂ ਨੂੰ ਆਪੇ ਛਲਦੇ ਰਾਹ
ਤੇ ਗੁੰਝਲਾਂ ਵਿਚ ਢਲਦੇ ਰਾਹ

ਤੇਰੇ ਪਰਬਤਾਂ ਵਿੱਚੋਂ ਰਿਸਦੀਆਂ
ਸਾਹਾਂ ਦੀ ਪੌਣ ਤੇ ਤਰਦੀਆਂ
ਤੇਰੀ ਜਿੰਦ ਦੀਆਂ ਬੱਦਲੀਆਂ
ਇਹ ਧੂੰਏਂ ਭਰੀਆਂ ਕਮਲੀਆਂ
ਉੱਛਲਦੀਆਂ ਭਟਕਦੀਆਂ
ਖਿੱਲਰਦੀਆਂ ਤੇ ਕਿਰਦੀਆਂ

ਵਾਟਾਂ ਤੋਂ ਫਿਰ ਥਿੜਕੀਆਂ
ਇਹ ਆਪਣੇ ਉੱਤੇ ਵਰ੍ਹਦੀਆਂ

ਤੇਰੇ ਥਲ ਨੇ ਅੜੀਏ ਬੇਵਫ਼ਾ
ਪੀ ਜਾਂਦੇ ਸਾਹਾਂ ਦੀ ਹਵਾ
ਤੈਨੂੰ ਰੇਤਿਆਂ ਵਿਚ ਰੇਤ ਕਰ
ਤੇਰੇ ਸਾਰੇ ਭੇਤ ਅਭੇਤ ਕਰ
ਤੇਰੀ ਪਿਆਸ ਦੇ ਬੀਜ ਖਿੰਡਾ ਰਹੇ
ਤੇ ਉਹ ਥੋਰ੍ਹਾਂ ਵਾਂਗ ਉਗਾ ਰਹੇ
ਤੇ ਤੂੰ ਆਪਣੇ ਕੰਡਿਆਂ ਵਿਚ ਘਿਰੀ
ਆਪਣੇ 'ਚੋਂ ਹੀ ਜਾਂਦੀ ਕਿਰੀ

ਤੇਰੇ ਸਾਗਰਾਂ ਦੇ ਉਛਾਲ ਨੀ
ਸਾਰੀ ਜਿੰਦ ਦੇਣ ਹੰਗਾਲ ਨੀ
ਸ਼ਾਹ ਗ਼ੋਤਿਆਂ ਵਿਚਕਾਰ ਰਹਿਣ
ਸੰਭਲਣ ਦੇ ਆਹਰ ਬੇਕਾਰ ਰਹਿਣ
ਨਾ ਤਰਨ ਦੀ ਹੀ ਹੋਸ਼ ਰਹੇ
ਨਾ ਜਰਨ ਦਾ ਹੀ ਜੋਸ਼ ਰਹੇ
ਲਹਿਰ ਲਹਿਰ ਸੋਚ ਵਹਿੰਦੀ
ਕਹਿਰ ਕਹਿਰ ਜਿੰਦ ਸਹਿੰਦੀ

ਮੇਰੀ ਸੋਚ ਦੀਏ ਡਾਚੀਏ
ਕਦੇ ਸਫ਼ਰ ਆਪਣੇ ਵਾਚੀਏ
ਤੇਰੀ ਤੋਰ ਵਿੱਚ ਮਚਲਦੀਆਂ
ਤੇਰੀ ਹੋਂਦ ਦੀਆਂ ਟੱਲੀਆਂ
ਅਣਦਿਸਦੇ ਪੰਧ ਸਰਾਪ ਨੇ
ਕਦੇ ਜ਼ਿੰਦਗੀ ਦਾ ਅਜਾਬ ਨੇ
ਇਹ ਖੇਡ ਦਾ ਹੀ ਹੈ ਕਮਾਲ
ਰੁਕਣਾ ਤੇ ਤੁਰਨਾ ਵੀ ਹੈ ਮੁਹਾਲ

ਮੇਰੀ ਸੋਚ ਦੀਏ ਡਾਚੀਏ
ਕਦੇ ਖੁਦ ਵੀ ਖੁਦ ਨੂੰ ਵਾਚੀਏ

## ਕਵਿਤਾ ਰੱਖੜੀ

ਸੁਖਬੀਰ ਸਿੰਘ ਖੁਰਮਣੀਆਂ





ਲੈ ਕੇ ਆਏ ਰੱਖੜੀ ਮੇਰੇ ਭੈਣ ਜੀ।
ਇਹਦੇ ਨਾਲ਼ ਵਧੇ ਪਿਆਰ ਸਾਰੇ ਕਹਿਣ ਜੀ।
ਧਾਗੇ ਦਾ ਇਹ ਤੰਦ ਭੰਡਾਰ ਹੈ ਪਿਆਰ ਦਾ,
ਇੱਕ ਦੂਜੇ ਦੇ ਪ੍ਰਤੀ ਪ੍ਰਗਟਾਏ ਸਤਿਕਾਰ ਦਾ।
ਖ਼ੁਸ਼ੀ-ਖ਼ੁਸ਼ੀ ਰਲ਼ ਸਾਰੇ ਇਕੱਠੇ ਬਹਿਣ ਜੀ।
ਲੈ ਕੇ ਆਏ ਰੱਖੜੀ---------।
ਕੋਈ ਵੱਸੇ ਨੇੜੇ ਕੋਈ ਗਿਆ ਦੂਰ ਹੈ,
ਸਭ ਤੱਕ ਰੱਖੜੀ ਪਹੁੰਚਦੀ ਜ਼ਰੂਰ ਹੈ।
ਪਿਆਰ ਭਰੇ ਹੰਝੂ ਫਿਰ ਅੱਖਾਂ 'ਚੋਂ ਵਹਿਣ ਜੀ।
ਲੈ ਕੇ ਆਏ ਰੱਖੜੀ -------------।
ਵੀਰ ਉਮਰਾਂ ਦੇ ਮਾਪੇ ਸਿਆਣਿਆਂ ਦੇ ਬੋਲ ਨੇ,
ਭਾਗਾਂ ਵਾਲੀਆਂ ਨੇ ਭੈਣਾਂ ਵੀਰ ਜਿਨ੍ਹਾਂ ਕੋਲ ਨੇ।
ਦੁੱਖ ਸੁੱਖ ਸਦਾ ਇਹ ਵੰਡਾਉਂਦੇ ਰਹਿਣ ਜੀ।
ਲੈ ਕੇ ਆਏ ਰੱਖੜੀ----------।
ਦਿਲ਼ 'ਚ ਤਾਂਘ ਰਹੇ ਸਦਾ ਇਸ ਤਿਉਹਾਰ ਦੀ,
ਯੁੱਗ ਯੁੱਗ ਸਾਂਝ ਰਹੇ ਭੈਣ ਦੇ ਪਿਆਰ ਦੀ।
'ਸੁਖ' ਪਰਿਵਾਰਾਂ 'ਚ ਤਰੇੜਾਂ ਕਦੇ ਨਾ ਪੈਣ ਜੀ।
ਲੈ ਕੇ ਆਏ ਰੱਖੜੀ ਮੇਰੇ ਭੈਣ ਜੀ।
ਇਹਦੇ ਨਾਲ ਵਧੇ ਪਿਆਰ ਸਾਰੇ ਕਹਿਣ ਜੀ।




## 69ਵਾਂ ਕੌਮੀ ਫ਼ਿਲਮ ਪੁਰਸਕਾਰ

# ‘ਸਰਦਾਰ ਊਧਮ’ ਬਣੀ ਸਰਵੋਤਮ ਹਿੰਦੀ ਫ਼ਿਲਮ




## ਅੱਲੂ ਅਰਜੁਨ, ਆਲੀਆ ਭੱਟ ਅਤੇ ਕ੍ਰਿਤੀ ਸੈਨਨ ਸਰਵੋਤਮ ਅਦਾਕਾਰ



ਸਾਲ 2021 ਲਈ ਦਿੱਤੇ ਜਾਣ ਵਾਲੇ ਕੌਮੀ ਫਿਲਮ ਪੁਰਸਕਾਰਾਂ ਵਿੱਚ ਸੂਜੀਤ ਸਰਕਾਰ ਦੀ ਬਾਇਓਪਿਕ ‘ਸਰਦਾਰ ਊਧਮ ਸਿੰਘ’ ਨੂੰ ਸਰਵੋਤਮ ਹਿੰਦੀ ਫਿਲਮ ਐਲਾਨਿਆ ਗਿਆ ਹੈ। ਵਿੱਕੀ ਕੌਸ਼ਲ ਦੀ ਅਦਾਕਾਰੀ ਵਾਲੀ ਇਸ ਫਿਲਮ ਨੇ ਬੈਸਟ ਸਿਨੇਮਾਟੋਗ੍ਰਾਫੀ, ਸਰਵੋਤਮ ਪ੍ਰੋਡਕਸ਼ਨ ਡਿਜ਼ਾਈਨ ਤੇ ਕੌਸਟਿਊਮ ਡਿਜ਼ਾਈਨ ਵਰਗ ਵਿੱਚ ਵੀ ਪੁਰਸਕਾਰ ਜਿੱਤੇ। ਬੌਲੀਵੁੱਡ ਅਦਾਕਾਰਾਂ ਆਲੀਆ ਭੱਟ ਤੇ ਕ੍ਰਿਤੀ ਸੈਨਨ ਨੂੰ ਕ੍ਰਮਵਾਰ ਫਿਲਮ ‘ਗੰਗੂਬਾਈ ਕਾਠੀਆਵਾੜੀ’ ਤੇ ‘ਮਿਮੀ’ ਵਿੱਚ ਨਿਭਾਏ ਕਿਰਦਾਰਾਂ ਲਈ ਬਿਹਤਰੀਨ ਅਦਾਕਾਰਾ ਦਾ ਪੁਰਸਕਾਰ ਦਿੱਤਾ ਗਿਆ ਹੈ। ਦੱਖਣ ਦੇ ਸਟਾਰ ਅਲੂ ਅਰਜੁਨ ਨੂੰ ਤੈਲਗੂ ਬਲਾਕਬਸਟਰ ‘ਪੁਸ਼ਪਾ: ਦਿ ਰਾਈਜ਼ (ਪਾਰਟ-1) ਲਈ ਬੈਸਟ ਐਕਟਰ ਦੇ ਐਵਾਰਡ ਲਈ ਚੁਣਿਆ ਗਿਆ। ਬੈਸਟ ਨਿਰਦੇਸ਼ਕ ਦਾ ਕੌਮੀ ਫਿਲਮ ਪੁਰਸਕਾਰ ਮਰਾਠੀ ਫ਼ਿਲਮ ‘ਗੋਦਾਵਰੀ’ ਲਈ ਨਿਖਿਲ ਮਹਾਜਨ ਦੀ ਝੋਲੀ ਪਿਆ। ਹਿੰਦੀ ਫਿਲਮ ‘ਰਾਕੇਟਰੀ: ਦਿ ਨਾਂਬੀ ਇਫੈਕਟ’ ਨੂੰ ਸਰਵੋਤਮ ਫੀਚਰ ਫਿਲਮ ਐਲਾਨਿਆ ਗਿਆ ਹੈ। ਫਿਲਮਸਾਜ਼ ਕੇਤਨ ਮਹਿਤਾ ਦੀ ਅਗਵਾਈ ਵਾਲੀ 11 ਮੈਂਬਰੀ ਜਿਊਰੀ ਨੇ ਕੀਤਾ। ਹੋਰਨਾਂ ਵਰਗਾਂ ਵਿੱਚ ਪੰਕਜ ਤ੍ਰਿਪਾਠੀ ਨੂੰ ਫਿਲਮ ‘ਮਿਮੀ’ ਤੇ ਪੱਲਵੀ ਜੋਸ਼ੀ ਨੂੰ ਫ਼ਿਲਮ ‘ਦਿ ਕਸ਼ਮੀਰ ਫਾਈਲਜ਼’ ਲਈ ਕ੍ਰਮਵਾਰ ਸਰਵੋਤਮ ਸਹਾਇਕ ਅਦਾਕਾਰ ਤੇ ਅਦਾਕਾਰਾ ਦੇ ਪੁਰਸਕਾਰਾਂ ਲਈ ਨਾਮਜ਼ਦ ਕੀਤਾ ਗਿਆ। ਤ੍ਰਿਪਾਠੀ ਨੇ ਐਵਾਰਡ ਆਪਣੇ ਪਿਤਾ ਨੂੰ ਸਮਰਪਿਤ ਕੀਤਾ, ਜਿਨ੍ਹਾਂ ਦਾ ਪਿਛਲੇ ਦਿਨੀਂ ਦੇਹਾਂਤ ਹੋ ਗਿਆ ਸੀ। ‘ਦਿ ਕਸ਼ਮੀਰ ਫਾਈਲਜ਼’ ਦੇ ਨਿਰਦੇਸ਼ਕ ਵਿਵੇਕ ਰੰਜਨ ਅਗਨੀਹੋਤਰੀ ਨੇ ਨੈਸ਼ਨਲ ਇੰਟੀਗ੍ਰੇਸ਼ਨ ਬਾਰੇ ਸਰਵੋਤਮ ਫਿਲਮ ਲਈ ਨਰਗਿਸ ਦੱਤ ਐਵਾਰਡ ਜਿੱਤਿਆ। ਫਿਲਮ ‘ਆਰਆਰਆਰ’ ਨੇ ਛੇ ਪੁਰਸਕਾਰ ਜਿੱਤੇ। ਫਿਲਮ ਦੇ ਸੰਗੀਤ ਨਿਰਦੇਸ਼ਕ ਐੱਮ.ਐੱਮ.ਕੀਰਾਵਾਨੀ ਨੇ ਫ਼ਿਲਮ ‘ਪੁਸ਼ਪਾੜ’ ਦੇ ਸੰਗੀਤ ਨਿਰਦੇਸ਼ਕ ਦੇਵੀ ਪ੍ਰਸ਼ਾਦ ਨਾਲ ਐਵਾਰਡ ਸਾਂਝਾ ਕੀਤਾ। ਐੱਸ.ਐੱਸ.ਰਾਜਾਮੌਲੀ ਵੱਲੋਂ ਨਿਰਦੇਸ਼ਿਤ ਫਿਲਮ ਨੇ ਸਰਵੋਤਮ ਪਾਪੂਲਰ ਫਿਲਮ (ਐਂਟਰਟੇਨਮੈਂਟ), ਸਰਵੋਤਮ ਪੁਰਸ਼ ਪਿੱਠਵਰਤੀ ਗਾਇਕ ਕਾਲਭੈਰਵਾ, ਬੈਸਟ ਸਪੈਸ਼ਲ ਇਫੈਕਟਸ, ਬੈਸਟ ਐਕਸ਼ਨ ਡਾਇਰੈਕਟਰ ਤੇ ਬੈਸਟ ਕੋਰੀਓਗ੍ਰਾਫ਼ੀ ਸ਼੍ਰੇਣੀ ਵਿਚ ਵੀ ਪੁਰਸਕਾਰ ਜਿੱਤੇ। ਸ਼੍ਰੇਆ ਘੋਸ਼ਾਲ ਨੇ ਫਿਲਮ ‘ਇਰਾਵਿਨ ਨਿਨਜ਼ਾਲ’ ਦੇ ਗੀਤ ‘ਮਾਯਾਵਾ ਛਾਇਆਵਾ’ ਲਈ ਬਿਹਤਰੀਨ ਮਹਿਲਾ ਪਿੱਠਵਰਤੀ ਗਾਇਕ ਦਾ ਐਵਾਰਡ ਜਿੱਤਿਆ। ਮੂਲ ਪਟਕਥਾ ਦਾ ਪੁਰਸਕਾਰ ਮਲਿਆਲਮ ਫਿਲਮ ‘ਨਾਯਾਟੂ’ ਤੇ ਇਸ ਦੇ ਲੇਖਕ ਸ਼ਾਹੀ ਕਬੀਰ ਨੂੰ ਮਿਲਿਆ।

ਸਰਵੋਤਮ ਫਿਲਮ ਕ੍ਰਿਟਿਕ – ਪਰਸ਼ੋਤਮ ਚਾਰਯੁਲਿਊ (ਤੇਲਗੂ), ਬੈਸਟ ਬੁਕ ਆਨ ਸਿਨੇਮਾ – ਰਾਜੀਵ ਵਿਜੇਕਰ, ਕ੍ਰਿਟਿਕ ਸਪੈਸ਼ਲ – ਸੁਬਰਾਮਨੀਅਮ ਬੱਦੂਰ, ਗੈਰ ਫੀਚਰ ਫਿਲਮ,ਬਾਲਯ ਬੰਗਰਾ – ਅਨਿਰੁਧ ਜਾਟਕਰ, ਕਰੁਵਰੈ—ਸ੍ਰੀਕਾਂਤ ਦੇਵਾ,

ਦ ਹੀਲਿੰਗ ਟੱਚ – ਸ਼ਵੇਤਾ ਕੁਮਾਰ ਦਾਸ, (ਬਾਕੀ ਸਫ਼ਾ 31 ’ਤੇ)

# ਪੰਜਾਬੀ ਦੇ ਨਾਲ-ਨਾਲ ਹਿੰਦੀ, ਤਾਮਿਲ, ਤੇਲਗੂ ਅਤੇ ਮਰਾਠੀ ਭਾਸ਼ਾ ਵਿੱਚ ਵੀ ਰਿਲੀਜ਼ ਹੋਈ ਫ਼ਿਲਮ ਮਸਤਾਨੇ



ਪ੍ਰੋ. ਹਰਕਿਰਨ ਜੀਤ ਸਿੰਘ ਰਾਮਗੜ੍ਹੀਆ




ਸਿੱਖ ਇਤਿਹਾਸ ਦੇ ਅਣਗੌਲੇ ਤੇ ਸੁਨਹਿਰੀ ਇਤਿਹਾਸ ਨੂੰ ਫ਼ਿਲਮੀ ਪਰਦੇ ’ਤੇ ਦਿਖਾਉਣ ਲਈ ਵੇਹਲੀ ਜਨਤਾ ਟੀਮ ਤੇ ਤਰਸੇਮ ਜੱਸੜ ਵੱਲੋਂ ਬਹੁਤ ਮਿਹਨਤ ਨਾਲ ਬਣਾਈ ਗਈ ਮਸਤਾਨੇ ਪੰਜਾਬੀ ਫਿਲਮ ਰਿਲੀਜ਼ ਹੋ ਗਈ। ਜੋ ਕਿ ਪੰਜਾਬੀ ਦੇ ਨਾਲ ਨਾਲ ਹਿੰਦੀ, ਤਾਮਿਲ, ਤੇਲੂ ਅਤੇ ਮਰਾਠੀ ਭਾਸ਼ਾ ਵਿੱਚ ਵੀ ਰਿਲੀਜ਼ ਕੀਤੀ ਗਈ ਹੈ। ਇਹ ਕਿਸੇ ਵੀ ਪੰਜਾਬੀ ਫਿਲਮ ਦੇ ਲਈ ਬਹੁਤ ਵੱਡੀ ਗੱਲ ਹੈ।

ਇਸ ਫ਼ਿਲਮ ਦਾ ਨੌਜਵਾਨ ਪੀੜੀ ਖਾਸ ਕਰਕੇ ਪੰਜਾਬੀ ਨੌਜਵਾਨਾਂ (ਬੇਸ਼ੱਕ ਉਹ ਪੰਜਾਬ ਵਿੱਚ ਰਹਿੰਦੇ ਹਨ, ਜਾਂ ਕੈਨੇਡਾ, ਅਮਰੀਕਾ, ਇੰਗਲੈਂਡ ਜਾਂ ਦੁਨੀਆਂ ਦੇ ਕਿਸੇ ਵੀ ਕੋਨੇ ਵਿੱਚ) ਵੱਲੋਂ ਬਹੁਤ ਸਮੇਂ ਤੋਂ ਇੰਤਜ਼ਾਰ ਕੀਤਾ ਜਾ ਰਿਹਾ ਸੀ। ਫ਼ਿਲਮ ਵਿੱਚ ਸਿੱਖ ਕੌਮ ਦੇ ਉਸ ਸੁਨਹਿਰੀ ਇਤਿਹਾਸ ਨੂੰ ਪੇਸ਼ ਕੀਤਾ ਗਿਆ ਹੈ, ਜਿਸ ਵਿੱਚ ਕਾਬੁਲ ਦੇ ਉਸ ਸਮੇਂ ਦੇ ਜ਼ਾਲਮ ਤੇ ਬੇਖ਼ੌਫ਼ ਬਾਦਸ਼ਾਹ ’ਤੇ ਸਿੱਖ ਯੋਧਿਆਂ ਵੱਲੋਂ ਹੱਥ ਪਾਇਆ ਜਾ ਰਿਹਾ ਸੀ, ਜਿਸ ਅੱਗੇ ਸਾਰਾ ਹਿੰਦੁਸਤਾਨ ਝੁਕਿਆ ਹੋਇਆ ਸੀ ਤੇ ਰਾਜੇ ਆਪਣੀਆਂ ਜਾਨਾਂ ਬਚਾਉਣ ਲਈ ਆਪਣੀਆਂ ਪਤਨੀਆਂ ਤੇ ਲੜਕੀਆਂ ਨੂੰ ਬਾਦਸ਼ਾਹ ਅੱਗੇ ਪੇਸ਼ ਕਰਕੇ ਆਪਣੀ ਜਾਨ ਬਚਾ ਰਹੇ ਸਨ।

ਗੱਲ ਕਰ ਰਹੇ ਹਾਂ 18ਵੀ ਸਦੀ ਦੀ, ਜਦੋਂ ਨਾਦਰ ਸ਼ਾਹ ਅਬਦਾਲੀ ਵੱਲੋਂ ਦਿੱਲੀ ਤੇ ਬੇਖ਼ੌਫ਼ ਹੋ ਕੇ ਹਮਲੇ ਕੀਤੇ ਜਾ ਰਹੇ ਸਨ ਤੇ ਦਿੱਲੀ ਦੇ ਸੋਨਾ, ਚਾਂਦੀ, ਹੀਰੇ, ਜਵਾਹਰਾਤ ਤੇ ਇਥੋਂ ਤੱਕ ਕੇ ਨੌਜਵਾਨ ਖੂਬਸੂਰਤ ਔਰਤਾਂ ਤੇ ਕੁੜੀਆਂ ਨੂੰ ਕੈਦ ਕਰਕੇ ਆਪਣੇ ਨਾਲ ਕਾਬੁਲ ਲਿਜਾਇਆ ਜਾ ਰਿਹਾ ਸੀ। ਪਰ ਹਿੰਦੁਸਤਾਨ ਦੇ ਕਿਸੇ ਵੀ ਰਾਜੇ ਜਾ ਯੋਧਿਆਂ ਵੱਲੋਂ ਉਸ ਵੱਲ ਦੇਖਣ ਦੀ ਹਿੰਮਤ ਨਹੀਂ ਕੀਤੀ ਜਾ ਰਹੀ ਸੀ। ਉਸ ਸਮੇਂ ਜੰਗਲਾਂ ਵਿੱਚ ਰਹਿ ਰਹੇ ਸਿੱਖਾਂ ਨੂੰ ਜਦੋਂ ਇਸ ਗੱਲ ਬਾਰੇ ਪਤਾ ਲੱਗਿਆ ਤਾਂ ਫਿਰ ਸ. ਜੱਸਾ ਸਿੰਘ ਆਹਲੂਵਾਲੀਆਂ, ਸ. ਜੱਸਾ ਸਿੰਘ ਰਾਮਗੜ੍ਹੀਆ, ਸ. ਬਘੇਲ ਸਿੰਘ ਵੱਲੋਂ ਰਾਤ ਦੇ ਸਮੇਂ ਨਾਦਰ ਸ਼ਾਹ ਦੀ ਫ਼ੌਜ ’ਤੇ ਹਮਲਾ ਕਰਕੇ ਕੈਦ ਕੀਤੀਆਂ ਕੁੜੀਆਂ ਤੇ ਔਰਤਾਂ ਨੂੰ ਵਾਪਿਸ ਉਨ੍ਹਾਂ ਦੇ ਘਰ ਸੁਰੱਖਿਅਤ ਪਹੁੰਚਾਇਆ ਜਾ ਰਿਹਾ ਸੀ।

ਜਿਸ ’ਤੇ ਨਾਦਰ ਸ਼ਾਹ ਅਬਦਾਲੀ ਤਿਲਮਿਲਾ ਉੱਠਿਆ ਤੇ ਗੁੱਸੇ ਦਾ ਭਰਿਆ ਪੀਤਾ ਲਾਹੌਰ ਪਹੁੰਚ ਗਿਆ। ਲਾਹੌਰ ਜਾ ਕੇ ਲਾਹੌਰ ਦੇ ਸੂਬੇਦਾਰ ਜ਼ਕਰੀਆ ਖਾਨ ਤੋਂ ਪੁੱਛਿਆ ਕਿ ਇਹ ਲੋਕ ਕੌਣ ਹਨ? ਜੋ ਕਿ ਮੈਨੂੰ ਲੁੱਟਣ ਦਾ ਜ਼ੇਰਾ ਕਰ ਰਹੇ ਹਨ। ਮੈਂ ਦਿੱਲੀ ਨੂੰ ਬੇਖ਼ੌਫ ਹੋ ਕੇ ਲੁੱਟਿਆ, ਇਹ ਪੰਜਾਬ ਵਿੱਚ ਮੈਨੂੰ ਲੁੱਟ ਰਹੇ ਹਨ। ਇਹ ਲੋਕ ਕਿੱਥੇ ਰਹਿੰਦੇ ਹਨ ਤੇ ਕੌਣ ਹਨ? ਇਹਨਾਂ ਦੇ ਘਰ ਕਿੱਥੇ ਹਨ? ਪਰਿਵਾਰ ਕਿਥੇ ਰਹਿੰਦਾ ਹੈ? ਇਹ ਖਾਂਦੇ ਕੀ ਹਨ ਤੇ ਪਹਿਨਦੇ ਕੀ ਹਨ? ਮੈਨੂੰ ਇਹਨਾਂ ਬਾਰੇ ਸਾਰੀ ਜਾਣਕਾਰੀ ਚਾਹੀਦੀ ਹੈ; ਇਸ ਬਾਰੇ ਫਿਰ ਜ਼ਕਰੀਆ ਖਾਨ ਨੇ ਨਾਦਰ ਸ਼ਾਹ ਨੂੰ ਦੱਸਿਆ ਕਿ ਇਹ ਆਪਦੇ ਆਪ ਨੂੰ ਸਿੱਖ ਕਹਾਉਂਦੇ ਹਨ। ਇਹਨਾਂ ਦਾ ਪਹਿਲਾ ਵਲੀ ਗੁਰੂ ਨਾਨਕ ਹੋਇਆ ਹੈ ਤੇ ਦਸਵਾਂ ਗੁਰੂ ਗੋਬਿੰਦ ਸਿੰਘ ਹੋਇਆ ਹੈ। ਜਿਸ ਨੇ ਇਹਨਾਂ ਨੂੰ ਆਬੇ-ਹਿਯਾਤ ਦੇ ਕੇ ਅਮਰ ਬਣਾ ਦਿੱਤਾ ਹੈ। ਇਹ ਕਿਸੇ ਦਾ ਡਰ ਨਹੀਂ ਮੰਨਦੇ, ਇਹ ਜੰਗਲਾਂ ਵਿੱਚ ਰਹਿੰਦੇ ਹਨ ਤੇ ਛੋਲਿਆਂ ਨੂੰ ਬਦਾਮ ਕਹਿ ਕੇ ਖਾਂਦੇ ਹਨ। ਇਹ ਘੋੜਿਆਂ ਦੀਆਂ ਕਾਠੀਆਂ ’ਤੇ ਹੀ ਸੌਂ ਜਾਂਦੇ ਹਨ। ਇਹ ਮਜ਼ਲੂਮਾਂ ਤੇ ਬੇਸਹਾਰਿਆ ਦੀ ਰੱਖਿਆ ਕਰਦੇ ਹਨ। ਜਿਸ ’ਤੇ ਨਾਦਰ ਸ਼ਾਹ ਨੇ ਜ਼ਕਰੀਆ ਖਾਨ ਨੂੰ ਸਿੰਘਾਂ ਨੂੰ ਉਸ ਦੇ ਸਾਹਮਣੇ ਪੇਸ਼ ਕਰਨ ਲਈ ਕਿਹਾ।

ਇਸ ਤੋਂ ਬਾਅਦ ਸਾਰੀ ਫ਼ਿਲਮ ਦੇ ਵਿੱਚ ਸਿੱਖਾਂ ਨੂੰ ਨਾਦਰ ਸ਼ਾਹ ਦੇ ਸਾਹਮਣੇ ਪੇਸ਼ ਕਰਨ ਦੇ ਲਈ ਕਿਸ ਤਰਾਂ ਜ਼ਕਰੀਆਂ ਖਾਨ ਦੇ ਵਜ਼ੀਰ ਵੱਲੋਂ ਮਸਖ਼ਰਿਆ ਤੇ ਭੰਡਾਂ ਨੂੰ ਨਕਲੀ ਸਿੰਘ ਬਣਾ ਕੇ ਪੇਸ਼ ਕਰਨ ਦੀ ਤਿਆਰੀ ਕੀਤੀ ਜਾਂਦੀ ਹੈ, ਉਹ ਸਭ ਕੁਝ ਇਸ ਫਿਲਮ ਦੇ ਵਿੱਚ ਦਿਖਾਇਆ ਗਿਆ ਹੈ।

ਫਿਲਮ ਦੇ ਵਿੱਚ ਗੁਰਪ੍ਰੀਤ ਘੁੱਗੀ (ਕਲੰਦਰ), ਤਰਸੇਮ ਜੱਸੜ (ਜਹੂਰ), ਕਰਮਜੀਤ ਅਨਮੋਲ (ਬਸ਼ੀਰ), ਹਨੀ ਮੱਟੂ , ਬਨਿੰਦਰ ਬੰਨੀ, ਸਿਮੀ ਚਾਹਲ (ਨੂਰ), ਰਾਹੁਲ ਦੇਵ (ਨਾਦਰ ਸ਼ਾਹ), ਅਵਤਾਰ ਗਿੱਲ (ਜ਼ਕਰੀਆਂ ਖਾਨ), ਆਰਿਫ਼ ਜ਼ਕਾਰੀਆਂ (ਵਜ਼ੀਰ) ਵੱਲੋਂ ਬਾਖੂਬੀ ਅਦਾਕਾਰੀ ਕੀਤੀ ਗਈ ਹੈ। ਫਿਲਮ ਦੇ ਵਿੱਚ ਉਸ ਸਮੇਂ ਨੂੰ ਪਰਦੇ ’ਤੇ ਪੇਸ਼ ਕਰਨ ਲਈ ਵੇਹਲੀ ਜਨਤਾ ਦੀ ਆਰਟ ਟੀਮ ਵੱਲੋਂ ਬਹੁਤ ਵਧੀਆ ਕੋਸ਼ਿਸ਼ ਕੀਤੀ ਗਈ ਹੈ। ਉਸ ਸਮੇਂ ਦੀ ਬੋਲੀ ਜਾਂਦੀ ਬੋਲੀ ਨੂੰ ਪੇਸ਼ ਕਰਨ ਲਈ ਅਦਾਕਾਰਾਂ ਵੱਲੋਂ ਬਾਖੂਬੀ ਤਿਆਰੀ ਕੀਤੀ ਗਈ ਹੈ। ਫਿਲਮ ਦਾ ਸੰਗੀਤ ਬਹੁਤ ਵਧੀਆ ਹੈ ਤੇ ਗੀਤ ਤਰਸੇਮ ਜੱਸੜ, ਦਲੇਰ ਮਹਿੰਦੀ ਵੱਲੋਂ ਗਾਏ ਗਏ ਹਨ।

ਅਦਾਕਾਰੀ ਦੇ ਵਿੱਚ ਗੁਰਪ੍ਰੀਤ ਘੁੱਗੀ ਨੇ ਕਲੰਦਰ ਦਾ ਆਪਣਾ ਰੋਲ ਬਹੁਤ ਵਧੀਆ ਅਦਾ ਕੀਤਾ ਹੈ ਤੇ ਫ਼ਿਲਮ ਵਿੱਚ ਗੁਰਪ੍ਰੀਤ ਘੁੱਗੀ ਵੱਲੋਂ ਸੁਲਤਾਨ ਬਾਹੂ ਦੀ ਲਿਖਤ ਨੂੰ ਵੀ ਬਹੁਤ ਗਾਇਨ ਕਰਕੇ ਬਖੂਬੀ ਪੇਸ਼ ਕੀਤਾ ਗਿਆ ਹੈ। ਤਰਸੇਮ ਜੱਸੜ ਵੱਲੋਂ ਜਹੂਰ ਦਾ ਪਾਤਰ ਬਹੁਤ ਵਧੀਆ ਪੇਸ਼ ਕੀਤਾ ਗਿਆ ਹੈ। ਉਸ ਦੀਆਂ ਆਪਣੇ ਪਾਤਰ ਦੇ ਅਨੁਸਾਰ ਕੋਹਲੂ ਭਰੀਆਂ ਅੱਖਾਂ ਦੀ ਅਦਾਕਾਰੀ ਤੇ ਬੇਤੁਕੇ ਵਿਵਹਾਰਾਂ ਨੇ (ਬਾਕੀ ਸਫ਼ਾ 31 ’ਤੇ)

# ਸ਼ਤਰੰਜ ਵਿਸ਼ਵ ਕੱਪ 2023 ਫ਼ਾਈਨਲ 'ਚ ਹਾਰਨ ਦੇ ਬਾਵਜੂਦ ਆਰ. ਪ੍ਰਗਨਾਨੰਦ ਨੇ ਰਚਿਆ ਇਤਿਹਾਸ



## ਮਿਲੇਗਾ 66 ਲੱਖ ਰੁਪਏ ਦਾ ਇਨਾਮ




ਭਾਰਤ ਦੇ ਨੌਜਵਾਨ ਸ਼ਤਰੰਜ ਖਿਡਾਰੀ ਰਮੇਸ਼ਬਾਬੂ ਪ੍ਰਗਨਾਨੰਦ ਦਾ ਐਫ.ਆਈ.ਡੀ.ਈ. ਵਿਸ਼ਵ ਕੱਪ ਜਿੱਤਣ ਦਾ ਸੁਪਨਾ ਚਕਨਾਚੂਰ ਹੋ ਗਿਆ ਹੈ। ਉਹ ਫਾਈਨਲ ਦੇ ਟਾਈਬ੍ਰੇਕਰ ਵਿੱਚ 5 ਵਾਰ ਦੇ ਵਿਸ਼ਵ ਚੈਂਪੀਅਨ ਮੈਗਨਸ ਕਾਰਲਸਨ ਤੋਂ 1.5-0.5 ਨਾਲ ਹਾਰ ਗਿਆ।

ਟਾਈਬ੍ਰੇਕਰ ਦੀ ਪਹਿਲੀ ਤੇਜ਼ ਗੇਮ ਨਾਰਵੇ ਦੇ ਖਿਡਾਰੀ ਨੇ 47 ਚਾਲਾਂ ਤੋਂ ਬਾਅਦ ਜਿੱਤੀ। ਦੂਜੀ ਗੇਮ ਡਰਾਅ ਰਹੀ ਅਤੇ ਕਾਰਲਸਨ ਚੈਂਪੀਅਨ ਬਣ ਗਿਆ। ਇਸ ਤੋਂ ਪਹਿਲਾਂ ਦੋਵਾਂ ਨੇ ਕਲਾਸੀਕਲ ਰਾਊਂਡ ਦੀਆਂ ਦੋਵੇਂ ਖੇਡਾਂ ਡਰਾਅ ਕੀਤੀਆਂ ਸਨ।

ਜੇਕਰ ਪ੍ਰਗਨਾਨੰਦ ਨੇ ਇਹ ਮੈਚ ਜਿੱਤ ਲਿਆ ਹੁੰਦਾ ਤਾਂ ਕਿਸੇ ਭਾਰਤੀ ਨੇ 21 ਸਾਲ ਬਾਅਦ ਇਹ ਖਿਤਾਬ ਜਿੱਤਿਆ ਹੁੰਦਾ। ਇਸ ਤੋਂ ਪਹਿਲਾਂ ਵਿਸ਼ਵਨਾਥਨ ਆਨੰਦ ਨੇ 2002 ਵਿੱਚ ਇਹ ਚੈਂਪੀਅਨਸ਼ਿਪ ਜਿੱਤੀ ਸੀ। ਉਦੋਂ ਪ੍ਰਗਨਾਨੰਦ ਦਾ ਜਨਮ ਵੀ ਨਹੀਂ ਹੋਇਆ ਸੀ।

ਪ੍ਰਗਨਾਨੰਦਾ ਦਾ ਜਨਮ 10 ਅਗਸਤ 2005 ਨੂੰ ਚੇਨਈ ਵਿੱਚ ਹੋਇਆ ਸੀ। ਉਸਦੇ ਪਿਤਾ ਸਟੇਟ ਕਾਰਪੋਰੇਸ਼ਨ ਬੈਂਕ ਵਿੱਚ ਕੰਮ ਕਰਦੇ ਹਨ, ਜਦੋਂ ਕਿ ਮਾਂ ਨਾਗਲਕਸ਼ਮੀ ਇੱਕ ਘਰੇਲੂ ਔਰਤ ਹੈ। ਉਸਦੀ ਇੱਕ ਵੱਡੀ ਭੈਣ ਵੈਸ਼ਾਲੀ ਵੀ ਸ਼ਤਰੰਜ ਖੇਡਦੀ ਹੈ।

ਪ੍ਰਗਨਾਨੰਦ ਦਾ ਨਾਮ ਸਭ ਤੋਂ ਪਹਿਲਾਂ ਉਸ ਸਮੇਂ ਚਰਚਾ ਵਿੱਚ ਆਇਆ ਜਦੋਂ ਉਸਨੇ 7 ਸਾਲ ਦੀ ਉਮਰ ਵਿੱਚ ਵਿਸ਼ਵ ਯੁਵਾ ਸ਼ਤਰੰਜ ਚੈਂਪੀਅਨਸ਼ਿਪ ਜਿੱਤੀ। ਫਿਰ ਉਸਨੂੰ ਫੈਡਰੇਸ਼ਨ ਇੰਟਰਨੈਸ਼ਨਲ ਡੇਸ ਈਚਿਊਸ ਮਾਸਟਰ ਦਾ ਖਿਤਾਬ ਮਿਲਿਆ।

ਉਹ 12 ਸਾਲ ਦੀ ਉਮਰ ਵਿੱਚ ਗ੍ਰੈਂਡਮਾਸਟਰ ਬਣਿਆ ਅਤੇ ਇਹ ਖਿਤਾਬ ਹਾਸਲ ਕਰਨ ਵਾਲਾ ਸਭ ਤੋਂ ਘੱਟ ਉਮਰ ਦਾ ਭਾਰਤੀ ਬਣਿਆ। ਇਸ ਮਾਮਲੇ ਵਿੱਚ ਪ੍ਰਗਨਾਨੰਦ ਨੇ ਭਾਰਤ ਦੇ ਦਿੱਗਜ ਸ਼ਤਰੰਜ ਖਿਡਾਰੀ ਵਿਸ਼ਵਨਾਥਨ ਆਨੰਦ ਦਾ ਰਿਕਾਰਡ ਤੋੜ ਦਿੱਤਾ ਹੈ। ਇਸ ਤੋਂ ਪਹਿਲਾਂ ਉਸ ਨੇ 2016 ਵਿੱਚ ਸਭ ਤੋਂ ਨੌਜਵਾਨ ਅੰਤਰਰਾਸ਼ਟਰੀ ਮਾਸਟਰ ਬਣਨ ਦਾ ਖਿਤਾਬ ਵੀ ਆਪਣੇ ਨਾਂ ਕੀਤਾ ਸੀ। ਉਦੋਂ ਉਹ ਸਿਰਫ਼ 10 ਸਾਲ ਦਾ ਸੀ। ਗ੍ਰੈਂਡਮਾਸਟਰ ਸ਼ਤਰੰਜ ਵਿੱਚ ਸਭ ਤੋਂ ਉੱਚੇ ਦਰਜੇ ਦੇ ਖਿਡਾਰੀ ਹਨ। ਇਸ ਤੋਂ ਹੇਠਾਂ ਦੀ ਸ਼੍ਰੇਣੀ ਅੰਤਰਰਾਸ਼ਟਰੀ ਮਾਸਟਰ ਦੀ ਹੈ।

ਪ੍ਰਗਨਾਨੰਦ ਦੀ ਕਾਮਯਾਬੀ ਪਿੱਛੇ ਮਾਂ ਦਾ ਵੱਡਾ ਹੱਥ

ਪ੍ਰਗਨਾਨੰਦ ਦੀ ਕਾਮਯਾਬੀ ਪਿੱਛੇ ਮਾਂ ਦਾ ਵੱਡਾ ਹੱਥ ਹੈ। ਉਨ੍ਹਾਂ ਦੀ ਹਰ ਜ਼ਰੂਰਤ ਦਾ ਖਿਆਲ ਮਾਂ ਆਪ ਹੀ ਕਰਦੀ ਹੈ। ਭਾਵੇਂ ਇਹ ਖਾਣ-ਪੀਣ ਜਾਂ ਸਿਖਲਾਈ ਬਾਰੇ ਹੋਵੇ। ਪ੍ਰਗਨਾਨੰਦ ਦੀ ਮਾਂ ਹਮੇਸ਼ਾ ਉਸ ਦੇ ਨਾਲ ਰਹਿੰਦੀ ਹੈ। ਉਹ ਜਿੱਥੇ ਵੀ ਖੇਡਣ ਜਾਂਦੇ ਹਨ, ਮਾਂ ਉਨ੍ਹਾਂ ਦਾ ਸਾਥ ਦਿੰਦੀ ਹੈ। ਉਹ ਜਿੱਥੇ ਵੀ ਜਾਂਦੀ ਹੈ, ਆਪਣੇ ਨਾਲ ਪ੍ਰੈਸ਼ਰ ਕੁੱਕਰ ਲੈ ਕੇ ਜਾਂਦੀ ਹੈ, ਜਿਸ ਨਾਲ ਉਹ ਵਿਦੇਸ਼ 'ਚ ਵੀ ਆਪਣੇ ਬੇਟੇ ਨੂੰ ਘਰ ਦਾ ਖਾਣਾ ਖੁਆ ਸਕੇ।

**ਭੈਣ ਨੂੰ ਦੇਖ ਕੇ ਸ਼ਤਰੰਜ ਖੇਡਣ ਲੱਗ ਪਿਆ**

ਨੌਜਵਾਨ ਸ਼ਤਰੰਜ ਖਿਡਾਰੀ ਨੇ ਆਪਣੇ ਕੈਰੀਅਰ ਦੀ ਸ਼ੁਰੂਆਤ ਆਪਣੀ ਵੱਡੀ ਭੈਣ ਵੈਸ਼ਾਲੀ ਨੂੰ ਵੇਖ ਕੇ ਕੀਤੀ ਹੈ। ਆਰ. ਵੈਸ਼ਾਲੀ ਵੀ ਸ਼ਤਰੰਜ ਖੇਡਦੀ ਹੈ। ਉਹ 5 ਸਾਲ ਦੀ ਉਮਰ ਤੋਂ ਹੀ ਸ਼ਤਰੰਜ ਖੇਡ ਰਹੀ ਹੈ। ਵੈਸ਼ਾਲੀ ਇੱਕ ਮਹਿਲਾ ਗ੍ਰੈਂਡਮਾਸਟਰ ਵੀ ਹੈ।

ਉਹ ਇੱਕ ਇੰਟਰਵਿਊ ਵਿੱਚ ਦੱਸਦੀ ਹੈ ਕਿ ਜਦੋਂ ਮੈਂ 6 ਸਾਲ ਦੀ ਸੀ, ਮੈਂ ਬਹੁਤ ਸਾਰੇ ਕਾਰਟੂਨ ਦੇਖਦੀ ਸੀ। ਮੈਨੂੰ ਟੀਵੀ ਤੋਂ ਦੂਰ ਰੱਖਣ ਲਈ, ਮੇਰੇ ਮਾਤਾ-ਪਿਤਾ ਨੇ ਮੈਨੂੰ ਸ਼ਤਰੰਜ ਅਤੇ ਡਰਾਇੰਗ ਦੀਆਂ ਕਲਾਸਾਂ ਵਿੱਚ ਦਾਖਲ ਕਰਵਾਇਆ।

ਆਪਣੀ ਭੈਣ ਨੂੰ ਸ਼ਤਰੰਜ ਖੇਡਦੇ ਦੇਖ ਕੇ ਪ੍ਰਗਨਾਨੰਦ ਵੀ ਉਸ ਤੋਂ ਪ੍ਰੇਰਿਤ ਹੋਏ ਅਤੇ ਸਿਰਫ਼ 3 ਸਾਲ ਦੀ ਉਮਰ ਵਿੱਚ ਹੀ ਸ਼ਤਰੰਜ ਸਿੱਖਣਾ ਸ਼ੁਰੂ ਕਰ ਦਿੱਤਾ। ਉਸਨੇ ਸ਼ਤਰੰਜ ਦੀ ਕੋਈ ਕਲਾਸ ਨਹੀਂ ਲਈ ਅਤੇ ਆਪਣੀ ਵੱਡੀ ਭੈਣ ਤੋਂ ਖੇਡਣਾ ਸਿੱਖਿਆ।

# ਭਾਰਤੀ ਕੁਸ਼ਤੀ ਫ਼ੈਡਰੇਸ਼ਨ ਦੀ ਮੈਂਬਰਸ਼ਿਪ ਰੱਦ




ਨਵੀਂ ਦਿੱਲੀ/ਏ.ਟੀ.ਨਿਊਜ਼ :- ਯੂਨਾਈਟਿਡ ਵਰਲਡ ਰੈਸਲਿੰਗ (ਯੂ. ਡਬਲਯੂ. ਡਬਲਯੂ.) ਨੇ ਰੈਸਲਿੰਗ ਫੈਡਰੇਸ਼ਨ ਆਫ਼ ਇੰਡੀਆ (ਡਬਲਯੂ. ਐਫ. ਆਈ.) ਦੀ ਮੈਂਬਰਸ਼ਿਪ ਰੱਦ ਕਰ ਦਿੱਤੀ ਹੈ। ਉਸ ਨੇ 30 ਮਈ ਨੂੰ ਰੈਸਲਿੰਗ ਫੈਡਰੇਸ਼ਨ ਆਫ਼ ਇੰਡੀਆ ਨੂੰ ਇੱਕ ਪੱਤਰ ਲਿਖਿਆ ਸੀ। ਇਸ ਵਿੱਚ ਕਿਹਾ ਗਿਆ ਸੀ ਕਿ ਜੇਕਰ ਭਾਰਤੀ ਕੁਸ਼ਤੀ ਸੰਘ ਦੀ ਚੋਣ ਅਗਲੇ 45 ਦਿਨਾਂ ਤੱਕ ਯਾਨੀ 15 ਜੁਲਾਈ ਤੱਕ ਨਹੀਂ ਹੋਈ ਤਾਂ ਮੈਂਬਰਸ਼ਿਪ ਮੁਅੱਤਲ ਕਰ ਦਿੱਤੀ ਜਾਵੇਗੀ।

ਕੁਝ ਮਹਿਲਾ ਪਹਿਲਵਾਨਾਂ ਦੁਆਰਾ ਫੈਡਰੇਸ਼ਨ ਦੇ ਸਾਬਕਾ ਪ੍ਰਧਾਨ ਬ੍ਰਿਜ ਭੂਸ਼ਣ ਸਿੰਘ 'ਤੇ ਲਗਾਏ ਗਏ ਜਿਨਸੀ ਸ਼ੋਸ਼ਣ ਦੇ ਦੋਸ਼ਾਂ ਤੋਂ ਬਾਅਦ ਫੈਡਰੇਸ਼ਨ ਪਹਿਲਾਂ ਹੀ ਮੁਸ਼ਕਲ ਵਿੱਚ ਹੈ। ਹੁਣ ਯੂਨੀਅਨ ਦੀ ਮੈਂਬਰਸ਼ਿਪ ਗੁਆਉਣ ਤੋਂ ਬਾਅਦ ਇਹ ਭਾਰਤੀ ਪਹਿਲਵਾਨਾਂ ਲਈ ਵੱਡਾ ਝਟਕਾ ਹੈ।ਇਸ ਫੈਸਲੇ ਤੋਂ ਬਾਅਦ ਭਾਰਤੀ ਪਹਿਲਵਾਨ ਹੁਣ 16 ਤੋਂ 22 ਸਤੰਬਰ ਤੱਕ ਸਰਬੀਆ ਵਿੱਚ ਹੋਣ ਵਾਲੀ ਪੁਰਸ਼ ਵਿਸ਼ਵ ਕੁਸ਼ਤੀ ਚੈਂਪੀਅਨਸ਼ਿਪ ਵਿੱਚ ਭਾਰਤੀ ਝੰਡੇ ਹੇਠ ਨਹੀਂ ਖੇਡ ਸਕਣਗੇ। ਭਾਰਤੀ ਪਹਿਲਵਾਨਾਂ ਨੂੰ ਇਸ ਓਲੰਪਿਕ-ਕੁਆਲੀਫਾਇੰਗ ਚੈਂਪੀਅਨਸ਼ਿਪ ਵਿੱਚ ਯੂ. ਡਬਲਯੂ. ਡਬਲਯੂ. ਬੈਨਰ ਹੇਠ ਮੁਕਾਬਲਾ ਕਰਨਾ ਹੋਵੇਗਾ। ਉਨ੍ਹਾਂ ਦੀ ਗਿਣਤੀ 'ਅਧਿਕਾਰਤ ਨਿਰਪੱਖ ਅਥਲੀਟ' (ਏਐਨਏ) ਦੀ ਸ਼੍ਰੇਣੀ ਵਿੱਚ ਕੀਤੀ ਜਾਵੇਗੀ।

**ਅਧਿਕਾਰਤ ਨਿਰਪੱਖ ਅਥਲੀਟ ਸ਼੍ਰੇਣੀ ਕੀ ਹੈ ?**

ਅਥਾਰਾਈਜ਼ਡ ਨਿਊਟਰਲ ਐਥਲੀਟ ਸ਼੍ਰੇਣੀ ਦੇ ਤਹਿਤ ਵਿਵਾਦ ਦੀ ਸਥਿਤੀ ਵਿੱਚ ਸਬੰਧਿਤ ਦੇਸ਼ ਦੇ ਐਥਲੀਟ ਅੰਤਰਰਾਸ਼ਟਰੀ ਮੁਕਾਬਲਿਆਂ ਵਿੱਚ ਹਿੱਸਾ ਲੈਂਦੇ ਹਨ। ਇਸ ਸ਼੍ਰੇਣੀ ਦੇ ਐਥਲੀਟ ਆਪਣੇ ਦੇਸ਼ ਦੇ ਝੰਡੇ ਹੇਠ ਨਹੀਂ ਖੇਡਦੇ ਸਗੋਂ ਮੁਕਾਬਲੇ ਕਰਵਾਉਣ ਵਾਲੀ ਅੰਤਰਰਾਸ਼ਟਰੀ ਸੰਸਥਾ ਦੇ ਬੈਨਰ ਹੇਠ ਖੇਡਦੇ ਹਨ। ਇੰਨਾ ਹੀ ਨਹੀਂ, ਜੇਕਰ 'ਨਿਊਟਰਲ ਐਥਲੀਟ' ਵਜੋਂ ਭਾਗ ਲੈਣ ਵਾਲੇ ਖਿਡਾਰੀ ਤਗਮੇ ਜਿੱਤਦੇ ਹਨ ਤਾਂ ਉਨ੍ਹਾਂ ਮੈਡਲਾਂ ਨੂੰ ਆਪਣੇ ਦੇਸ਼ ਦੇ ਮੈਡਲਾਂ ਵਿੱਚ ਵੀ ਗਿਣਿਆ (ਬਾਕੀ ਸਫ਼ਾ 31 'ਤੇ)

# ਨੀਰਜ ਚੋਪੜਾ ਨੇ ਰਚਿਆ ਇਤਿਹਾਸ, ਵਿਸ਼ਵ ਐਥਲੈਟਿਕਸ ਚੈਂਪੀਅਨਸ਼ਿਪ 2023 'ਚ ਜਿੱਤਿਆ 'ਗੋਲਡ ਮੈਡਲ'

ਬੁਡਾਪੇਸਟ/ਏ.ਟੀ.ਨਿਊਜ਼ : ਨੀਰਜ ਚੋਪੜਾ ਨੇ ਵਿਸ਼ਵ ਐਥਲੈਟਿਕਸ ਚੈਂਪੀਅਨਸ਼ਿਪ ਦੀ ਜੈਵਲਿਨ ਥ੍ਰੋਅ ਪ੍ਰਤੀਯੋਗਿਤਾ 'ਚ ਸੋਨ ਤਗਮਾ ਜਿੱਤ ਕੇ ਇਤਿਹਾਸ ਰਚ ਦਿੱਤਾ ਤੇ ਇਹ ਉਪਲਬਧੀ ਹਾਸਲ ਕਰਨ ਵਾਲਾ ਉਹ ਪਹਿਲਾ ਭਾਰਤੀ ਐਥਲੀਟ ਬਣ ਗਿਆ ਹੈ। ਟੋਕੀਓ ਉਲੰਪਿਕ ਸੋਨ ਤਗਮਾ ਜੇਤੂ ਨੀਰਜ ਨੇ ਆਪਣੀ ਦੂਜੀ ਕੋਸ਼ਿਸ਼ 'ਚ 88.17 ਮੀਟਰ ਦੀ ਸਰਵਸ੍ਰੇਸ਼ਠ ਥ੍ਰੋਅ ਕਰਕੇ ਚੋਟੀ ਦਾ ਸਥਾਨ ਹਾਸਲ ਕੀਤਾ। ਪਾਕਿਸਤਾਨ ਦੇ ਅਰਸ਼ਦ ਨਦੀਮ ਨੇ 87.82 ਮੀਟਰ ਦੀ ਸਰਵਸ੍ਰੇਸ਼ਠ ਥ੍ਰੋਅ ਦੇ ਨਾਲ ਚਾਂਦੀ ਤੇ ਚੈੱਕ ਗਣਰਾਜ ਦੇ ਯਾਕੂਬ ਵਾਲੇਸ਼ ਨੇ ਕਾਂਸੀ ਤਮਗਾ ਜਿੱਤਿਆ। ਭਾਰਤ ਦਾ ਕਿਸ਼ੋਰ ਜੇਨਾ 5ਵੇਂ ਸਥਾਨ 'ਤੇ ਰਿਹਾ, ਜਿਸ ਨੇ




ਆਪਣਾ ਵਿਅਕਤੀਗਤ ਸਰਵਸ੍ਰੇਸ਼ਠ ਪ੍ਰਦਰਸ਼ਨ ਕਰਦੇ ਹੋਏ 84.77 ਮੀਟਰ ਦੀ ਸਰਵਸ੍ਰੇਸ਼ਠ ਥ੍ਰੋਅ ਕੀਤੀ। ਉੱਥੇ ਹੀ ਡੀ. ਪੀ. ਮਨੂ ਛੇਵੇਂ ਸਥਾਨ 'ਤੇ ਰਿਹਾ, ਜਿਸ ਦੀ ਸਰਵਸ੍ਰੇਸ਼ਠ ਥ੍ਰੋਅ 84.14 ਮੀਟਰ ਦੀ ਸੀ। ਜ਼ਿਕਰਯੋਗ ਹੈ ਕਿ ਪਹਿਲੀ ਵਾਰ ਵਿਸ਼ਵ ਚੈਂਪੀਅਨਸ਼ਿਪ 'ਚ ਖੇਡ ਰਹੇ ਜੇਨਾ ਦਾ ਵੀਜ਼ਾ ਪਹਿਲਾਂ ਦਿੱਲੀ 'ਚ ਹੰਗਰੀ ਦੀ ਅੰਬੈਸੀ ਨੇ ਰੱਦ ਕਰ ਦਿੱਤਾ ਸੀ ਪਰ ਅਗਲੇ ਦਿਨ ਉਸ ਨੂੰ ਵੀਜ਼ਾ ਮਿਲ ਗਿਆ ਸੀ । ਇਹ ਪਹਿਲੀ ਵਾਰ ਸੀ ਜਦੋਂ ਵਿਸ਼ਵ ਚੈਂਪੀਅਨਸ਼ਿਪ 'ਚ ਤਿੰਨ ਭਾਰਤੀਆਂ ਨੇ ਇਕੱਠੇ ਕਿਸੇ ਪ੍ਰਤੀਯੋਗਿਤਾ ਦੇ ਫਾਈਨਲ 'ਚ ਜਗ੍ਹਾ ਬਣਾਈ ਸੀ।

**ਵਿਸ਼ਵ ਚੈਂਪੀਅਨਸ਼ਿਪ 'ਚ ਇਹ ਪਹਿਲਾ ਸੋਨ ਤਮਗਾ**

ਵਿਸ਼ਵ ਐਥਲੈਟਿਕਸ ਚੈਂਪੀਅਨਸ਼ਿਪ ਦੇ ਇਤਿਹਾਸ 'ਚ ਭਾਰਤ ਦਾ ਇਹ ਪਹਿਲਾ ਸੋਨ ਤਗਮਾ ਤੇ ਓਵਰਆਲ ਤੀਜਾ ਤਗਮਾ ਹੈ। ਪਿਛਲੇ ਸੈਸ਼ਨ 'ਚ ਨੀਰਜ ਨੇ ਚਾਂਦੀ ਤੇ ਮਹਿਲਾ ਲੌਂਗ ਜੰਪਰ ਅੰਜੂ ਬਾਬੀ ਜਾਰਜ ਨੇ 2003 'ਚ ਕਾਂਸੀ ਤਮਗਾ ਜਿੱਤਿਆ ਸੀ। ਭਾਰਤ ਨੇ (ਬਾਕੀ ਸਫ਼ਾ 31 'ਤੇ)

# ਤੀਰ-ਅੰਦਾਜ਼ ਪ੍ਰਨੀਤ ਕੌਰ ਨੇ ਵਿਸ਼ਵ ਚੈਂਪੀਅਨਸ਼ਿਪ ਤੇ ਵਿਸ਼ਵ ਕੱਪ 'ਚ ਜਿੱਤਿਆ ਗੋਲਡ ਮੈਡਲ

**ਨਵਦੀਪ ਸਿੰਘ**

ਰੋਇੰਗ ਖਿਡਾਰੀ ਸਵਰਨ ਸਿੰਘ ਵਿਰਕ ਤੇ ਸੁਖਮੀਤ ਸਿੰਘ, ਕਬੱਡੀ ਖਿਡਾਰੀ ਮਨਪ੍ਰੀਤ ਕੌਰ, ਵਾਲੀਬਾਲ ਖਿਡਾਰੀ ਜੋਸ਼ਨੂਰ ਸਿੰਘ ਢੀਂਡਸਾ, ਅਥਲੀਟ ਮੰਜੂ ਰਾਣੀ, ਪਹਿਲਵਾਨ ਸਾਹਿਲ ਤੇ ਤੀਰਅੰਦਾਜ਼ ਪ੍ਰਨੀਤ ਕੌਰ ਖੇਡ ਮੈਦਾਨਾਂ ਵਿੱਚ ਮਾਨਸਾ ਦਾ ਨਾਮ ਰੋਸ਼ਨ ਕਰ ਰਹੇ ਹਨ। 18 ਵਰ੍ਹਿਆਂ ਦੀ ਪ੍ਰਨੀਤ ਨੇ ਆਪਣੇ ਛੋਟੇ ਜਿਹੇ ਕਰੀਅਰ ਵਿੱਚ ਵਿਸ਼ਵ ਚੈਂਪੀਅਨਸ਼ਿਪ ਤੇ ਵਿਸ਼ਵ ਕੱਪ ਵਿੱਚ ਸੋਨੇ ਦਾ ਤਗਮਾ ਜਿੱਤ ਲਿਆ ਹੈ। ਪ੍ਰਨੀਤ ਹੁਣ ਤੱਕ ਕੌਮਾਂਤਰੀ ਪੱਧਰ ਉੱਤੇ 9 ਸੋਨੇ, ਤਿੰਨ



ਚਾਂਦੀ ਤੇ ਚਾਰ ਕਾਂਸੀ ਦੇ ਤਗਮੇ ਸਣੇ ਕੁੱਲ 16 ਤਗਮੇ ਜਿੱਤ ਚੁੱਕੀ ਹੈ। ਕੌਮੀ ਪੱਧਰ ਉੱਤੇ ਉਸ ਨੇ 13 ਤਗਮੇ ਜਿੱਤੇ ਹਨ ਜਿਨ੍ਹਾਂ ਵਿਚ ਤਿੰਨ ਸੋਨੇ, ਛੇ ਚਾਂਦੀ ਤੇ ਚਾਰ ਕਾਂਸੀ ਦੇ ਤਗਮੇ ਦੇ ਸ਼ਾਮਿਲ ਹਨ। ਪ੍ਰਨੀਤ ਕੌਰ ਦਾ ਜਨਮ ਅਧਿਆਪਕ ਪਰਿਵਾਰ ਵਿੱਚ ਅਵਤਾਰ ਸਿੰਘ ਖੱਟੜਾ ਤੇ ਜਗਮੀਤ ਕੌਰ ਦੇ ਘਰ 11 ਅਪਰੈਲ 2005 ਨੂੰ ਹੋਇਆ। 10 ਵਰ੍ਹਿਆਂ ਦੀ ਉਮਰੇ ਉਸ ਦਾ ਰੁਝਾਨ ਤੀਰ-ਅੰਦਾਜ਼ੀ ਖੇਡ ਵੱਲ ਹੋ ਗਿਆ। ਇਸ ਖੇਡ ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਤੀਰ-ਅੰਦਾਜ਼ ਗਗਨਦੀਪ ਕੌਰ ਨੇ 2010 ਦੀਆਂ ਦਿੱਲੀ ਰਾਸ਼ਟਰ ਮੰਡਲ ਖੇਡਾਂ ਵਿੱਚ ਕਾਂਸੀ ਦਾ ਤਗਮਾ ਜਿੱਤਿਆ ਸੀ। ਗਗਨਦੀਪ ਕੌਰ ਦੇ ਪਤੀ ਸੁਰਿੰਦਰ ਸਿੰਘ ਜਿੱਥੇ ਪ੍ਰਨੀਤ ਦੇ ਕੋਚ ਹਨ ਉਥੇ ਪ੍ਰਨੀਤ (ਬਾਕੀ ਸਫ਼ਾ 31 'ਤੇ)

## ਚੋਣ ਮੈਨੀਫ਼ੈਸਟੋ

ਸਿਆਸੀ ਪਾਰਟੀਆਂ ਦੇ ਆਗੂਆਂ ਵੱਲੋਂ ਵੋਟਰਾਂ ਨਾਲ ਕਈ ਤਰਾਂ ਦੇ ਵਾਅਦੇ ਕੀਤੇ ਜਾ ਰਹੇ ਹਨ।ਪੰਜਾਬ ਦੇ ਸਿਆਸੀ ਇਤਿਹਾਸ ਨੂੰ ਵੇਖ ਕੇ ਪਤਾ ਚਲਦਾ ਹੈ ਕਿ ਹਰ ਵਾਰ ਦੀਆਂ ਚੋਣਾਂ ਦੌਰਾਨ ਸਿਆਸੀ ਆਗੂਆਂ ਵੱਲੋਂ ਵੋਟਰਾਂ ਨਾਲ ਵੱਡੇ- ਵੱਡੇ ਵਾਅਦੇ ਕੀਤੇ ਜਾਂਦੇ ਹਨ ਪਰ ਸੱਤਾ ਪ੍ਰਾਪਤੀ ਤੋਂ ਬਾਅਦ ਸਿਆਸੀ ਆਗੂਆਂ ਨੂੰ ਇਹ ਚੋਣ ਵਾਅਦੇ ਅਕਸਰ ਭੁੱਲ ਜਾਂਦੇ ਹਨ।ਪੰਜਾਬ ਵਿੱਚ ਹਰ ਤਰਾਂ ਦੀਆਂ ਚੋਣਾਂ ਮੌਕੇ ਅਕਾਲੀ ਦਲ, ਕਾਂਗਰਸ, ਭਾਜਪਾ ਅਤੇ ਹੋਰ ਸਿਆਸੀ ਪਾਰਟੀਆਂ ਵੱਲੋਂ ਵੋਟਰਾਂ ਨਾਲ ਅਨੇਕਾਂ ਤਰਾਂ ਦੇ ਵਾਅਦੇ ਕੀਤੇ ਜਾਂਦੇ ਹਨ ਅਤੇ ਕਿਹਾ ਜਾਂਦਾ ਹੈ ਕਿ ਉਨ੍ਹਾਂ ਦੀ ਪਾਰਟੀ ਦੀ ਸਰਕਾਰ ਬਣਨ ਤੋਂ ਬਾਅਦ ਇਹ ਸਾਰੇ ਚੋਣ ਵਾਅਦੇ ਪੂਰੇ ਕੀਤੇ ਜਾਣਗੇ ਪਰ ਬਹੁਤ ਦੁੱਖ ਦੀ ਗਲ ਹੈ ਕਿ ਪੰਜਾਬ ਵਿੱਚ ਚੋਣਾਂ ਤੋਂ ਬਾਅਦ ਚਾਹੇ ਅਕਾਲੀ ਦਲ ਸਰਕਾਰ ਬਣੇ ਜਾਂ ਕਾਂਗਰਸ ਦੀ ਜਾਂ ਆਮ ਆਦਮੀ ਪਾਰਟੀ ਦੀ, ਇਹਨਾਂ ਸਰਕਾਰਾਂ ਵੱਲੋਂ ਆਮ ਲੋਕਾਂ ਨਾਲ ਚੋਣਾਂ ਮੌਕੇ ਕੀਤੇ ਗਏ ਵਾਅਦੇ ਘੱਟ ਹੀ ਪੂਰੇ ਕੀਤੇ ਜਾਂਦੇ ਹਨ।ਅਕਾਲੀ ਦਲ ਬਾਦਲ ਅਤੇ ਕਾਂਗਰਸ ਤੋਂ ਨਿਰਾਸ਼ ਪੰਜਾਬੀਆਂ ਨੇ ਪਿਛਲੇ ਸਾਲ ਹੋਈਆਂ ਪੰਜਾਬ ਵਿਧਾਨ ਸਭਾ ਚੋਣਾਂ ਮੌਕੇ ਆਮ ਆਦਮੀ ਪਾਰਟੀ ਨੂੰ ਬਹੁਮਤ ਦਿੱਤਾ ਸੀ ਪਰ ਇਹ ਪਾਰਟੀ ਵੀ ਅਜੇ ਲੋਕਾਂ ਦੀਆਂ ਉਮੀਦਾਂ 'ਤੇ ਪੂਰੀ ਨਹੀਂ ਉੱਤਰੀ।ਇਸ ਸਰਕਾਰ ਵੱਲੋਂ ਵੀ ਚੋਣਾਂ ਮੌਕੇ ਲੋਕਾਂ ਨਾਲ ਕੀਤੇ ਗਏ ਵਾਅਦੇ ਪੂਰੇ ਨਹੀਂ ਕੀਤੇ ਗਏ, ਜਿਸ ਕਾਰਨ ਆਮ ਲੋਕਾਂ ਦਾ ਇਸ ਸਰਕਾਰ ਤੋਂ ਮੋਹ ਭੰਗ ਹੁੰਦਾ ਜਾ ਰਿਹਾ ਹੈ।ਆਮ ਆਦਮੀ ਪਾਰਟੀ ਦੀ ਸਰਕਾਰ ਤੋਂ ਪੰਜਾਬੀਆਂ ਨੂੰ ਬਹੁਤ ਆਸਾਂ ਸਨ ਪਰ ਇਹ ਪਾਰਟੀ ਵੀ ਲੋਕਾਂ ਦੀਆਂ ਉਮੀਦਾਂ 'ਤੇ ਖਰੀ ਨਹੀਂ ਉੱਤਰੀ।

ਪੰਜਾਬ ਦੇ ਵੱਡੀ ਗਿਣਤੀ ਲੋਕਾਂ ਦਾ ਕਹਿਣਾ ਹੈ ਕਿ ਜਿਹੜੇ ਨੇਤਾ ਅਤੇ ਸਿਆਸੀ ਪਾਰਟੀਆਂ ਦੇ ਵਰਕਰ ਚੋਣਾਂ ਮੌਕੇ ਵੋਟਾਂ ਲੈਣ ਲਈ ਉਹਨਾਂ ਨੂੰ ਬਾਪੂ ਕਹਿੰਦੇ ਹਨ, ਚੋਣਾਂ ਤੋਂ ਬਾਅਦ ਉਹ ਘੱਟ ਹੀ ਦਿਖਾਈ ਦਿੰਦੇ ਹਨ ਅਤੇ ਉਹ ਅਗਲੀਆਂ ਚੋਣਾਂ ਤਕ ਗਾਇਬ ਹੀ ਰਹਿੰਦੇ ਹਨ।

ਜੇ ਕੋਈ ਆਮ ਵਿਅਕਤੀ ਸਰਪੰਚ, ਸਿਆਸੀ ਆਗੂ ਨੂੰ ਕਿਸੇ ਕੰਮ ਲਈ ਉਸ ਦੇ ਘਰ ਮਿਲਣ ਜਾਂਦਾ ਹੈ ਤਾਂ ਗੇਟ ਖੋਲ੍ਹਣ ਵਾਲਾ ਨੌਕਰ ਕਹਿ ਦਿੰਦਾ ਹੈ ਕਿ "ਸਾਬ੍ਹ ਘਰ ਨਹੀਂ ਹਨ, ਕਿਤੇ ਜ਼ਰੂਰੀ ਕੰਮ ਗਏ ਹਨ"। ਜਦੋਂ ਕਿ ਸਬੰਧਿਤ ਸਿਆਸੀ ਆਗੂ ਦੀ ਆਪਣੇ ਘਰ ਦੇ ਅੰਦਰੋਂ ਕਿਸੇ ਨਾਲ ਫੋਨ 'ਤੇ ਗਲ ਕਰਨ ਜਾਂ ਆਪਣੇ ਚਮਚਿਆਂ ਨਾਲ ਮੀਟਿੰਗ ਕਰਨ ਦੀ ਆਵਾਜ਼ ਬਾਹਰ ਖੜ੍ਹੇ ਲੋਕਾਂ ਨੂੰ ਸਾਫ਼ ਸੁਣਾਈ ਦੇ ਰਹੀ ਹੁੰਦੀ ਹੈ। ਆਮ ਲੋਕਾਂ ਦਾ ਕਰੀਬ ਸਾਰੀਆਂ ਹੀ ਸਿਆਸੀ ਪਾਰਟੀਆਂ ਨਾਲ ਰੋਸਾ ਇਕੋ ਜਿਹਾ ਹੀ ਹੈ। ਆਮ ਲੋਕਾਂ ਦੀ ਨਜ਼ਰ ਵਿੱਚ ਸਾਰੀਆਂ ਸਿਆਸੀ ਪਾਰਟੀਆਂ ਦੇ ਆਗੂ ਇੱਕ ਹੀ ਬੇਰੀ ਦੇ ਬੇਰ ਹਨ।

****

## ਆਮ ਆਦਮੀ ਪਾਰਟੀ

ਲਈ ਕੋਚਿੰਗ ਫੀਸ ਸਰਕਾਰ ਭਰੇਗੀ, ਜੇਕਰ ਐੱਸਸੀ ਬੱਚਾ ਬੀਏ, ਐੱਮਏ ਦੀ ਪੜ੍ਹਾਈ ਲਈ ਵਿਦੇਸ਼ ਜਾਣਾ ਚਾਹੇਗਾ ਤਾਂ ਸਾਰਾ ਖਰਚ ਸਰਕਾਰ ਕਰੇਗੀ, ਸਾਰੇ ਕੱਚੇ ਅਧਿਆਪਕ ਪੱਕੇ ਹੋਣਗੇ, ਖਾਲੀ ਅਸਾਮੀਆਂ ਭਰੀਆਂ ਜਾਣਗੀਆਂ, ਵਿਦੇਸ਼ਾਂ ਤੋਂ ਸਿਖਲਾਈ ਦੁਆਈ ਜਾਵੇਗੀ, ਸਮੇਂ ਸਿਰ ਪ੍ਰਮੋਸ਼ਨ, ਕੈਸ਼ਲੈੱਸ ਬੀਮਾ ਅਤੇ ਗੈਰ ਵਿੱਦਿਅਕ ਕੰਮ ਨਹੀਂ ਲਏ ਜਾਣਗੇ ਸਮੇਤ ਹੋਰ ਵੀ ਕਈ ਵਾਅਦੇ ਕੀਤੇ ਸਨ। ਇਹਨਾਂ ਵਾਅਦਿਆਂ ਵਿੱਚੋਂ ਸੱਤਾ ਵਿੱਚ ਆਈ ਆਮ ਆਦਮੀ ਪਾਰਟੀ ਨੇ ਕਿੰਨੇ ਕੁ ਪੂਰੇ ਕੀਤੇ ਹਨ, ਉਹ ਸਭ ਨੂੰ ਪਤਾ ਹੈ।

## ਅਕਾਲੀ ਦਲ ਬਾਦਲ

ਮੁੱਦਿਆਂ 'ਤੇ ਪਹਿਰਾ ਦੇਣ ਦਾ ਐਲਾਨ ਕੀਤਾ ਸੀ । ਉਨ੍ਹਾਂ ਐਲਾਨ ਕੀਤਾ ਸੀ ਕਿ ਸੂਬੇ ਵਿੱਚ ਅਕਾਲੀ-ਬਸਪਾ ਸਰਕਾਰ ਬਣਨ 'ਤੇ ਬੇਘਰੇ ਲੋਕਾਂ ਲਈ 5 ਲੱਖ ਪੱਕੇ ਮਕਾਨਾਂ ਦੀ ਉਸਾਰੀ ਕੀਤੀ ਜਾਵੇਗੀ ਅਤੇ 5 ਮਰਲੇ ਦੇ ਪਲਾਟ ਦਿੱਤੇ ਜਾਣਗੇ।ਇਸ ਚੋਣ ਮਨੋਰਥ ਪੱਤਰ ਵਿੱਚ ਨੀਲੇ ਕਾਰਡ ਧਾਰਕ ਪਰਿਵਾਰਾਂ ਦੀ ਮੁਖੀ ਔਰਤ ਨੂੰ 2 ਹਜ਼ਾਰ ਰੁਪਏ ਪ੍ਰਤੀ ਮਹੀਨਾ, ਹਰ ਘਰ ਨੂੰ 800 ਯੂਨਿਟ ਪ੍ਰਤੀ ਬਿਲ ਮੁਆਫ਼, ਸਮੁੱਚੇ ਲੋਕਾਂ ਲਈ 10 ਲੱਖ ਰੁਪਏ ਤੱਕ ਦਾ ਸਿਹਤ ਬੀਮਾ, ਵਿਦਿਆਰਥੀ ਕਾਰਡ ਜਾਰੀ ਕਰਕੇ 10 ਲੱਖ ਰੁਪਏ ਤੱਕ ਦਾ ਬਿਨਾਂ ਵਿਆਜ ਕਰਜ਼ਾ, ਤਨਖਾਹ ਕਮਿਸ਼ਨ ਦੀਆਂ ਸਾਰੀਆਂ ਸਿਫਾਰਸ਼ਾਂ ਲਾਗੂ ਕਰਨਾ, 2004 ਤੋਂ ਪਹਿਲਾਂ ਵਾਲੀ ਪੈਨਸ਼ਨ ਸਕੀਮ ਲਾਗੂ ਕਰਨਾ, ਕੱਚੇ ਮੁਲਾਜ਼ਮ ਪੱਕੇ ਕਰਨਾ, ਫਲਾਂ, ਸਬਜ਼ੀਆਂ ਅਤੇ ਦੁੱਧ 'ਤੇ ਐੱਮਐੱਸਪੀ ਦੇਣਾ, ਕਿਸਾਨਾਂ ਲਈ ਫਸਲ ਬੀਮਾ 50 ਹਜ਼ਾਰ ਰੁਪਏ ਪ੍ਰਤੀ ਏਕੜ ਦੇਣਾ, ਖੇਤੀਬਾੜੀ ਲਈ 10 ਰੁਪਏ ਤੱਕ ਲੀਟਰ ਸਸਤਾ ਤੇਲ ਦੇਣ ਦੇ ਵਾਅਦੇ ਕੀਤੇ ਗਏ ਸਨ।

## ਭਾਜਪਾ

ਭਾਜਪਾ ਦੇ ਕੌਮੀ ਜਨਰਲ ਸਕੱਤਰ ਦੁਸ਼ਯੰਤ ਗੌਤਮ, ਕੌਮੀ ਜਨਰਲ ਸਕੱਤਰ ਤਰੁਣ ਚੁੱਘ, ਕੇਂਦਰੀ ਮੰਤਰੀ ਸੋਮ ਪ੍ਰਕਾਸ਼, ਸ਼੍ਰੋਮਣੀ ਅਕਾਲੀ ਦਲ (ਯੂਨਾਈਟਿਡ) ਦੇ ਜਨਰਲ ਸਕੱਤਰ ਤੇਜਿੰਦਰ ਪਾਲ ਸਿੰਘ ਸੰਧੂ, ਸੂਬਾ ਜਨਰਲ ਸਕੱਤਰ ਡਾ: ਸੁਭਾਸ਼ ਸ਼ਰਮਾ, ਰਾਜੇਸ਼ ਬਾਗਾ, ਜ਼ਿਲ੍ਹਾ ਭਾਜਪਾ ਪ੍ਰਧਾਨ ਸੁਸ਼ੀਲ ਸ਼ਰਮਾ, ਪ੍ਰਦੇਸ਼ ਭਾਜਪਾ ਮੀਡੀਆ ਸਕੱਤਰ ਜਨਾਰਦਨ ਸ਼ਰਮਾ ਨੇ ਰਿਲੀਜ਼ ਕੀਤਾ ਸੀ । ਮੈਨੀਫੈਸਟੋ ਦੀਆਂ ਹੋਰ ਪ੍ਰਮੁੱਖ ਵਿਸ਼ੇਸ਼ਤਾਵਾਂ ਵਿੱਚ ਪੰਜਾਬੀਆਂ ਲਈ ਸਰਕਾਰੀ ਨੌਕਰੀਆਂ ਵਿੱਚ 75 ਫੀਸਦੀ ਅਤੇ ਪ੍ਰਾਈਵੇਟ ਨੌਕਰੀਆਂ ਵਿੱਚ 50 ਫੀਸਦੀ ਰਾਖਵਾਂਕਰਨ, ਸਾਰੇ ਬੇਰੁਜ਼ਗਾਰ ਗ੍ਰੈਜੂਏਟਾਂ ਲਈ 2 ਸਾਲ ਲਈ 4000 ਰੁਪਏ ਭੱਤਾ ਅਤੇ ਸਰਕਾਰੀ ਨੌਕਰੀਆਂ ਵਿੱਚ ਔਰਤਾਂ ਲਈ 35 ਫੀਸਦੀ ਰਾਖਵਾਂਕਰਨ ਸ਼ਾਮਲ ਸਨ।

**

## ਇਨਸਾਫ਼ ਨਾ ਮਿਲਿਆ ਤਾਂ ਸਿੱਧੂ ਦੇ ਖ਼ੂਨ

ਕਿਉਂ ? ਇਹ ਸਭ ਸਰਕਾਰ, ਵੱਡੇ ਪੁਲਿਸ ਅਫ਼ਸਰਾਂ ਅਤੇ ਸਿਆਸਤਦਾਨਾਂ ਦੀ ਮਿਲੀਭੁਗਤ ਹੈ ਬਲਕੌਰ ਸਿੰਘ ਨੇ ਕਿਹਾ ਕਿ ਸੀਨੀਅਰ ਪੁਲਿਸ ਅਧਿਕਾਰੀਆਂ ਨੇ ਗੈਂਗਸਟਰਾਂ ਤੋਂ ਪੈਸੇ ਲੈ ਕੇ ਆਪਣੇ ਬੱਚਿਆਂ ਨੂੰ ਵਿਦੇਸ਼ਾਂ ਵਿੱਚ ਸੈਟਲ ਕੀਤਾ ਹੈ।ਉਨ੍ਹਾਂ ਸਰਕਾਰ 'ਤੇ ਸਵਾਲ ਕਰਦਿਆਂ ਕਿਹਾ ਕਿ ਜਦੋਂ ਮੇਰਾ ਪੁੱਤਰ ਹਥਿਆਰਾਂ 'ਤੇ ਗੀਤ ਗਾਉਂਦਾ ਸੀ ਤਾਂ ਉਸ 'ਤੇ ਮਾਮਲਾ ਦਰਜ ਹੋਇਆ ਸੀ ਪਰ ਅੱਜ ਕੁਝ ਗਾਇਕ ਗੈਂਗਸਟਰਾਂ ਨੂੰ ਸ਼ਹਿ ਦੇਣ ਲਈ ਹਥਿਆਰਾਂ ਨਾਲ ਗੀਤ ਗਾ ਰਹੇ ਹਨ ਤਾਂ ਉਨ੍ਹਾਂ ਵਿਰੁੱਧ ਕੋਈ ਕਾਰਵਾਈ ਕਿਉਂ ਨਹੀਂ ਕੀਤੀ ਜਾ ਰਹੀ ?

***

## ਸਿੱਖ ਧਰਮ ਬਾਰੇ ਜਾਣਕਾਰੀ

ਇਸ ਸਬੰਧੀ ਜਾਣਕਾਰੀ ਦਿੰਦਿਆਂ ਸੂਚਨਾ ਅਧਿਕਾਰੀ ਅੰਮ੍ਰਿਤਪਾਲ ਸਿੰਘ ਨੇ ਦੱਸਿਆ ਕਿ 13 ਗਾਈਡਾਂ ਦੇ ਨਾਲ-ਨਾਲ ਸੂਚਨਾ ਕੇਂਦਰ ਵਿੱਚ ਤਾਇਨਾਤ 6 ਅਧਿਕਾਰੀ ਵੀ ਸੰਗਤ ਦੀ ਸੇਵਾ ਲਈ ਹਾਜ਼ਰ ਹਨ। ਉਨ੍ਹਾਂ ਕਿਹਾ ਕਿ ਕਦੇ-ਕਦੇ ਸੋਸ਼ਲ ਮੀਡੀਆ ਅਤੇ ਹੋਰ ਪ੍ਰਚਾਰ ਸਾਧਨਾਂ ਰਾਹੀਂ ਸਿੱਖ ਧਰਮ ਬਾਰੇ ਕੂੜ ਪ੍ਰਚਾਰ ਕੀਤਾ ਜਾਂਦਾ ਹੈ।ਅਸੀਂ ਉਸ ਮਿੱਥ ਨੂੰ ਵੀ ਤੋੜਨ ਵਿੱਚ ਸਫ਼ਲ ਹੋ ਰਹੇ ਹਾਂ।

***

## ਫ਼ਿਲਮ 'ਚ ਕਕਾਰ ਦੀ ਬੇਅਦਬੀ ਨੂੰ

ਇਹ ਵੀਡੀਓ ਗੀਤ ਯੂਟਿਊਬ ਚੈਨਲ 'ਤੇ ਜਨਤਕ ਹੈ, ਜਿਸ ਨੂੰ ਤੁਰੰਤ ਪ੍ਰਭਾਵ ਨਾਲ ਬੰਦ ਕਰਨਾ ਚਾਹੀਦਾ ਹੈ।ਜੇਕਰ ਉਕਤ ਇਤਰਾਜ਼ਯੋਗ ਦ੍ਰਿਸ਼ਾਂ ਵਾਲੇ ਇਸ ਵੀਡੀਓ ਗੀਤ ਨੂੰ ਪ੍ਰਕਾਸ਼ਿਤ ਕਰਨ ਲਈ ਕਿਸੇ ਹੋਰ ਪਲੇਟਫਾਰਮ ਦੀ ਵਰਤੋਂ ਗਈ ਹੈ ਤਾਂ ਉਸ ਨੂੰ ਵੀ ਹਟਾਉਣਾ ਚਾਹੀਦਾ ਹੈ। ਅਸੀਂ ਤੁਰੰਤ ਇਸ ਇਤਰਾਜ਼ ਨੂੰ ਸਾਰੇ ਚੈਨਲਾਂ ਰਾਹੀਂ ਸਰਕਾਰ ਅਤੇ ਡਿਜੀਟਲ ਪਲੇਟਫਾਰਮਾਂ ਕੋਲ ਉਠਾ ਰਹੇ ਹਾਂ। ਅਸੀਂ ਭਾਰਤ ਦੇ ਬਰੋਡਕਾਸਟ ਅਤੇ ਸੋਸ਼ਲ ਮੀਡੀਆ ਪਲੇਟਫਾਰਮ ਨੂੰ ਇਹ ਯਕੀਨੀ ਬਣਾਉਣ ਲਈ ਬੇਨਤੀ ਕਰਦੇ ਹਾਂ ਕਿ ਇਹ ਇਤਰਾਜ਼ਯੋਗ ਵੀਡੀਓ ਜਾਂ ਉਕਤ ਫਿਲਮ ਦੇ ਅਜਿਹੇ ਕਿਸੇ ਵੀ ਅਸਵੀਕਾਰਨਯੋਗ ਦ੍ਰਿਸ਼ ਨੂੰ ਸੈਂਸਰ ਬੋਰਡ ਆਫ ਫਿਲਮ ਸਰਟੀਫਿਕੇਸ਼ਨ ਦੁਆਰਾ ਰਿਲੀਜ਼ ਲਈ ਮਨਜ਼ੂਰੀ ਨਾ ਦਿੱਤੀ ਜਾਵੇ।ਜੇਕਰ ਵੀਡੀਓਜ਼ ਨੂੰ ਜਨਤਕ ਪਲੇਟਫਾਰਮਾਂ ਤੋਂ ਨਾ ਹਟਾਇਆ ਗਿਆ ਤਾਂ ਅਸੀਂ ਘੱਟ ਗਿਣਤੀ ਸਿੱਖ ਭਾਈਚਾਰੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਲਈ ਕਾਨੂੰਨੀ ਕਾਰਵਾਈ ਸ਼ੁਰੂ ਕਰਾਂਗੇ।

***

## ਇੰਗਲੈਂਡ 'ਚ ਭਾਰਤੀ ਮੂਲ

24 ਸਾਲਾ ਮਨਜੋਤ ਸਿੰਘ 'ਤੇ ਓਰਮਨ ਸਿੰਘ ਦੇ ਕਤਲ ਦਾ ਦੋਸ਼ ਲਗਾਇਆ ਗਿਆ ਸੀ ਅਤੇ ਸ਼ੱਕ ਦੇ ਆਧਾਰ 'ਤੇ ਪੰਜਵੇਂ ਅਣਪਛਾਤੇ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਗਿਆ ਸੀ।

**ਭਾਰਤੀ ਮੂਲ ਦਾ ਸੀ ਡਿਲੀਵਰੀ ਡਰਾਈਵਰ**

ਪੁਲਿਸ ਨੇ ਇੱਕ ਬਿਆਨ ਜਾਰੀ ਕਰਕੇ ਕਿਹਾ ਕਿ ਅਸੀਂ ਜਾਣਦੇ ਹਾਂ ਕਿ ਓਰਮਨ ਸਿੰਘ ਇੱਕ ਡਲਿਵਰੀ ਡਰਾਈਵਰ ਸੀ ਪਰ ਸਾਨੂੰ ਨਹੀਂ ਲੱਗਦਾ ਕਿ ਕਤਲ ਦਾ ਕਾਰਨ ਇਹ ਸੀ, ਫਿਲਹਾਲ ਲੁੱਟ ਦੇ ਕੋਣ ਦੀ ਜਾਂਚ ਨਹੀਂ ਕੀਤੀ ਜਾ ਰਹੀ ਹੈ।ਵਧੇਰੇ ਜਾਣਕਾਰੀ ਦਿੰਦੇ ਹੋਏ ਪੁਲਿਸ ਨੇ ਦੱਸਿਆ ਕਿ ਸਾਨੂੰ ਲੱਗਦਾ ਹੈ ਕਿ ਦੋਸ਼ੀ ਅਤੇ ਮ੍ਰਿਤਕ ਇੱਕ ਦੂਜੇ ਨੂੰ ਜਾਣਦੇ ਸਨ। ਇਸ ਦੌਰਾਨ ਪੀੜਤ ਪਰਿਵਾਰ ਨੇ ਪੁਲਿਸ ਰਾਹੀਂ ਬਿਆਨ ਜਾਰੀ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਪਰਿਵਾਰ 'ਤੇ ਇਸ ਦੁਖਾਂਤ ਦੇ ਪ੍ਰਭਾਵ ਨੂੰ ਬਿਆਨ ਕਰਨ ਲਈ ਸ਼ਬਦਾਂ ਦੀ ਘਾਟ ਹੈ।

***

## ਓਸਾਮਾ ਬਿਨ ਲਾਦੇਨ ਨੂੰ

ਸ਼ਰਾਬ ਦੇ ਨਸ਼ੇ 'ਚ ਗੱਡੀ ਚਲਾਉਣ ਦੇ ਦੋਸ਼ 'ਚ ਗ੍ਰਿਫਤਾਰ ਕੀਤਾ ਗਿਆ ਸੀ। ਇਸਤਗਾਸਾ ਪੱਖ ਨੇ ਉਸ 'ਤੇ ਲੱਗੇ ਦੋਸ਼ ਵਾਪਸ ਲੈ ਲਏ ਸਨ।ਇਸ ਦੇ ਨਾਲ ਹੀ ਸਾਲ 2020 'ਚ ਕੋਰੋਨਾ ਮਹਾਮਾਰੀ ਦੌਰਾਨ ਉਨ੍ਹਾਂ ਨੂੰ ਫਲਾਈਟ 'ਚ ਸਫਰ ਕਰਦੇ ਸਮੇਂ ਫੇਸ ਮਾਸਕ ਪਹਿਨਣ ਤੋਂ ਮਨ੍ਹਾ ਕਰ ਦਿੱਤਾ ਗਿਆ ਸੀ, ਜਿਸ ਤੋਂ ਬਾਅਦ ਉਨ੍ਹਾਂ ਨੂੰ ਡੈਲਟਾ ਏਅਰਲਾਈਨਜ਼ ਦੁਆਰਾ ਸਫਰ ਕਰਨ ਤੋਂ ਇਨਕਾਰ ਕਰ ਦਿੱਤਾ ਗਿਆ ਸੀ।

***

## ਮੁੱਖ ਮੰਤਰੀ ਤੇ ਵਜ਼ੀਰਾਂ ਦੇ ਅਖਤਿਆਰੀ ਫੰਡਾਂ

ਹਰੀ ਝੰਡੀ ਦਿੱਤੀ ਗਈ ਹੈ। ਮੰਤਰੀ ਮੰਡਲ ਨੇ ਇਸ ਸੰਸਥਾ ਲਈ 484 ਆਰਜ਼ੀ ਅਸਾਮੀਆਂ ਸਿਰਜਣ ਦੀ ਪ੍ਰਵਾਨਗੀ ਦੇ ਦਿੱਤੀ ਹੈ।ਮੰਤਰੀ ਮੰਡਲ ਨੇ ਪ੍ਰਸ਼ਾਸਕੀ ਸੁਧਾਰ ਤੇ ਜਨਤਕ ਸ਼ਿਕਾਇਤਾਂ ਵਿਭਾਗ ਵਿੱਚ ਤਕਨੀਕੀ ਕੇਡਰ ਦੀਆਂ 20 ਅਸਾਮੀਆਂ ਭਰਨ ਲਈ ਪ੍ਰਵਾਨਗੀ ਦੇ ਦਿੱਤੀ ਹੈ।ਮੰਤਰੀ ਮੰਡਲ ਨੇ ਵਿਦਿਆਰਥੀਆਂ ਦੀ ਬਿਹਤਰੀ ਯਕੀਨੀ ਬਣਾਉਣ ਲਈ ਸਰਕਾਰੀ ਸਕੂਲਾਂ ਵਿੱਚ ਵਿਜ਼ਟਿੰਗ ਫੈਕਲਟੀਜ਼ ਦੀ ਨਿਯੁਕਤੀ ਕਰਨ ਦੀ ਮਨਜ਼ੂਰੀ ਵੀ ਦੇ ਦਿੱਤੀ ਹੈ। ਪਹਿਲੇ ਪੜਾਅ 'ਚ ਸੂਬੇ ਦੇ 117 ਸਰਕਾਰੀ ਸਕੂਲਾਂ ਵਿੱਚ ਵਿਜ਼ਟਿੰਗ ਫੈਕਲਟੀ ਨਿਯੁਕਤ ਕੀਤੇ ਜਾਣਗੇ। ਇਸ ਦੇ ਨਾਲ ਹੀ ਕੈਬਨਿਟ ਨੇ ਸੂਬੇ ਦੀਆਂ ਜੇਲ੍ਹਾਂ ਵਿੱਚ ਬੰਦ ਕੈਦੀਆਂ ਦੀ ਅਗਾਊਂ ਰਿਹਾਈ ਲਈ ਚਾਰ ਕੈਦੀਆਂ ਦੇ ਕੇਸਾਂ ਨੂੰ ਪ੍ਰਵਾਨਗੀ ਦੇ ਦਿੱਤੀ ਹੈ ਅਤੇ ਇਕ ਕੈਦੀ ਦੀ ਸਮੇਂ ਤੋਂ ਪਹਿਲਾਂ ਰਿਹਾਈ ਰੱਦ ਕਰ ਦਿੱਤੀ ਹੈ।ਮੰਤਰੀ ਮੰਡਲ ਦੀ ਮੀਟਿੰਗ ਵਿੱਚ ਰਾਜਪੂਤ ਭਾਈਚਾਰੇ ਨੂੰ ਰਾਖਵੀਂ ਸ਼੍ਰੇਣੀ ਵਿੱਚੋਂ ਜਨਰਲ ਵਰਗ 'ਚ ਲਿਆਉਣ ਬਾਰੇ ਏਜੰਡੇ ਨੂੰ ਵਾਪਸ ਲੈ ਲਿਆ ਗਿਆ ਹੈ।

***

## ਕੁੰਵਰ ਅੰਮ੍ਰਿਤਬੀਰ ਸਿੰਘ ਨੇ ਇੰਡੀਆ ਬੁੱਕ ਆਫ਼

ਆਪਣੀ ਖੁਰਾਕ ਬਾਰੇ ਗੱਲ ਕਰਦਿਆਂ ਸਿੰਘ, ਜੋ ਇਸ ਸਮੇਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਸਰੀਰਕ ਸਿੱਖਿਆ ਵਿੱਚ ਬੀਏ ਕਰ ਰਹੇ ਹਨ, ਨੇ ਕਿਹਾ, 'ਮੈਂ ਕਦੇ ਵੀ ਆਪਣੇ ਸਰੀਰ ਨੂੰ ਬਣਾਉਣ ਲਈ ਕੋਈ ਪ੍ਰੋਟੀਨ ਨਹੀਂ ਲਿਆ। ਮੈਂ ਉਹ ਖਾਂਦਾ ਹਾਂ ਜੋ ਘਰ ਪਕਾਇਆ ਜਾਂਦਾ ਹੈ।'

ਸਿੰਘ ਦਾ ਦਿਨ ਸਵੇਰੇ 5-30 ਵਜੇ ਤੋਂ ਸ਼ੁਰੂ ਹੁੰਦਾ ਹੈ। ਉਹ ਸਵੇਰੇ ਦੋ ਘੰਟੇ ਅਭਿਆਸ ਕਰਦਾ ਹੈ ਅਤੇ ਫਿਰ ਸ਼ਾਮ ਨੂੰ ਦੋ ਘੰਟੇ ਹੋਰ ਕਰਦਾ ਹੈ।ਤੰਦਰੁਸਤੀ ਤੋਂ ਇਲਾਵਾ, ਸਿੰਘ ਦੀ ਫਿਲਮਾਂ ਵਿੱਚ ਡੂੰਘੀ ਦਿਲਚਸਪੀ ਹੈ ਅਤੇ ਉਸਨੇ ਦੋ ਫਿਲਮਾਂ ਵਿੱਚ ਕੰਮ ਕੀਤਾ ਹੈ। ਉਹ ਰਿਐਲਿਟੀ ਸ਼ੋਅ ਹੁਨਰ ਪੰਜਾਬ ਕਾ ਦੇ ਚੋਟੀ ਦੇ 10 ਫਾਈਨਲਿਸਟਾਂ ਵਿੱਚ ਸ਼ਾਮਲ ਸਨ।ਉਹ ਪੰਜਾਬ ਲਈ ਯੁਵਾ ਆਈਕਨ ਬਣਨ ਦੀ ਉਮੀਦ ਕਰਦਾ ਹੈ ਅਤੇ ਕਰਮਵੀਰ ਚੱਕਰ ਪੁਰਸਕਾਰ ਲਈ ਵੀ ਨਾਮਜ਼ਦ ਕੀਤਾ ਗਿਆ ਹੈ।

***

## ਕੈਲੀਫੋਰਨੀਆ ਅਸੈਂਬਲੀ

ਅਧਿਕਾਰਾਂ ਦਾ ਮੁੱਦਾ ਹੈ, ਇਹ ਔਰਤਾਂ ਦੇ ਅਧਿਕਾਰਾਂ ਦਾ ਮੁੱਦਾ ਹੈ। ਬਿੱਲ ਕਈ ਤਰ੍ਹਾਂ ਦੇ ਰਾਜਨੀਤਿਕ ਮੁੱਦਿਆਂ ਲਈ ਇੱਕ ਫਲੈਸ਼ਪੁਆਇੰਟ ਬਣ ਗਿਆ ਹੈ, ਜਿਨ੍ਹਾਂ ਵਿੱਚੋਂ ਭਾਰਤ ਵਿੱਚ ਧਾਰਮਿਕ ਅਤੇ ਜਾਤੀ ਘੱਟ ਗਿਣਤੀਆਂ ਨੂੰ ਨਿਸ਼ਾਨਾ ਬਣਾਉਣ ਵਾਲੇ ਹਿੰਦੂ ਰਾਸ਼ਟਰਵਾਦ ਦਾ ਵੱਧ ਰਿਹਾ ਪ੍ਰਭਾਵ ਚਿੰਤਾ ਦਾ ਵਿਸ਼ਾ ਰਿਹਾ ਹੈ। ਪ੍ਰੈਸ ਰਿਲੀਜ਼ ਵਿੱਚ, ਹਿੰਦੂ ਅਮਰੀਕਨ ਫਾਊਂਡੇਸ਼ਨ ਦੇ ਕਾਰਜਕਾਰੀ ਨਿਰਦੇਸ਼ਕ, ਸੁਹਾਗ ਸ਼ੁਕਲਾ ਨੇ ਇਸ ਫੈਸਲੇ ਦੀ ਨਿੰਦਾ ਕੀਤੀ। ਸ਼ੁਕਲਾ ਨੇ ਕਿਹਾ, ਕੈਲੀਫੋਰਨੀਆ ਦੇ 50 ਵਿਧਾਇਕਾਂ ਨੇ ਨੈਤਿਕ ਦਲੇਰੀ ਦਿਖਾਉਣ ਅਤੇ ਸੰਵਿਧਾਨ ਨੂੰ ਕਾਇਮ ਰੱਖਣ ਦੀ ਬਜਾਏ ਹਿੰਦੂ ਵਿਰੋਧੀ ਨਫ਼ਰਤ ਸਮੂਹਾਂ ਦਾ ਸਾਥ ਦਿੱਤਾ।

***

## ਅਮਰੀਕਾ ਵਿਚ ਕੌਂਸਲ ਚੋਣ ਲੜ ਰਹੀ

ਮਾਮਲੇ ਦੀ ਜਾਂਚ ਕੀਤੀ ਜਾਵੇਗੀ। ਉਨਾਂ ਕਿਹਾ ਕਿ ਨਸਲਵਾਦ ਕੇਰੀ ਦੀਆਂ ਕਦਰਾਂ ਕੀਮਤਾਂ ਦੇ ਵਿਰੁੱਧ ਹੈ। ਸਾਡਾ ਮਕਸਦ ਲੋਕਾਂ ਦੇ ਭਾਈਚਾਰੇ ਨੂੰ ਮਜਬੂਤ ਕਰਨਾ ਹੈ ਤੇ ਇਸ ਮੰਤਵ ਲਈ ਅਸੀਂ ਕੋਈ ਕਸਰ ਬਾਕੀ ਨਹੀਂ ਰਹਿਣ ਦੇਵਾਂਗੇ। ਇਥੇ ਜਿਕਰਯੋਗ ਹੈ ਕਿ ਕੇਰੀ ਸ਼ਹਿਰ ਦੀ 1,80,000 ਆਬਾਦੀ ਵਿਚੋਂ 20% ਲੋਕ ਏਸ਼ੀਅਨ ਮੂਲ ਦੇ ਹਨ।

***

## ਕੈਨੇਡਾ ਜੀ 20 ਸੰਮੇਲਨ 'ਚ ਹੋਵੇਗਾ ਸ਼ਾਮਲ

ਇਸ ਤੋਂ ਬਾਅਦ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀਆਂ ਟਿੱਪਣੀਆਂ ਆਈਆਂ ਕਿ ਯੂਕਰੇਨ ਦੀ ਗੈਰ-ਮੌਜੂਦਗੀ ਦੇ ਬਾਵਜੂਦ ਉਹ ਗਲੋਬਲ ਪਲੇਟਫਾਰਮ ਰਾਹੀਂ ਆਪਣੇ ਮੁੱਦੇ ਸਾਂਝੇ ਕਰਨ ਦੀ ਕੋਸ਼ਿਸ਼ ਕਰਨਗੇ। ਜ਼ੇਲੇਨਸਕੀ ਪ੍ਰਤੀ ਟਰੂਡੋ ਦੀ ਵਚਨਬੱਧਤਾ ਦਾ ਸਬੂਤ ਇਸ ਸਾਲ ਦੇ ਸ਼ੁਰੂ ਵਿੱਚ ਜਾਪਾਨ ਵਿੱਚ ਹੋਣ ਵਾਲੇ ਜੀ7 ਸੰਮੇਲਨ ਵਿੱਚ ਯੂਕਰੇਨ ਨੂੰ ਦਿੱਤੇ ਗਏ ਸੱਦੇ ਤੋਂ ਮਿਲਦਾ ਹੈ।ਇਸ ਦੇ ਨਾਲ ਹੀ ਸਾਲ 2022 ਵਿੱਚ ਰੂਸ ਨਾਲ ਸ਼ੁਰੂ ਹੋਈ ਜੰਗ ਤੋਂ ਬਾਅਦ ਤੋਂ ਯੂਕਰੇਨ ਨੂੰ ਦੁਨੀਆ ਦੇ ਕਈ ਦੇਸ਼ਾਂ ਤੋਂ ਲਗਾਤਾਰ ਆਰਥਿਕ ਅਤੇ ਫੌਜੀ ਸਮਰਥਨ ਮਿਲ ਰਿਹਾ ਹੈ, ਜਿਸ ਵਿੱਚ ਅਮਰੀਕਾ ਵੀ ਬਹੁਤ ਮਹੱਤਵਪੂਰਨ ਦੇਸ਼ ਹੈ। ਇਸ ਦੇ ਨਾਲ ਹੀ ਜੀ20 ਲਈ ਸੱਦਾ ਨਾ ਦਿੱਤੇ ਜਾਣ ਦੇ ਬਾਵਜੂਦ ਜ਼ੇਲੇਨਸਕੀ ਨੂੰ ਅੰਤਰਰਾਸ਼ਟਰੀ ਸਮਰਥਨ ਪ੍ਰਾਪਤ ਕਰਨਾ ਜਾਰੀ ਹੈ।

ਤੁਹਾਨੂੰ ਦੱਸ ਦਈਏ ਕਿ ਜੀ-20 ਸੰਮੇਲਨ ਲਈ ਜਿਨ੍ਹਾਂ 9 ਨਿਗਰਾਨ ਦੇਸ਼ਾਂ ਨੂੰ ਸੱਦਾ ਦਿੱਤਾ ਗਿਆ ਹੈ, ਉਨ੍ਹਾਂ ਵਿੱਚ ਨੀਦਰਲੈਂਡ, ਸਿੰਗਾਪੁਰ, ਸਪੇਨ, ਸੰਯੁਕਤ ਅਰਬ ਅਮੀਰਾਤ, ਓਮਾਨ, ਬੰਗਲਾਦੇਸ਼, ਮਿਸਰ, ਮਾਰੀਸ਼ਸ ਅਤੇ ਨਾਈਜੀਰੀਆ ਸ਼ਾਮਲ ਹਨ।ਜਦਕਿ ਯੂਕਰੇਨ ਨੂੰ ਸੱਦਾ ਨਹੀਂ ਦਿੱਤਾ ਗਿਆ ਹੈ। ਇਸ 'ਤੇ ਟਰੂਡੋ ਨੇ ਜ਼ੇਲੇਨਸਕੀ ਨਾਲ ਫੋਨ 'ਤੇ ਗੱਲਬਾਤ ਦੌਰਾਨ ਨਿਰਾਸ਼ਾ ਪ੍ਰਗਟਾਈ ਸੀ।ਟਰੂਡੋ ਨੇ ਇਹ ਵੀ ਕਿਹਾ ਸੀ ਕਿ ਯੂਕਰੇਨ ਰੂਸ ਦੀ ਜੰਗ ਉਸ ਸਮੇਂ ਤਕ ਚਲੇਗੀ ਜਿਨ੍ਹਾਂ ਚਿਰ ਰੂਸ ਹਾਰ ਨਹੀਂ ਜਾਂਦਾ।ਰੂਸ ਦੀ ਜਿਤ ਪੱਛਮ ਲਈ ਖਤਰਾ ਬਣੇਗੀ। ਸੋ ਅਸੀਂ ਸਭ ਪੱਛਮੀ ਦੇਸ ਯੂਕਰੇਨ ਦੀ ਸਹਾਇਤਾ ਕਰਾਂਗੇ ਅਤੇ ਰੂਸ ਨੂੰ ਹਰਾਉਣ ਵਿਚ ਯੂਕਰੇਨ ਦੀ ਮਦਦ ਕਰਾਂਗੇ।

***

## ਕਿਤਾਬ 'ਸ਼ਹੀਦਨਾਮਾ- ਆਲੋਅਰਥ ਦੇ ਸ਼ਹੀਦ'

ਸ਼ਹੀਦ ਪਰਿਵਾਰਾਂ ਵਿਚੋਂ ਭਾਈ ਬਲਬੀਰ ਸਿੰਘ ਸਾਗਰ ਅਤੇ ਭਾਈ ਗੁਰਦਿਤ ਸਿੰਘ ਨੇ ਸ਼ਹੀਦਾਂ ਨੂੰ ਪੂਰੀ ਕੌਮ ਦਾ ਸਰਮਾਇਆ ਦੱਸਿਆ। ਇਸ ਮੌਕੇ ਤੇ ਸ਼ਹੀਦ ਪਰਿਵਾਰਾਂ ਦਾ ਸਨਮਾਨ ਕੀਤਾ ਗਿਆ ਅਤੇ ਕਿਤਾਬ 'ਸ਼ਹੀਦਨਾਮਾ - ਆਲੋਅਰਥ ਦੇ ਸ਼ਹੀਦ' ਪਰਿਵਾਰਾਂ ਨੂੰ ਭੇਟਾ ਕੀਤੀ ਗਈ। ਅਖੀਰ ਤੇ ਭਾਈ ਇੰਦਰਪ੍ਰੀਤ ਸਿੰਘ ਨੇ ਆਈ ਸੰਗਤ ਦਾ ਧੰਨਵਾਦ ਕੀਤਾ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਭਾਈ ਮੱਖਣ ਸਿੰਘ, ਜਥੇਦਾਰ ਗੁਰਨੈਬ ਸਿੰਘ ਰਾਮਪੁਰਾ (ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ), ਭਾਈ ਗੁਰਜੀਤ ਸਿੰਘ, ਭਾਈ ਸਤਪਾਲ ਸਿੰਘ, ਭਾਈ ਹਰਪ੍ਰੀਤ ਸਿੰਘ ਲੌਂਗੋਵਾਲ, ਭਾਈ ਅਜੀਤਪਾਲ ਸਿੰਘ, ਭਾਈ ਪਰਵਿੰਦਰ ਸਿੰਘ, ਭਾਈ ਬਲਕਾਰ ਸਿੰਘ, ਭਾਈ ਰਾਏ ਸਿੰਘ, ਭਾਈ ਅਮਨਪ੍ਰੀਤ ਸਿੰਘ ਸੰਗਰੂਰ, ਭਾਈ ਅਮਨਪ੍ਰੀਤ ਸਿੰਘ, ਭਾਈ ਬੇਅੰਤ ਸਿੰਘ, ਆਦਿ ਸੰਗਤਾਂ ਹਾਜ਼ਰ ਸਨ।

ਜੇਕਰ ਕੋਈ ਲੇਖਕ ਆਪਣਾ ਆਰਟੀਕਲ, ਕਵਿਤਾ, ਕਹਾਣੀ, ਮਿੰਨੀ ਕਹਾਣੀ ਜਾਂ ਲੇਖ
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
ਅਖ਼ਬਾਰ ਵਿੱਚ ਛਪਵਾਉਣ ਲਈ ਇੱਛੁਕ ਹੈ ਤਾਂ ਉਹ ਸਾਡੀ ਈ.ਮੇਲ : asrnewwriters@gmail.com 'ਤੇ ਆਪਣੀ ਲਿਖਤ ਭੇਜ ਸਕਦੇ ਹਨ। ਮਿਆਰੀ ਲਿਖਤ ਨੂੰ ਅਖ਼ਬਾਰ 'ਚ ਜ਼ਰੂਰ ਥਾਂ ਦਿੱਤੀ ਜਾਵੇਗੀ।
ਨਾਮ ਅਤੇ ਫ਼ੋਨ ਨੰਬਰ ਜ਼ਰੂਰ ਲਿਖਿਆ ਜਾਵੇ।
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
Email: asrnewwriters@gmail.com www.amritsartimes.com Ph.: (510) 240-5949

## ਨੌਕਰੀਪੇਸ਼ਾ ਔਰਤਾਂ ਦਫ਼ਤਰ

ਦਿਨ ਭਰ ਕੀ ਕੀਤਾ, ਉਨ੍ਹਾਂ ਦਾ ਦਿਨ ਕਿਵੇਂ ਰਿਹਾ, ਅੱਜ ਉਨ੍ਹਾਂ ਨੇ ਸਕੂਲ ਵਿੱਚ ਕੀ ਸਿੱਖਿਆ ਆਦਿ। ਚਾਹ ਪੀਣ ਤੋਂ ਬਾਅਦ ਪਰਿਵਾਰ ਦੇ ਹੋਰ ਮੈਂਬਰਾਂ ਨਾਲ ਥੋੜ੍ਹੀ ਜਿਹੀ ਗੱਲਬਾਤ ਕਰੋ, ਕੁਝ ਮਸਤੀ ਕਰੋ ਅਤੇ ਆਪਣੇ ਸਾਥੀ ਨਾਲ ਕੁਝ ਪਿਆਰ ਭਰੀਆਂ ਗੱਲਾਂ ਕਰੋ। ਅਜਿਹਾ ਕਰਨ ਨਾਲ ਤੁਸੀਂ ਚੰਗਾ ਮਹਿਸੂਸ ਕਰੋਗੇ ਅਤੇ ਬਹੁਤ ਹਲਕਾ ਮਹਿਸੂਸ ਕਰੋਗੇ। ਛੁੱਟੀ ਵਾਲੇ ਦਿਨ, ਆਪਣੇ ਪਰਿਵਾਰ ਨਾਲ ਬਾਹਰ ਘੁੰਮਣ ਲਈ ਜਾਓ, ਡੇਅ ਆਊਟਿੰਗ ਕਰੋ, ਪਿਕਨਿਕ ਕਰੋ, ਖਰੀਦਦਾਰੀ ਕਰੋ ਅਤੇ ਮਸਤੀ ਕਰੋ।

**6. ਦਫ਼ਤਰ ਵਿੱਚ ਸਾਰੇ ਸਹਿਯੋਗੀਆਂ ਨਾਲ ਚੰਗੇ ਸਬੰਧ ਬਣਾ ਕੇ ਰੱਖੋ**

ਕੰਮਕਾਜੀ ਔਰਤਾਂ ਨੂੰ ਦਫ਼ਤਰ ਦੇ ਨਾਲ-ਨਾਲ ਘਰ ਦੇ ਲੋਕਾਂ ਨਾਲ ਵੀ ਆਪਣੇ ਸਬੰਧ ਹਮੇਸ਼ਾ ਮਿੱਠੇ ਅਤੇ ਚੰਗੇ ਰੱਖਣੇ ਚਾਹੀਦੇ ਹਨ। ਛੋਟੇ-ਛੋਟੇ ਮੁੱਦਿਆਂ 'ਤੇ ਆਪਣੇ ਸਾਥੀਆਂ ਨਾਲ ਕਦੇ ਵੀ ਝਗੜਾ ਨਾ ਕਰੋ। ਅਜਿਹਾ ਨਾ ਕਰੋ ਕਿ ਜਿਸ ਦਿਨ ਘਰ 'ਚ ਕੋਈ ਤਣਾਅ ਹੋਵੇ, ਤੁਸੀਂ ਆਪਣਾ ਸਾਰਾ ਗੁੱਸਾ ਆਪਣੇ ਸਹਿ-ਕਰਮਚਾਰੀਆਂ 'ਤੇ ਕੱਢ ਦਿਓ। ਅਜਿਹਾ ਕਰਨ ਨਾਲ ਤੁਹਾਡੇ ਸਾਥੀ ਵੀ ਲੋੜ ਪੈਣ 'ਤੇ ਕਦੇ ਵੀ ਤੁਹਾਡਾ ਸਾਥ ਨਹੀਂ ਦੇਣਗੇ, ਹਮੇਸ਼ਾ ਤੁਹਾਡੇ ਤੋਂ ਦੂਰੀ ਬਣਾ ਕੇ ਰੱਖਣਗੇ, ਜੋ ਭਵਿੱਖ ਵਿੱਚ ਤੁਹਾਡੇ ਕੈਰੀਅਰ ਲਈ ਚੁਣੌਤੀ ਬਣ ਸਕਦਾ ਹੈ। ਅਜਿਹੇ ਕਿਸੇ ਵੀ ਮਾਹੌਲ ਤੋਂ ਬਚੋ, ਪਰ ਇਸ ਦਾ ਇਹ ਮਤਲਬ ਵੀ ਨਹੀਂ ਹੈ ਕਿ ਤੁਸੀਂ ਆਪਣੇ ਕਿਸੇ ਵੀ ਸਾਥੀ ਦੀ ਗਲਤ ਗੱਲ ਜਾਂ ਕਾਰਵਾਈ ਨੂੰ ਬਰਦਾਸ਼ਤ ਕਰੋ। ਅਜਿਹੀ ਸਥਿਤੀ ਵਿੱਚ ਤੁਹਾਨੂੰ ਵੀ ਆਪਣੀ ਆਵਾਜ਼ ਬੁਲੰਦ ਕਰਨ ਦਾ ਪੂਰਾ ਹੱਕ ਹੈ।

**7. ਪਾਲਣ-ਪੋਸਣ ਦੇ ਨਵੇਂ ਤਰੀਕੇ ਅਪਣਾਓ**

ਕੰਮਕਾਜੀ ਔਰਤਾਂ ਕੋਲ ਦਿਨ ਵੇਲੇ ਦਫ਼ਤਰੀ ਕੰਮ ਕਾਰਨ ਬੱਚਿਆਂ ਲਈ ਜ਼ਿਆਦਾ ਸਮਾਂ ਨਹੀਂ ਹੁੰਦਾ। ਅਜਿਹੀ ਸਥਿਤੀ ਵਿੱਚ, ਬੱਚਿਆਂ ਦੇ ਪਾਲਣ-ਪੋਸਣ ਦੇ ਨਵੇਂ ਤਰੀਕੇ ਹਨ, ਜਿਵੇਂ ਕਿ ਇੱਕ ਤਜਰਬੇਕਾਰ ਨਾਨੀ ਰੱਖਣਾ। ਜੇਕਰ ਤੁਹਾਡਾ ਬੱਚਾ ਵੱਡਾ ਹੈ ਤਾਂ ਉਸ ਨੂੰ ਵਧੀਆ ਡੇ ਕੇਅਰ ਵਿੱਚ ਭੇਜੋ। ਇਨ੍ਹਾਂ ਸਾਰੀਆਂ ਚੀਜ਼ਾਂ ਦੀ ਚੋਣ ਕਰਦੇ ਸਮੇਂ ਜ਼ਰੂਰੀ ਸਾਵਧਾਨੀਆਂ ਨੂੰ ਧਿਆਨ ਵਿੱਚ ਰੱਖੋ, ਜਿਵੇਂ ਕਿ ਇੱਕ ਚੰਗੀ ਨੈਨੀ ਦੀ ਚੋਣ ਕਰਦੇ ਸਮੇਂ, ਉਸ ਦੀ ਪੜ੍ਹਾਈ ਅਤੇ ਪਰਿਵਾਰਕ ਪਿਛੋਕੜ ਨਾਲ ਜੁੜੀਆਂ ਸਾਰੀਆਂ ਛੋਟੀਆਂ-ਵੱਡੀਆਂ ਗੱਲਾਂ ਦਾ ਧਿਆਨ ਰੱਖੋ। ਡੇਅ ਕੇਅਰ ਦੀ ਚੋਣ ਕਰਦੇ ਸਮੇਂ ਇਸ ਨਾਲ ਜੁੜੀਆਂ ਸਾਰੀਆਂ ਛੋਟੀਆਂ-ਵੱਡੀਆਂ ਗੱਲਾਂ ਦੀ ਵੀ ਜਾਂਚ ਕਰੋ।

***

## ਗ਼ੈਰ-ਕਰ ਰੁਕਾਵਟਾਂ ਭਾਰਤ ਦੇ ਅੰਤਰਰਾਸ਼ਟਰੀ

ਇਸ ਸੰਮੇਲਨ ਦੌਰਾਨ ਇਹ ਮਸਲਾ ਵੀ ਇਕ ਵੱਡੇ ਮੁੱਦੇ ਵਜੋਂ ਉੱਭਰ ਸਕਦਾ ਹੈ। ਕੁਝ ਦਿਨ ਬਾਅਦ ਜੌਹਨਸਬਰਗ ਵਿੱਚ ਬਰਿਕਸ (ਬ੍ਰਾਜ਼ੀਲ, ਰੂਸ, ਇੰਡੀਆ, ਚੀਨ ਅਤੇ ਸਾਊਥ ਅਫ਼ਰੀਕਾ) ਸਮੂਹ ਦੀ ਹੋਣ ਵਾਲੀ 15ਵੀਂ ਮੀਟਿੰਗ, ਜਿਸ ਵਿੱਚ ਕਿ ਇਨ੍ਹਾਂ ਦੇਸ਼ਾਂ ਦੇ ਮੁਖੀ ਸ਼ਰੀਕ ਹੋ ਰਹੇ ਹਨ, ਵਿੱਚ ਵੀ ਇਸ ਮੁੱਦੇ ਉਪਰ ਵੱਡੀ ਚਰਚਾ ਹੋਣ ਦੀ ਉਮੀਦ ਹੈ।

**ਕੀ ਕਰਨ ਦੀ ਲੋੜ ?**

ਇੰਜ ਇਹ ਸਪੱਸ਼ਟ ਹੈ ਕਿ ਇਸ ਪ੍ਰਕਾਰ ਦੀਆਂ ਲਗਾਈਆਂ ਜਾਣ ਵਾਲੀਆਂ ਗ਼ੈਰ-ਕਰ ਰੁਕਾਵਟਾਂ ਭਾਰਤ ਦੇ ਅੰਤਰਰਾਸ਼ਟਰੀ ਵਪਾਰ ਵਿੱਚ ਇਕ ਵੱਡਾ ਅੜਿੱਕਾ ਪਾ ਰਹੀਆਂ ਹਨ। ਕਈ ਵੱਡੇ ਦਰਾਮਦਕਾਰ ਤਾਂ ਇਸ ਕਿਸਮ ਦੀਆਂ ਰੁਕਾਵਟਾਂ ਦਾ ਤੋੜ ਲੱਭ ਲੈਂਦੇ ਹਨ ਪਰ ਛੋਟੇ-ਮੋਟਿਆਂ ਲਈ ਅਜਿਹਾ ਕਰਨਾ ਮੁਸ਼ਕਿਲ ਹੋ ਜਾਂਦਾ ਹੈ। ਇਸੇ ਕਾਰਨ ਉਹ ਵਧੀਆ ਉਤਪਾਦ ਹੋਣ ਦੇ ਬਾਵਜੂਦ ਵੀ ਇਸ ਦੀ ਦਰਾਮਦ ਲਈ ਯਤਨ ਨਹੀਂ ਕਰਦੇ, ਕਿਉਂਕਿ ਦਿਓ-ਕੱਦ ਗ਼ੈਰ-ਕਰ ਰੁਕਾਵਟਾਂ ਨਾਲ ਸਿੱਝਣਾ ਉਨ੍ਹਾਂ ਦੇ ਵੱਸ ਦੀ ਗੱਲ ਨਹੀਂ ਹੁੰਦੀ। ਇਸ ਲਈ ਇਹ ਰੁਕਾਵਟਾਂ ਦੂਰ ਕਰਵਾਏ ਜਾਣ ਲਈ ਇਹ ਮੁੱਦੇ ਭਾਰਤ ਸਰਕਾਰ ਦੁਆਰਾ ਅੰਤਰਰਾਸ਼ਟਰੀ ਮੰਚਾਂ 'ਤੇ ਉਠਾਏ ਜਾਣੇ ਚਾਹੀਦੇ ਹਨ। ਇਸ ਦੇ ਨਾਲ ਹੀ ਭਾਰਤ ਵਲੋਂ ਵੀ ਕਈ ਦੇਸ਼ਾਂ ਤੋਂ ਦਰਾਮਦਾਂ ਰੋਕਣ ਲਈ ਜੋ ਗ਼ੈਰ-ਕਰ ਰੁਕਾਵਟਾਂ ਲਗਾਈਆਂ ਗਈਆਂ ਹਨ, ਉਨ੍ਹਾਂ ਉਪਰ ਵੀ ਸੋਚ-ਵਿਚਾਰ ਹੋਣਾ ਚਾਹੀਦਾ ਹੈ। ਜੇਕਰ ਭਾਰਤ ਆਪਣੇ ਦੇਸ਼ ਅੰਦਰ ਗ਼ੈਰ-ਕਰ ਰੁਕਾਵਟਾਂ ਦੀ ਮਦਦ ਨਾਲ ਦਰਾਮਦਾਂ ਰੋਕੇਗਾ ਤਾਂ ਫਿਰ ਉਸ ਲਈ ਦੂਸਰੇ ਦੇਸ਼ਾਂ ਨੂੰ ਇਸ ਪ੍ਰਕਾਰ ਦੀਆਂ ਰੁਕਾਵਟਾਂ ਖ਼ਤਮ ਕੀਤੇ ਜਾਣ ਲਈ ਰਾਜ਼ੀ ਕਰਨਾ ਮੁਸ਼ਕਿਲ ਹੋਵੇਗਾ। ਇਸ ਲਈ ਇਸ ਪ੍ਰਕਾਰ ਦੀਆਂ ਰੁਕਾਵਟਾਂ ਨੂੰ ਕਿਸੇ ਤਰਕਸੰਗਤ ਤਰੀਕੇ ਨਾਲ ਕਿਸੇ ਵਿਧੀ-ਵਿਧਾਨ ਅੰਦਰ ਲਿਆਂਦੇ ਜਾਣ ਦੀ ਜ਼ਰੂਰਤ ਹੈ।।

***

## ਭਾਰਤ ਤੇ ਚੀਨ ਦਾ ਟਕਰਾਅ

ਇਲਾਕੇ ਵਿੱਚ ਕੋਈ ਨਹੀਂ ਵੜਿਆ। ਨਾ ਹੀ ਕਿਸੇ ਨੇ ਕਿਸੇ ਭਾਰਤੀ ਚੌਕੀ 'ਤੇ ਕਬਜ਼ਾ ਕੀਤਾ ਹੈ। ਉਦੋਂ ਤੋਂ ਭਾਰਤ ਸਰਕਾਰ ਦਾ ਅਧਿਕਾਰਤ ਸਟੈਂਡ ਇਹ ਰਿਹਾ ਹੈ ਕਿ ਉਸ ਦੇ ਰਾਜ ਦੌਰਾਨ ਕਿਸੇ ਨੇ ਭਾਰਤੀ ਜ਼ਮੀਨ ਦਾ ਇੱਕ ਇੰਚ ਵੀ ਕਬਜ਼ਾ ਨਹੀਂ ਕੀਤਾ।

ਫਿਰ ਮਸਲਾ ਕੀ ਹੈ? ਕੇਂਦਰੀ ਮੰਤਰੀਆਂ ਦੇ ਬਿਆਨਾਂ ਤੋਂ ਸੰਕੇਤ ਮਿਲਦਾ ਹੈ ਕਿ ਭਾਰਤ ਸਰਕਾਰ ਦੇ ਧਿਆਨ ਵਿੱਚ ਮੁੱਦਾ ਸਿਰਫ਼ ਇਹ ਹੈ ਕਿ ਚੀਨ ਨੇ ਆਪਣੇ ਪਾਸੇ ਇੱਕ ਵੱਡਾ ਫ਼ੌਜੀ ਅੱਡਾ ਕਾਇਮ ਰੱਖਿਆ ਹੋਇਆ ਹੈ ਅਤੇ ਉੱਥੇ ਸਥਾਈ ਉਸਾਰੀਆਂ ਕਰ ਲਈਆਂ ਹਨ, ਜਿਸ ਨਾਲ ਤਣਾਅ ਵਧਿਆ ਹੈ। ਭਾਰਤ ਚਾਹੁੰਦਾ ਹੈ ਕਿ ਆਪਸੀ ਤਾਲਮੇਲ ਨਾਲ ਮਸਲਾ ਹੱਲ ਹੋਵੇ। ਭਾਰਤ ਦੀਆਂ ਨਜ਼ਰਾਂ ਵਿੱਚ ਇਸ ਮਕਸਦ ਲਈ ਦੋਹਾਂ ਫੌਜਾਂ ਦੇ ਕੋਰ ਕਮਾਂਡਰਾਂ ਵਿਚਾਲੇ 19 ਦੌਰ ਦੀ ਗੱਲਬਾਤ ਹੋ ਚੁੱਕੀ ਹੈ ਅਤੇ ਹਾਲ ਹੀ ਵਿਚ ਐਲਏਸੀ 'ਤੇ ਆਪਸੀ ਵਿਸ਼ਵਾਸ ਵਧਾਉਣ ਲਈ ਲਗਾਤਾਰ ਤਿੰਨ-ਚਾਰ ਦਿਨ ਮੇਜਰ ਜਨਰਲ ਪੱਧਰ 'ਤੇ ਗੱਲਬਾਤ ਹੋਈ ਸੀ ਕਿਉਂਕਿ ਭਾਰਤ ਸਰਕਾਰ ਨੇ ਇਹ ਸਵੀਕਾਰ ਨਹੀਂ ਕੀਤਾ ਹੈ ਕਿ ਚੀਨ ਨੇ ਅਪ੍ਰੈਲ, 2020 ਤੋਂ ਬਾਅਦ ਸਾਡੀ ਜ਼ਮੀਨ 'ਤੇ ਕੋਈ ਕਬਜ਼ਾ ਕੀਤਾ ਹੋਇਆ ਹੈ, ਭਾਰਤ ਨੇ ਪਹਿਲਾਂ ਵਾਲੀ ਸਥਿਤੀ ਨੂੰ ਬਹਾਲ ਕਰਨ ਦੀ ਅਧਿਕਾਰਤ ਮੰਗ ਨਹੀਂ ਉਠਾਈ ਹੈ। ਜਦਕਿ ਰੱਖਿਆ ਮਾਹਿਰਾਂ ਦਾ ਮੰਨਣਾ ਹੈ ਕਿ ਚੀਨ ਨੇ ਭਾਰਤੀ ਸਰਹੱਦ ਵਿੱਚ ਘੁਸਪੈਠ ਕੀਤੀ ਹੈ, ਉਨ੍ਹਾਂ ਦੀ ਰਾਏ ਵਿੱਚ ਚੀਨ ਅੱਗੇ ਭਾਰਤ ਦੀ ਇਹ ਮੁੱਖ ਮੰਗ ਹੋਣੀ ਚਾਹੀਦੀ ਹੈ। ਇਸ ਸਾਲ ਜਨਵਰੀ ਵਿੱਚ ਪੁਲਿਸ ਦੇ ਡਾਇਰੈਕਟਰ ਜਨਰਲਾਂ ਦੀ ਕਾਨਫਰੰਸ ਵਿੱਚ ਪੇਸ਼ ਕੀਤੀ ਗਈ ਇੱਕ ਰਿਪੋਰਟ ਦੁਆਰਾ ਵੀ ਇਨ੍ਹਾਂ ਮਾਹਿਰਾਂ ਦੀ ਰਾਏ ਦੀ ਪੁਸ਼ਟੀ ਕੀਤੀ ਗਈ ਸੀ। ਉਸ ਰਿਪੋਰਟ ਵਿੱਚ ਕਿਹਾ ਗਿਆ ਸੀ ਕਿ ਪੂਰਬੀ ਲੱਦਾਖ ਖੇਤਰ ਦੀਆਂ 65 ਚੌਕੀਆਂ ਵਿਚੋਂ, ਜਿਨ੍ਹਾਂ 'ਤੇ ਭਾਰਤੀ ਬਲ ਪਹਿਲਾਂ ਗਸ਼ਤ ਕਰਦੇ ਸਨ, ਹੁਣ 26 ਚੌਕੀਆਂ 'ਤੇ ਕਰਦੇ ਹਨ। ਚੀਨ ਦੇ ਕਬਜ਼ੇ ਕਾਰਨ ਅਜਿਹਾ ਕਰਨਾ ਭਾਰਤ ਲਈ ਸੰਭਵ ਨਹੀਂ ਰਹਿ ਗਿਆ।

ਰੱਖਿਆ ਮਾਹਿਰ ਅਤੇ ਫੋਰਸ ਮੈਗਜ਼ੀਨ ਦੇ ਸਾਬਕਾ ਸੰਪਾਦਕ ਪ੍ਰਵੀਨ ਸਾਹਨੀ ਦਾ ਵਿਚਾਰ ਹੈ ਕਿ ਮਾਸਕੋ ਵਿੱਚ ਭਾਰਤ ਦੇ ਵਿਦੇਸ਼ ਮੰਤਰੀ ਐਸ ਜੈਸ਼ੰਕਰ ਅਤੇ ਚੀਨ ਦੇ ਵਿਦੇਸ਼ ਮੰਤਰੀ ਵਾਂਗ ਯੀ ਦਰਮਿਆਨ ਗੱਲਬਾਤ ਤੋਂ ਬਾਅਦ 10 ਸਤੰਬਰ 2020 ਨੂੰ ਜਾਰੀ ਕੀਤੇ ਗਏ ਸਾਂਝੇ ਬਿਆਨ ਨੇ ਸਥਿਤੀ ਨੂੰ ਹੋਰ ਉਲਝਾਇਆ ਸੀ। ਇਸ ਬਿਆਨ ਵਿੱਚ ਸਥਿਤੀ ਨੂੰ ਬਹਾਲ ਕਰਨ ਦੀ ਕੋਈ ਗੱਲ ਨਹੀਂ ਕੀਤੀ ਗਈ, ਐਲਏਸੀ ਦੀ ਬਜਾਏ ਸਰਹੱਦ ਸ਼ਬਦ ਦਾ ਜ਼ਿਕਰ ਕੀਤਾ ਗਿਆ ਸੀ। ਇਸ ਦਾ ਮਤਲਬ ਇਹ ਵੀ ਲਿਆ ਜਾ ਸਕਦਾ ਹੈ ਕਿ ਉਸ ਤਰੀਕ ਤੱਕ ਭਾਰਤ ਦਾ ਕਬਜ਼ਾ ਸੀ, ਉਸ ਨੇ ਇਸ ਨੂੰ ਸਥਾਈ ਸਰਹੱਦ ਮੰਨ ਲਿਆ ਹੈ। ਇਸ ਤੋਂ ਬਾਅਦ ਚੀਨ ਨਾਲ ਗੱਲਬਾਤ ਵਿੱਚ ਭਾਰਤ ਦੀ ਸੌਦੇਬਾਜ਼ੀ ਦੀ ਸ਼ਕਤੀ ਸੀਮਤ ਹੋ ਗਈ ਹੈ।ਇਸ ਵੇਰਵੇ ਤੋਂ ਸਪੱਸ਼ਟ ਹੈ ਕਿ ਭਾਰਤ ਅਤੇ ਚੀਨ ਵਿਚਾਲੇ ਵਿਵਾਦ ਬਹੁਤ ਹੀ ਗੁੰਝਲਦਾਰ ਅਤੇ ਗੰਭੀਰ ਪੜਾਅ 'ਤੇ ਪਹੁੰਚ ਗਿਆ ਹੈ। ਬੇਸ਼ੱਕ ਗੱਲਬਾਤ ਰਾਹੀਂ ਇਸ ਸਥਿਤੀ ਦਾ ਹੱਲ ਕੱਢਣਾ ਦੋਵਾਂ ਦੇਸ਼ਾਂ ਦੇ ਹਿੱਤ ਵਿੱਚ ਹੈ। ਪਰ ਇਸ ਗੱਲਬਾਤ ਨੂੰ ਲੈ ਕੇ ਭਾਰਤ ਵਿੱਚ ਕੋਈ ਆਮ ਸਹਿਮਤੀ ਨਹੀਂ ਬਣ ਸਕੀ ਅਤੇ ਵਿਰੋਧੀ ਧਿਰ ਵੱਲੋਂ ਇਸ ਸਬੰਧ ਵਿੱਚ ਅਕਸਰ ਗੰਭੀਰ ਸਵਾਲ ਉਠਾਉਂਦੀਆਂ ਹਨ। ਇਸ ਦਾ ਇੱਕ ਵੱਡਾ ਕਾਰਨ ਦੋਵਾਂ ਪਾਸਿਆਂ ਤੋਂ ਸੰਚਾਰ ਦੀ ਘਾਟ ਹੈ। ਜੇਕਰ ਸਰਕਾਰ ਆਪਣੇ ਅਕਸ ਅਤੇ ਪ੍ਰਧਾਨ ਮੰਤਰੀ ਦੇ ਅਕਸ ਦੀ ਚਿੰਤਾ ਛੱਡ ਕੇ ਇਸ ਮੁੱਦੇ 'ਤੇ ਦੇਸ਼ ਨਾਲ ਖੁੱਲ੍ਹੀ ਗੱਲਬਾਤ ਕਰੇ, ਸੱਚਾਈ ਨੂੰ ਬੇਬਾਕੀ ਨਾਲ ਕਹੇ, ਤਾਂ ਅਜਿਹੀ ਸਹਿਮਤੀ ਬਣ ਸਕਦੀ ਹੈ, ਜਿਸ ਨਾਲ ਗੱਲਬਾਤ ਕਰਨਾ ਆਸਾਨ ਹੋ ਜਾਵੇਗਾ।

***

## ਪਾਕਿ 'ਚ ਨਾ ਮਹਾਰਾਜਾ ਰਣਜੀਤ ਸਿੰਘ

ਸੱਤਾ ਕਾਲ ਵਿੱਚ ਨੀਂਹ ਪੱਥਰ ਰੱਖਿਆ ਗਿਆ ਸੀ। ਇਸ ਪੈਨੋਰਮਾ 'ਤੇ ਕਰੀਬ 5.50 ਕਰੋੜ ਰੁਪਏ ਖ਼ਰਚ ਆਇਆ, ਜਿਸ ਨੂੰ ਨੈਸ਼ਨਲ ਕੌਂਸਲ ਆਫ਼ ਸਾਇੰਸ ਨਵੀਂ ਦਿੱਲੀ ਵੱਲੋਂ ਕਰੀਬ 5 ਸਾਲ 'ਚ ਤਿਆਰ ਕਰਵਾਇਆ ਗਿਆ, ਜਿਸ ਦਾ ਉਦਘਾਟਨ 20 ਜੁਲਾਈ 2006 ਨੂੰ ਤਤਕਾਲੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਕੀਤਾ ਗਿਆ ਅਤੇ ਇਹ ਪੈਨੋਰਮਾ ਪੂਰੀ ਤਰ੍ਹਾਂ ਨਾਲ ਤਿਆਰ ਹੋਣ ਉਪਰੰਤ 12 ਸਤੰਬਰ 2006 ਨੂੰ ਆਮ ਲੋਕਾਂ ਲਈ ਖੋਲ੍ਹਿਆ ਗਿਆ ।

ਉਕਤ ਬਾਗ਼ ਵਿੱਚ ਕਰੀਬ ਸਾਢੇ 4 ਏਕੜ ਵਿੱਚ ਮਹਾਰਾਜਾ ਰਣਜੀਤ ਸਿੰਘ ਦੀ ਯਾਦ ਵਿੱਚ ਬਣਾਇਆ ਗਏ ਇਸ ਪੈਨੋਰਮਾ ਦੀ ਜਿਸ ਤਰ੍ਹਾਂ ਦੀ ਪਹਿਚਾਣ ਬਣਨੀ ਚਾਹੀਦੀ ਸੀ ਸਰਕਾਰਾਂ ਉਹ ਪਹਿਚਾਣ ਬਣਾਉਣ ਵਿਚ ਅਸਫਲ ਰਹੀਆਂ ਹਨ, ਇਸ ਪੈਨੋਰਮਾ ਅੰਦਰ ਦੋ ਡਰੋਮਾ ਹਾਲ ਹਨ ਜਿਸ ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਜਨਮ, ਵਿਆਹ ਅਤੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਸੋਨੇ ਸੇਵਾ ਕਰਵਾਉਣ ਸਮੇਂ ਦੀਆਂ ਇਤਿਹਾਸਕ ਯਾਦਾਂ ਨੂੰ ਕਲਾਕ੍ਰਿਤੀਆਂ ਦੇ ਰੂਪ ਵਿੱਚ ਪੇਸ਼ ਕੀਤਾ ਗਿਆ ਹੈ । ਇਸ ਤੋਂ ਇਲਾਵਾ ਪੈਨੋਰਮਾ ਦੇ ਮੁੱਖ ਹਾਲ ਵਿੱਚ ਮਹਾਰਾਜਾ ਰਣਜੀਤ ਸਿੰਘ ਆਪਣੇ ਜੀਵਨ ਵਿੱਚ ਲੜੀਆਂ 6 ਅਹਿਮ ਜੰਗਾਂ ਨੂੰ ਬਿਆਨ ਕਰਦੀਆਂ ਕਲਾਕ੍ਰਿਤੀਆਂ ਪੇਸ਼ ਕੀਤੀਆਂ ਗਈਆਂ ਅਤੇ ਇਸ ਦੇ ਨਾਂਅ ਜੰਗ ਦੇ ਮੈਦਾਨ ਵਿਚ ਘੋੜਿਆਂ ਅਤੇ ਤਲਵਾਰਾਂ ਦੇ ਖੜਾਕ ਦੀਆਂ ਆਵਾਜ਼ਾਂ ਚੱਲਦੀਆਂ ਹਨ । ਪੈਨੋਰਮਾ ਹਾਲ ਵਿਚ ਮਹਾਰਾਜਾ ਰਣਜੀਤ ਸਿੰਘ ਦਾ ਦਰਬਾਰ ਵੀ ਦਿਖਾਇਆ ਗਿਆ ਹੈ। ਇਸ ਹਾਲ ਵਿੱਚ 'ਟੱਚ ਸਕਰੀਨ' ਕੰਪਿਊਟਰ ਸਕਰੀਨਾਂ ਲਗਾਈਆਂ ਗਈਆਂ ਜਿਸ 'ਤੇ ਮਹਾਰਾਜਾ ਰਣਜੀਤ ਸਿੰਘ ਦੇ ਜੀਵਨ ਅਤੇ ਅੰਮ੍ਰਿਤਸਰ ਨਾਲ ਸੰਬੰਧਿਤ ਜਾਣਕਾਰੀ ਮਿਲਦੀ ਹੈ ।ਇਥੇ ਔਸਤਨ ਇੱਕ ਦਿਨ ਵਿੱਚ 100 ਦੇ ਕਰੀਬ ਹੀ ਲੋਕ ਇਸ ਪੈਨੋਰਮਾ ਨੂੰ ਦੇਖਣ ਲਈ ਆਉਂਦੇ ਹਨ । ਸਾਫ ਹੈ ਕਿ ਇਸ ਦੇ ਪਿੱਛੇ ਸਰਕਾਰਾਂ ਅਤੇ ਪ੍ਰਸ਼ਾਸਨ ਦੀ ਨਕਾਮੀ ਹੈ।

ਧਾਰਮਿਕ, ਇਤਿਹਾਸਕ ਅਤੇ ਵਿਰਾਸਤੀ ਪੱਖੋਂ ਦੁਨੀਆ ਭਰ ਵਿੱਚ ਪ੍ਰਸਿੱਧੀ ਪ੍ਰਾਪਤ ਕਰ ਚੁੱਕੇ ਅੰਮ੍ਰਿਤਸਰ ਸ਼ਹਿਰ ਦੀ ਲੁਪਤ ਹੋ ਰਹੀ ਵਿਰਾਸਤ ਨੂੰ ਬਚਾਉਣ ਲਈ ਸ਼ਹਿਰ ਦੇ ਇਤਿਹਾਸ ਨੂੰ ਪ੍ਰਮਾਣਿਕ ਦਸਤਾਵੇਜ਼ਾਂ ਦੇ ਆਧਾਰ 'ਤੇ ਕਲਮਬੱਧ ਕੀਤਾ ਜਾਣਾ ਬੇਹੱਦ ਜ਼ਰੂਰੀ ਹੈ। ਇਸ ਦੇ ਬਾਅਦ ਪੁਰਾਣੇ ਇਤਿਹਾਸਕ ਤੇ ਵਿਰਾਸਤੀ ਢਾਂਚਿਆਂ ਦੀ ਨਿਸ਼ਾਨਦੇਹੀ ਕਰਨ ਉਪਰੰਤ ਉਨ੍ਹਾਂ ਨੂੰ ਸੁਰੱਖਿਅਤ ਕਰਕੇ ਉਨ੍ਹਾਂ ਦੇ ਕੌਮਾਂਤਰੀ ਪੱਧਰ 'ਤੇ ਪ੍ਰਚਾਰ ਲਈ ਵਿਸ਼ੇਸ਼ ਸਾਰਥਕ ਉਪਰਾਲੇ ਕੀਤੇ ਜਾਣੇ ਚਾਹੀਦੇ ਹਨ। ਇਤਿਹਾਸਕ ਸਮਾਰਕਾਂ ਦੀ ਪ੍ਰਮਾਣਿਕ ਤੱਥਾਂ ਦੇ ਆਧਾਰ 'ਤੇ ਨਿਸ਼ਾਨਦੇਹੀ ਕਰਕੇ ਇਨ੍ਹਾਂ ਦੀ ਸੰਭਾਲ ਲਈ 'ਵਾਲਡ ਸਿਟੀ ਅਥਾਰਿਟੀ ਅੰਮ੍ਰਿਤਸਰ' ਨੂੰ ਕਾਇਮ ਕਰਨਾ ਬੇਹੱਦ ਜ਼ਰੂਰੀ ਬਣ ਚੁੱਕਿਆ ਹੈ। ਇਸ ਅਥਾਰਿਟੀ ਅਧੀਨ ਪਾਕਿਸਤਾਨ ਦੇ ਲਾਹੌਰ ਸ਼ਹਿਰ ਦੀ ਤਰਜ਼ 'ਤੇ ਇੱਕ ਵਿਸ਼ੇਸ਼ ਐਕਟ ਬਣਾ ਕੇ ਅੰਦਰੂਨੀ ਸ਼ਹਿਰ ਦੀ ਵਿਰਾਸਤ ਅਤੇ ਵਿਰਾਸਤੀ, ਇਤਿਹਾਸਕ ਅਤੇ ਧਾਰਮਿਕ ਸਮਾਰਕਾਂ ਨੂੰ ਲੁਪਤ ਜਾਂ ਜ਼ਮੀਨਦੋਜ਼ ਕੀਤੇ ਜਾਣ ਤੋਂ ਬਚਾਇਆ ਜਾ ਸਕਦਾ ਹੈ । ਇਤਿਹਾਸਕ ਸਮਾਰਕਾਂ ਦੀ ਸੁਰੱਖਿਆ ਲਈ 'ਵਾਲਡ ਸਿਟੀ ਅਥਾਰਿਟੀ ਅੰਮ੍ਰਿਤਸਰ' ਅਧੀਨ ਐਕਟ ਲਾਗੂ ਕਰਕੇ ਸਖ਼ਤ ਨਿਯਮ ਬਣਾਉਣ ਦੀ ਵੀ ਲੋੜ ਹੈ ।ਉਨ੍ਹਾਂ ਇਹ ਵੀ ਰਾਇ ਦਿੱਤੀ ਹੈ ਕਿ 'ਵਾਲਡ ਸਿਟੀ ਅਥਾਰਿਟੀ ਅੰਮ੍ਰਿਤਸਰ' ਨੂੰ ਸਥਾਪਤ ਕਰਕੇ ਇਸ ਦੇ ਪ੍ਰਬੰਧ ਸੁਤੰਤਰ ਰੂਪ ਵਿੱਚ ਸੇਵਾਮੁਕਤ ਹੋਏ ਸੀਨੀਅਰ ਆਈ. ਏ. ਐਸ. ਪੱਧਰ ਦੇ ਅਧਿਕਾਰੀਆਂ ਹੇਠ ਵੱਖ-ਵੱਖ ਐਨ. ਜੀ. ਓ., ਪੁਰਾਤਤਵ ਤੇ ਇਤਿਹਾਸ ਮਾਹਿਰਾਂ, ਵਿਰਾਸਤ ਪ੍ਰੇਮੀਆਂ ਅਤੇ ਰੱਖ-ਰਖਾਅ ਨਾਲ ਸੰਬੰਧਿਤ ਵਿਭਾਗਾਂ ਅਧੀਨ ਕੀਤੇ ਜਾਣੇ ਚਾਹੀਦੇ ਹਨ । ਇਸੇ ਦੇ ਨਾਲ ਹੀ ਮਿਸਲ ਕਾਲ ਵੇਲੇ ਬਣੇ ਬੁੰਗਿਆਂ ਦੇ ਬਚੇ-ਖੁਚੇ ਢਾਂਚਿਆਂ, ਸ਼ਹਿਰ ਦੇ 'ਮਿੰਨੀ ਸਿਟੀ' ਦੇ ਰੂਪ ਵਿੱਚ ਮੌਜੂਦ ਰਹੇ ਕੁਝ ਕਟੜਿਆਂ ਹੇਠਾਂ ਬਣੀਆਂ ਸੁਰੰਗਾਂ ਅਤੇ ਟੈਕਸ ਡਿਉੜ੍ਹੀਆਂ ਨੂੰ ਵੀ ਸੁਰੱਖਿਅਤ ਕੀਤਾ ਜਾਣਾ ਚਾਹੀਦਾ ਹੈ ।

***

## ਹੜ੍ਹਾਂ ਦੌਰਾਨ ਪੰਜਾਬ ਦੀ ਤਬਾਹੀ,

ਸਾਫ਼ ਸਪੱਸ਼ਟ ਹੈ ਕਿ ਇਨ੍ਹਾਂ ਤਿੰਨਾਂ ਦਰਿਆਵਾਂ ਦਾ ਹੀ ਰਾਜਸਥਾਨ, ਹਰਿਆਣਾ ਤੇ ਦਿੱਲੀ ਨਾਲ ਕੋਈ ਲਾਗਾ-ਦੇਗਾ ਨਹੀਂ ਹੈ। ਸੰਵਿਧਾਨ ਦੇ 7ਵੇਂ ਸ਼ਡਿਊਲ ਦੀ ਮਦ 17 ਮੁਤਾਬਿਕ ਪਾਣੀ ਰਾਜਾਂ ਦਾ ਵਿਸ਼ਾ ਹੈ ਤਾਂ ਕੇਂਦਰ ਸਰਕਾਰ, ਸੁਪਰੀਮ ਕੋਰਟ ਤੇ ਪਾਰਲੀਮੈਂਟ ਵੀ ਪੰਜਾਬ 'ਤੇ ਧੱਕੇ ਨਾਲ ਕੋਈ ਫ਼ੈਸਲਾ ਨਹੀਂ ਥੋਪ ਸਕਦੀ। ਸ਼ਾਇਦ ਸੁਪਰੀਮ ਕੋਰਟ ਦੇ ਸੁਯੋਗ ਜੱਜਾਂ ਨੂੰ ਇਸ ਦਾ ਅਹਿਸਾਸ ਹੈ ਅਤੇ ਸ਼ਾਇਦ ਇਸੇ ਲਈ ਹੀ ਉਹ ਐਸ.ਵਾਈ.ਐਲ. ਨਹਿਰ ਦੇ ਮਾਮਲੇ 'ਤੇ ਕੇਂਦਰ ਨੂੰ ਦੋਵਾਂ ਰਾਜਾਂ ਵਿੱਚ ਆਪਸੀ ਸਮਝੌਤਾ ਕਰਵਾਉਣ ਲਈ ਕਹਿੰਦੀ ਹੈ। ਬੇਸ਼ੱਕ ਹਿਮਾਚਲ ਪ੍ਰਦੇਸ਼ ਜ਼ਰੂਰ ਅਪਰ-ਰਾਇਪੇਰੀਅਨ ਰਾਜ ਹੈ। ਜੋ ਪੰਜਾਬ ਕੋਲੋਂ ਕੁਝ ਹੱਕ ਮੰਗ ਸਕਦਾ ਹੈ ਪਰ ਯਾਦ ਰੱਖਣਯੋਗ ਹੈ ਕਿ ਕਿਸੇ ਵੀ ਅੰਤਰਰਾਸ਼ਟਰੀ ਜਾਂ ਰਾਸ਼ਟਰੀ ਕਾਨੂੰਨ ਅਨੁਸਾਰ ਉਹ ਪੰਜਾਬ ਵਿੱਚ ਆ ਰਹੇ ਪਾਣੀ ਦੇ ਕੁਦਰਤੀ ਵਹਾਅ ਨੂੰ ਬਦਲਣ ਜਾਂ ਰੋਕਣ ਦਾ ਹੱਕਦਾਰ ਨਹੀਂ ਹੈ।

ਇਨ੍ਹਾਂ ਹੜ੍ਹਾਂ ਨੇ ਪੰਜਾਬ ਦਾ ਇਕ ਹੋਰ ਹੱਕ ਵੀ ਉਜਾਗਰ ਕੀਤਾ ਹੈ ਕਿ ਪੰਜਾਬ ਦੇ ਤਿੰਨੇ ਦਰਿਆ ਰਾਵੀ, ਬਿਆਸ ਤੇ ਸਤਲੁਜ ਦਾ ਹਰਿਆਣਾ ਰਾਇਪੇਰੀਅਨ ਰਾਜ ਨਹੀਂ ਹੈ ਪਰ ਪੰਜਾਬ ਜ਼ਰੂਰ ਘੱਗਰ ਦਾ ਰਾਇਪੇਰੀਅਨ ਰਾਜ ਹੈ ਕਿਉਂਕਿ ਘੱਗਰ ਦੇ ਹੜ੍ਹ ਪੰਜਾਬ ਦਾ ਵੱਡਾ ਨੁਕਸਾਨ ਕਰਦੇ ਹਨ।

ਪੰਜਾਬ ਨੇ ਰਾਜਸਥਾਨ, ਦਿੱਲੀ ਤੇ ਹਰਿਆਣਾ ਨੂੰ ਆਪਣੇ ਦਰਿਆਵਾਂ ਦਾ ਪਾਣੀ ਦੇ ਕੇ ਖ਼ੁਦ ਆਪਣਾ ਧਰਤੀ ਹੇਠਲਾ ਪਾਣੀ ਏਨਾ ਵਰਤ ਲਿਆ ਹੈ ਕਿ ਸਾਡੇ 97 ਫ਼ੀਸਦੀ ਬਲਾਕ ਡਾਰਕ ਜ਼ੋਨ ਬਣ ਗਏ ਹਨ। ਅਸੀਂ ਧਰਤੀ ਵਿਚੋਂ ਹਰ ਸਾਲ 35.78 ਅਰਬ ਕਿਊਬਿਕ ਮੀਟਰ ਪਾਣੀ ਕੱਢਦੇ ਹਾਂ, ਜਦੋਂ ਕਿ ਸਿਰਫ਼ 21.58 ਅਰਬ ਕਿਊਬਿਕ ਮੀਟਰ ਪਾਣੀ ਹੀ ਦੁਬਾਰਾ ਰੀਚਾਰਜ ਹੁੰਦਾ ਹੈ। ਭਾਵ ਹਰ ਸਾਲ ਸਾਡੇ ਧਰਤੀ ਹੇਠਲੇ ਪਾਣੀ ਦੇ ਭੰਡਾਰ 14 ਅਰਬ ਕਿਊਬਿਕ ਮੀਟਰ ਦੀ ਦਰ ਨਾਲ ਘਟ ਰਹੇ ਹਨ। ਨਤੀਜੇ ਵਜੋਂ ਪੰਜਾਬ ਅਗਲੇ ਦਹਾਕੇ ਭਰ ਵਿੱਚ ਰੇਗਿਸਤਾਨ ਬਣਨ ਵੱਲ ਵਧ ਰਿਹਾ ਹੈ। ਪੀਣ ਵਾਲਾ ਪਾਣੀ ਤਾਂ ਹੁਣੇ ਹੀ ਮੁੱਲ ਮਿਲਦਾ ਹੈ ਜਾਂ ਆਰ.ਓ. ਆਦਿ ਨਾਲ ਸਾਫ਼ ਕਰਕੇ ਪੀਣਾ ਪੈਂਦਾ ਹੈ।

ਇਸ ਦਾ ਇਕੋ ਇਕ ਇਲਾਜ ਹੈ ਕਿ ਪੰਜਾਬ ਹੁਣ ਤੱਕ ਧੱਕੇ ਨਾਲ ਪੰਜਾਬ 'ਤੇ ਠੋਸੇ ਗਏ ਸਾਰੇ ਸਮਝੌਤੇ ਯਕਤਰਫ਼ਾ ਰੱਦ ਕਰੇ।ਆਪਣੀ ਜ਼ਰੂਰਤ ਦਰਿਆਈ ਪਾਣੀਆਂ ਤੋਂ ਪੂਰੀ ਕਰੇ, ਨਹਿਰਾਂ ਦਾ, ਸੂਇਆਂ ਦਾ ਤੇ ਬਰਸਾਤੀ ਪਾਣੀ ਧਰਤੀ ਵਿੱਚ ਰੀਚਾਰਜ ਕਰਨ ਦਾ ਮਨਸੂਬਾ ਬਣਾਵੇ ਤੇ ਲਾਗੂ ਕਰੇ। ਫਿਰ ਬਾਕੀ ਬਚਦਾ ਪਾਣੀ ਗੁਆਂਢੀ ਰਾਜਾਂ ਨੂੰ ਇਕਯੋਗ ਕੀਮਤ 'ਤੇ ਵੇਚੇ। ਹੁਣੇ-ਹੁਣੇ 2019 ਵਿੱਚ ਦਿੱਲੀ ਨੇ ਹਿਮਾਚਲ ਤੋਂ ਪਾਣੀ ਮੁੱਲ ਲੈਣ ਦਾ ਸਮਝੌਤਾ ਕੀਤਾ ਹੈ। ਪਾਣੀ ਦੀ ਕੀਮਤ ਦੇ ਨਾਲ-ਨਾਲ ਉਸ ਨੇ ਹਿਮਾਚਲ ਨੂੰ ਦਿੱਲੀ ਵਿੱਚ ਬੇਸ਼ਕੀਮਤੀ ਜ਼ਮੀਨ 'ਤੇ ਪਲਾਟ ਵੀ ਦਿੱਤੇ ਹਨ।ਪੰਜਾਬ ਪਾਣੀਆਂ ਦਾ ਮਾਲਕ ਹੈ ਤੇ ਇਸ ਦੀ ਕੀਮਤ ਲੈਣ ਦਾ ਅਧਿਕਾਰੀ ਹੈ, ਇਸ ਦੇ ਇਤਿਹਾਸਕ ਸਬੂਤ ਵੀ ਹਨ। 1873 ਈਸਵੀ ਵਿੱਚ ਜਦੋਂ ਪਟਿਆਲਾ, ਨਾਭਾ ਤੇ ਜੀਂਦ ਰਿਆਸਤਾਂ ਨੂੰ ਜੋ ਉਸ ਵੇਲੇ ਪੰਜਾਬ ਤੋਂ ਅਲੱਗ ਸੁਤੰਤਰ ਰਾਜ ਸਨ, ਨੇ ਸਰਹਿੰਦ ਨਹਿਰ ਰਾਹੀਂ ਪਾਣੀ ਲਿਆ ਤੇ ਰਾਇਪੇਰੀਅਨ ਰਾਜ ਵਜੋਂ ਪੰਜਾਬ ਨੂੰ ਪਾਣੀ ਦਾ ਮੁੱਲ ਦਿੱਤਾ ਗਿਆ। ਫਿਰ 1921 ਵਿੱਚ ਗੰਗ ਨਹਿਰ ਬਣਨੀ ਸ਼ੁਰੂ ਹੋਈ, ਜਿਸ ਦਾ ਉਦਘਾਟਨ 26 ਅਕਤੂਬਰ, 1927 ਨੂੰ ਵਾਇਸਰਾਏ ਲਾਰਡ ਇਰਵਿਨ ਨੇ ਕੀਤਾ ਅਤੇ ਇਹ ਫਿਰੋਜ਼ਪੁਰ ਦੇ ਹੁਸੈਨੀਵਾਲਾ ਤੋਂ ਬੀਕਾਨੇਰ ਨੂੰ ਪਾਣੀ ਲੈ ਕੇ ਗਈ ਤਾਂ ਵੀ ਪੰਜਾਬ ਨੂੰ ਪਾਣੀ ਦੀ ਕੀਮਤ ਮਿਲਦੀ ਰਹੀ। ਚਲੋ ਅੰਗਰੇਜ਼ ਰਾਜ ਦੀ ਗੱਲ ਛੱਡੀਏ। ਰਾਜਸਥਾਨ ਜਿਸ 29 ਜਨਵਰੀ, 1955 ਦੀ ਭਾਰਤ ਦੇ ਕੇਂਦਰੀ ਸਿੰਜਾਈ ਤੇ ਊਰਜਾ ਮੰਤਰਾਲੇ ਦੀ ਮੀਟਿੰਗ ਦੇ ਆਧਾਰ 'ਤੇ 80 ਲੱਖ ਏਕੜ ਫੁੱਟ ਪਾਣੀ ਪੰਜਾਬ ਤੋਂ ਲੈ ਰਿਹਾ ਹੈ, ਉਸੇ ਹੀ ਮੀਟਿੰਗ ਦੇ ਪੈਰਾ ਨੰਬਰ 5 ਵਿਚ ਲਿਖਿਆ ਗਿਆ ਸੀ ਕਿ (ਇਸ) ਪਾਣੀ ਦੀ ਕੀਮਤ ਬਾਰੇ ਫ਼ੈਸਲਾ ਇਕ ਵੱਖਰੀ ਮੀਟਿੰਗ ਬੁਲਾ ਕੇ ਕਰ ਲਿਆ ਜਾਵੇਗਾ। ਪਰ ਅੱਜ ਤੱਕ 68 ਸਾਲ ਬੀਤ ਜਾਣ 'ਤੇ ਵੀ 'ਉਹ' ਮੀਟਿੰਗ ਨਹੀਂ ਹੋਈ ਤਾਂ ਇਸ ਤੋਂ ਵੱਡਾ ਧੱਕਾ ਕੀ ਹੋ ਸਕਦਾ ਹੈ? ਫਿਰ ਵੀ ਐਗਰੀਮੈਂਟ ਜਾਂ ਸਮਝੌਤਾ ਕਿਸੇ ਚੀਜ਼ ਦੇ ਦੇਣ ਅਤੇ ਉਸ ਦੇ ਬਦਲੇ ਕੁਝ ਲੈਣ ਦੇ ਅਮਲ ਦਾ ਨਾਂਅ ਹੈ। ਜਦੋਂ ਪਾਣੀ ਬਦਲੇ ਪੰਜਾਬ ਨੂੰ ਕੁਝ ਮਿਲਦਾ ਹੀ ਨਹੀਂ ਤਾਂ ਇਸ ਨੂੰ ਸਮਝੌਤਾ ਕਿਹਾ ਹੀ ਨਹੀਂ ਜਾ ਸਕਦਾ। ਇਹ ਤਾਂ ਸਰਾਸਰ ਧੱਕਾ ਹੈ। ਹਾਲਾਂਕਿ ਪੰਜਾਬ ਵਿਧਾਨ ਸਭਾ 2 ਵਾਰ, ਇਕ ਵਾਰ ਕੈਪਟਨ ਅਮਰਿੰਦਰ ਸਿੰਘ ਦੇ ਮੁੱਖ ਮੰਤਰੀ ਹੋਣ ਵੇਲੇ ਤੇ ਇੱਕ ਵਾਰ ਪ੍ਰਕਾਸ਼ ਸਿੰਘ ਬਾਦਲ ਰਾਜ ਵੇਲੇ ਸਰਕਾਰ ਨੂੰ ਹਦਾਇਤ ਕਰ ਚੁੱਕੀ ਹੈ ਕਿ ਇਨ੍ਹਾਂ ਰਾਜਾਂ ਤੋਂ ਪਾਣੀ ਦੀ ਰਾਇਲਟੀ ਲੈਣ ਲਈ ਕਾਰਵਾਈ ਕਰੇ ਪਰ ਅਜਿਹਾ ਨਹੀਂ ਹੋਇਆ। ਸੋ ਹੁਣ ਦੀ ਭਗਵੰਤ ਮਾਨ ਸਰਕਾਰ ਹੌਸਲਾ ਤੇ ਨੀਅਤ ਦਿਖਾਵੇ ਤੇ ਆਪਣਾ ਹੱਕ ਲੈਣ ਲਈ ਸਾਰੇ ਸਮਝੌਤੇ ਸਮੇਤ ਕੈਪਟਨ ਵੇਲੇ ਬਣੇ ਕਾਨੂੰਨ ਜਿਸ ਵਿੱਚ ਰਾਜਸਥਾਨ ਨੂੰ ਜਾਂਦਾ ਪਾਣੀ ਜਾਣ ਦੇਣ ਦੀ ਗੱਲ ਕਹੀ ਗਈ ਸੀ, ਨੂੰ ਰੱਦ ਕਰਨ ਦੀ ਜੁਰਅਤ ਦਿਖਾਵੇ ਤੇ ਪੰਜਾਬ ਦਾ ਭਵਿੱਖ ਸੰਵਾਰੇ।

***

## 9/11 ਹਮਲੇ ਦੇ ਦੋਸ਼ੀਆਂ ਨੂੰ ਨਹੀਂ ਮਿਲੇਗੀ

ਅੱਤਵਾਦੀਆਂ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ ਜਾਣਗੀਆਂ ਅਤੇ ਅਸੀਂ ਵੀ ਇਸ ਦੀ ਉਮੀਦ ਕਰ ਰਹੇ ਸੀ। ਦੂਜੇ ਪਾਸੇ ਕਈਆਂ ਦਾ ਮੰਨਣਾ ਹੈ ਕਿ ਇਸ ਸਮਝੌਤੇ ਕਾਰਨ ਬਿਨਾਂ ਕਿਸੇ ਕੇਸ ਦੀ ਸੁਣਵਾਈ ਖ਼ਤਮ ਹੋ ਜਾਵੇਗੀ ਅਤੇ 11 ਸਤੰਬਰ, 2001 ਦੇ ਅੱਤਵਾਦੀ ਹਮਲੇ ਦੀ ਸੱਚਾਈ ਕਦੇ ਵੀ ਸਾਹਮਣੇ ਨਹੀਂ ਆਵੇਗੀ। ਕੁਝ ਸਮਝੌਤਾ ਕਰਨ ਦੇ ਹੱਕ ਵਿੱਚ ਹਨ। ਉਨ੍ਹਾਂ ਦਾ ਤਰਕ ਹੈ ਕਿ ਹਰ ਸਾਲ ਇਨ੍ਹਾਂ ਕੇਸਾਂ ਦੀ ਸੁਣਵਾਈ ਵਿੱਚ ਦੇਰੀ ਹੋਣ ਕਾਰਨ ਕਈ ਪੀੜਤਾਂ ਦੇ ਰਿਸ਼ਤੇਦਾਰਾਂ ਨੂੰ ਦੋਸ਼ੀਆਂ ਨੂੰ ਸਜ਼ਾਵਾਂ ਮਿਲਣ ਤੋਂ ਬਿਨਾਂ ਹੀ ਮੌਤ ਦੇ ਘਾਟ ਉਤਾਰ ਦਿੱਤਾ ਜਾਂਦਾ ਹੈ। ਇਹ ਵੀ ਹੋ ਸਕਦਾ ਹੈ ਕਿ ਸੌਦੇ ਕਾਰਨ ਦੋਸ਼ੀ ਬਿਨਾਂ ਸਜ਼ਾ ਤੋਂ ਮਰ ਜਾਣ। ਘੱਟੋ-ਘੱਟ ਸੌਦਾ ਉਨ੍ਹਾਂ ਦੀ ਸਜ਼ਾ ਵਿੱਚ ਦੇਰੀ ਨਹੀਂ ਕਰੇਗਾ।

ਇੱਕ ਫੌਜੀ ਟ੍ਰਿਬਿਊਨਲ ਅੱਤਵਾਦੀ ਹਮਲਿਆਂ ਦੇ ਦੋਸ਼ੀ ਪੰਜ ਵਿਅਕਤੀਆਂ ਦੀ ਸੁਣਵਾਈ ਕਰ ਰਿਹਾ ਹੈ। ਹਾਲਾਂਕਿ, ਸੁਣਵਾਈ ਵਿੱਚ ਦੇਰੀ ਹੋ ਰਹੀ ਹੈ। ਕਿਉਂਕਿ ਮੁਲਜ਼ਮ ਦਾ ਕਹਿਣਾ ਹੈ ਕਿ ਸੀ.ਆਈ.ਏ ਵੱਲੋਂ ਸਾਡੇ 'ਤੇ ਤਸ਼ੱਦਦ ਕਰਕੇ ਸਬੂਤ ਇਕੱਠੇ ਕੀਤੇ ਗਏ ਸਨ।ਇੱਕ ਦੋਸ਼ੀ ਦੇ ਵਕੀਲ ਦਾ ਕਹਿਣਾ ਹੈ ਕਿ ਮੇਰਾ ਮੁਵੱਕਿਲ ਜੇਲ੍ਹ ਵਿੱਚ ਲੰਮੀ ਸਜ਼ਾ ਭੁਗਤਣ ਲਈ ਤਿਆਰ ਹੈ ਪਰ ਬਦਲੇ ਵਿੱਚ ਉਸ ਦਾ ਮੈਡੀਕਲ ਕਰਵਾਇਆ ਜਾਂਦਾ ਹੈ ਅਤੇ ਮੌਤ ਦੀ ਸਜ਼ਾ ਨਹੀਂ ਦਿੱਤੀ ਜਾਂਦੀ।

***

## ਗੁਰੂਗ੍ਰਾਮ 'ਚ ਅੰਮ੍ਰਿਤਧਾਰੀ ਸਿੱਖ ਨੌਜਵਾਨ

ਮਿਲਣ 'ਤੇ ਸਿੱਖ ਨੌਜਵਾਨ ਰੈਸਟੋਰੈਂਟ ਵਿੱਚ ਦਾਖਲ ਤਾਂ ਹੋ ਜਾਂਦਾ ਹੈ ਪਰ ਉਸ ਨੇ ਦੋਸ਼ ਲਗਾਇਆ ਕਿ ਅੰਦਰ ਜਾਣ ਦੇ ਬਾਵਜੂਦ ਉਸ ਨੂੰ ਰੈਸਟੋਰੈਂਟ ਵਿੱਚ ਖਾਣਾ ਨਹੀਂ ਦਿੱਤਾ ਗਿਆ।ਦੱਸ ਦਈਏ ਕਿ ਗੁਰਸਿੱਖ ਨੌਜਵਾਨ ਹਰਤੀਰਥ ਸਿੰਘ ਆਹਲੂਵਾਲੀਆ ਇੱਕ ਐਨਜੀਓ ਚਲਾਉਂਦੇ ਹਨ। ਇਸ ਘਟਨਾ 'ਤੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਵੱਲੋਂ ਦੁੱਖ ਪ੍ਰਗਟ ਕੀਤਾ ਗਿਆ ਹੈ। ਉਨ੍ਹਾਂ ਨੇ ਕਿਹਾ ਕਿ ਗੁਰੂਗ੍ਰਾਮ ਦੇ ਰੈਸਟੋਰੈਂਟ ਵਿੱਚ ਇੱਕ ਗੁਰਸਿੱਖ ਨੂੰ 'ਕਿਰਪਾਨ' ਪਹਿਨਣ ਕਾਰਨ ਦਾਖਲ ਹੋਣ ਤੋਂ ਮਨ੍ਹਾ ਕੀਤੇ ਜਾਣ ਦੀਆਂ ਨਸਲਵਾਦੀ ਘਟਨਾ ਨਿੰਦਣਯੋਗ ਹੈ ਅਤੇ ਘੱਟ ਗਿਣਤੀਆਂ ਵਿੱਚ ਅਸੁਰੱਖਿਆ ਦੀ ਭਾਵਨਾ ਪੈਦਾ ਕਰਦੀ ਹਨ। ਮੈਂ ਤਾਕੀਦ ਕਰਦਾ ਹਾਂ ਗ੍ਰਹਿ ਵਿਭਾਗ ਇਹ ਯਕੀਨੀ ਬਣਾਉਣ ਲਈ ਜ਼ਰੂਰੀ ਨਿਰਦੇਸ਼ ਜਾਰੀ ਕਰੇਗਾ ਕਿ ਅਜਿਹੀਆਂ ਕਾਰਵਾਈਆਂ ਨੂੰ ਦੁਹਰਾਇਆ ਨਾ ਜਾਵੇ। ਮੈਂ ਇਸ ਘਟਨਾ ਦੀ ਸਖ਼ਤ ਨਿੰਦਾ ਕਰਦਾ ਹਾਂ।

## ਪ੍ਰੇਮ ਪੂੰਗਰਾ

ਉਸ ਜ਼ਬਾਨ ਵਿੱਚ ਅਜ ਕੋਈ ਬਲ ਨਹੀਂ ਸੀ ਜਿਹੜਾ ਦਿਲਾਂ ਨੂੰ ਧੂ ਪਾਣ ਵਾਲੇ ਸ਼ਬਦ ਪਤਾ ਨਹੀਂ ਕਿਥੋਂ ਕਢ ਲਿਆਇਆ ਕਰਦੀ ਸੀ । ਅਸੀਂ ਆਪਣੇ ਕੀਤੇ ਦੀ ਭੁਲ ਬਖ਼ਸ਼ਾਣ ਆਏ ਹਾਂ, ਅਸੀਂ ਬੜੇ ਸ਼ਰਮਿੰਦੇ ਹਾਂ-ਤੁਸੀਂ ਸਾਨੂੰ ਮਾਫੀ ਦਿਓ ਤੇ ਛੇਤੀ ਰਾਜ਼ੀ ਹੋ ਕੇ ਆਪਣੀ ਬੇੜੀ ਵਿੱਚ ਬਹਿ ਕੇ ਸਾਡੇ ਕੋਲ ਆਓ-ਇਹ ਬੇੜੀ ਤਿੰਨਾਂ ਦਿਨਾਂ ਦੀ ਨਹੀਂ ਆਈ-ਸਾਨੂੰ ਇਉਂ ਲਗਦਾ ਏ, ਸਾਡਾ ਮਾਲੀ ਘਰੀ ਨਹੀਂ ਆਇਆ-ਅਸੀਂ ਉਦਾਸ ਹਾਂ, ਢਿਡ ਭਰ ਕੇ ਰੋਟੀ ਨਹੀਂ ਖਾਧੀ ਤੁਸੀਂ ਸਾਨੂੰ ਮਾਫ਼ੀ ਦਿਓ ਇਹ ਮੁੰਡੇ ਬੜੇ ਪ੍ਰੇਸ਼ਾਨ ਨੇ।

ਪ੍ਰੇਮ-ਪੂੰਗਰੇ ਨੇ ਵਡੇ ਸਰਹਾਣੇ ਵਲ ਇਸ਼ਾਰਾ ਕੀਤਾ, ਵੀਰੋ ਨੇ ਸਰ੍ਹਾਣਾ ਚੁੱਕ ਲਿਆ ਤੇ ਰਜਨੀ ਨੇ ਪਤੀ ਦੇ ਲਕ ਪਿਛੇ ਬਾਹਾਂ ਦਿਤੀਆਂ, ਵੀਰੋ ਨੇ ਸਰ੍ਹਾਣਾ ਰਖ ਦਿਤਾ । ਪ੍ਰੇਮ-ਪੂੰਗਰਾ ਬਹਿ ਗਿਆ ਤੇ ਹੌਲੀ ਜਿਹੀ ਉਸ ਨੇ ਆਖਿਆ,

ਮੈਂ ਬੜਾ ਰਾਜ਼ੀ ਹਾਂ ਕਿ ਤੁਸੀਂ ਆਏ ਹੋ ਇਹ ਕਦੇ ਨ ਸਮਝਣਾ ਮੈਂ ਗੁੱਸੇ ਹੋਣ ਕਰਕੇ ਤਿੰਨਾਂ ਦਿਨਾਂ ਤੋਂ ਤੁਹਾਡੇ ਕੋਲ ਨਹੀਂ ਆਇਆ-ਮੈਂ ਕਦੇ ਨਾਗਾ ਨਹੀਂ ਸੀ ਪਾਇਆ-ਕਦੇ ਪਾਣਾ ਵੀ ਨਹੀਂ, ਸੱਟਾਂ, ਮੈਨੂੰ ਰੋਜ਼ ਲਗਦੀਆਂ ਸਨ, ਮੇਰਾ ਪਰਿਵਾਰ ਮੈਨੂੰ ਰੋਜ਼ ਵਰਜਦਾ ਸੀ ਪਰ ਨਿਕੇ ਮੋਟੇ ਫੱਟਾਂ ਉਤੇ ਪਟੀਆਂ ਬੰਨ੍ਹ ਕੇ ਮੈਂ ਆਪਣੀ ਰੋਜ਼ਾਨਾ ਯਾਤਰਾ ਖ਼ੁਸ਼ੀ ਨਾਲ ਨਿਭਾਇਆ ਕਰਦਾ ਸਾਂ, ਉਦਨ ਵੱਟੇ ਮੇਰੀ ਹਿੱਕ ਅਤੇ ਪੁੜਪੁੜੀ 'ਚ ਆ ਲੱਗੇ, ਮੇਰੇ-ਵਸ ਦੀ ਗੱਲ ਨਾ ਰਹੀ -ਬੇੜੀ ਦਾ ਵੀਲ ਮੇਰੇ ਹੱਥੋਂ ਛੁਟ ਗਿਆ । ਬੇ-ਕਾਬੂ ਬੇੜੀ ਪਤਾ ਨਹੀਂ ਕਦੋਂ ਕੰਢੇ ਨਾਲ ਜਾ ਟਕਰੀ, ਡੁੱਬਣ ਲਗੀ ਨੂੰ ਵੀਰੋ ਨੇ ਵੇਖ ਲਿਆ ਤੇ ਮੈਨੂੰ ਵਿਚੋਂ ਕਢ ਲਿਆ। ਜਦੋਂ ਮੈਨੂੰ ਹੋਸ਼ ਆਈ ਤਾਂ ਏਥੇ ਮੇਰੇ ਸਰ੍ਹਾਣੇ ਵੀਰੋ ਤੇ ਮੇਰੀ ਪਤਨੀ ਸੇਕ ਦੇ ਰਹੀਆਂ ਸਨ- ਕਈਆਂ ਦੀਆਂ ਅੱਖਾਂ ਵਿਚੋਂ ਅੱਥਰੂ ਤ੍ਰਿਪ ਤ੍ਰਿਪ ਕਰ ਰਹੇ ਸਨ।

ਪਰ ਯਕੀਨ ਜਾਣੋ-ਮੈਂ ਇਕ ਪਲ ਲਈ ਵੀ ਤੁਹਾਡੇ ਨਾਲ ਗੁੱਸੇ ਨਹੀਂ ਹੋਇਆ । ਜੇ ਮੇਰੇ ਵਿਚ ਜ਼ਰਾ ਵੀ ਹਿੰਮਤ ਬਾਕੀ ਰਹੀ ਹੁੰਦੀ ਤੇ ਮੇਰੀ ਬੇੜੀ ਡੁੱਬੀ ਨਾ ਹੁੰਦੀ ਤਾਂ ਦੂਜੀ ਸ਼ਾਮ ਹੀ ਤੁਸੀਂ ਮੈਨੂੰ ਆਪਣੇ ਪਿੰਡ ਕੋਲੋਂ ਲੰਘਦਾ ਵੇਖਦੇ ਤੁਹਾਡੇ ਵੇਖੇ ਬਿਨਾਂ ਜੀਉ ਨਹੀਂ ਸਕਦਾ - ਤੁਸੀਂ ਹੁਣ ਮੇਰਾ ਜੀਵਨ ਬਣ ਗਏ ਹੋ, ਤੁਹਾਡੇ ਵਟਿਆਂ ਨਾਲ ਮੋਇਆਂ ਵੀ ਮੈਨੂੰ ਕਸ਼ਟ ਨਹੀਂ ਹੋਣ ਲਗਾ-ਪਰ ਮੇਰੇ ਜੀਵਨ ਦਾ ਕੰਮ ਤੁਸੀਂ ਹੀ ਹੋ। ਜਿੰਨਾ ਚਿਰ ਮੈਂ ਜੀਊ ਸਕਦਾ ਹਾਂ ਮੇਰੀ ਬੇੜੀ ਤੁਹਾਡੇ ਹੀ ਕੰਢਿਆਂ ਵਿਚਕਾਰ ਗੇੜੇ ਕਢਦੀ ਰਹੇਗੀ । ਤੁਹਾਡੇ ਵਟਿਆਂ ਨਾਲ ਡੁੱਬੇ ਜਾਂ ਤੁਹਾਡੀ ਸੇਵਾ ਵਿੱਚ ਖ਼ਸਤਾ ਹੋ ਕੇ ਮੁੱਕੇ, ਇਸ ਦਾ ਅੰਤ ਤੁਹਾਡੇ ਹੀ ਪਾਣੀਆਂ ਵਿਚ ਹੋਵੇਗਾ ।

ਕੋਲ ਬੈਠਿਆਂ ਦੇ ਨਿਰੇ ਅਥਰੂ ਹੀ ਨਹੀਂ ਸਨ ਵਗ ਰਹੇ, ਉਥੇ ਸਾਹਾਂ ਦੀ ਆਵਾਜ਼ ਵੀ ਆ ਰਹੀ ਸੀ, ਪਰ ਪ੍ਰੇਮ-ਪੂੰਗਰੇ ਦਾ ਚਿਹਰਾ ਥਕਾਵਟ ਦੇ ਬਾਵਜੂਦ ਵੀ ਸਾਫ਼ ਹੁੰਦਾ ਜਾ ਰਿਹਾ ਸੀ ।

ਹੁਣ ਮੈਂ ਛੇਤੀ ਰਾਜ਼ੀ ਹੋ ਜਾਵਾਂਗਾ ਬੇੜੀ ਨੂੰ ਕਢਾਵਾਂਗਾ, ਤੇ ਫੇਰ ਤੁਹਾਡੇ ਦਰਸ਼ਨ ਕਰਾਂਗਾ- ਤੁਸੀਂ ਤਸੱਲੀ ਰਖੋ ਪਰ ਅੱਜ ਮੈਨੂੰ ਜ਼ਰੂਰ ਮਾਫ਼ ਕਰ ਦੇਣਾ ਕਿ ਤੁਸੀਂ ਆਏ ਹੋ ਤੇ ਮੇਰੇ ਕੋਲ ਤੁਹਾਡੇ ਲਈ ਕੋਈ ਮੁਸਕ੍ਰਾਹਟ, ਨਹੀਂ—ਬਿਨਾਂ ਮੁਸਕਰਾਹਟ ਦੇ ਕਿਸੇ ਨੂੰ ਮਿਲਣਾ ਮੈਂ ਪਾਪ ਸਮਝਦਾ ਹਾਂ-ਪਰ ਅਜ ਮੇਰੇ ਬੁਲ ਪੀੜਤ ਹਨ ਮੇਰਾ ਸਾਰਾ ਅੰਦਰ ਦੁਖ ਰਿਹਾ ਹੈ-ਕੋਸ਼ਸ਼ ਕੀਤਿਆਂ ਵੀ ਮੈਂ। ਹੱਸ ਨਹੀਂ ਸਕਿਆ-ਮੈਨੂੰ ਖਿਮਾ ਕਰਨ, ਮੈਂ ਛੇਤੀ ਤੁਹਾਡੇ ਕੋਲ ਆ ਕੇ ਹੱਸਾਂਗਾ-ਮੈਂ ਤੁਹਾਨੂੰ ਹਸਾਵਾਂਗਾ, ਮੇਰਾ ਦੁਨੀਆਂ ਵਿਚ ਕੋਈ ਹੋਰ ਮਨੋਰਥ ਨਹੀਂ -ਮੈਂ ਦੁਨੀਆਂ ਦੀ ਮੁਸਕ੍ਰਾਹਟ ਵਧਾਣ ਲਈ ਆਪਣਾ ਸਭ ਕੁਝ ਅਰਪਨ ਕਰਨਾ ਚਾਹੁੰਦਾ ਹਾਂ-ਬਾਹਰਲੀ ਕੁਦਰਤੀ ਮੁਸਕਾਹਟ ਨੂੰ ਮੈਂ ਅੰਦਰਲੀ ਚੰਗਿਆਈ ਵਿਚੋਂ ਉਠਦੀ, ਭਾਅ ਸਮਝਦੇ ਹਾਂ, ਤੁਹਾਡੇ ਪਿਆਰ ਦਾ ਪਾਤਰ ਹੋਣ ਦਾ ਜਤਨ......

ਵੀਰਾਂ ਨੇ ਸਿਰ੍ਹਾਣਾ ਝਟ ਪਟ ਚੁਕ ਲਿਆ- ਰਜਨੀ ਨੇ ਲਕ ਦੁਆਲੇ ਬਾਹਾਂ ਪਾ ਲਈਆਂ । ਪ੍ਰੇਮ-ਪੂੰਗਰੇ ਦਾ ਰੰਗ ਇਕ ਦਮ ਪੀਲਾ ਹੋ ਗਿਆ ਸੀ, ਡਾਢੀ ਥਕਾਵਟ ਦੇ ਨਿਸ਼ਾਨ ਸਨ। ਜਾਪਦਾ ਸੀ ਬੇਹੋਸ਼ੀ ਦਾ ਫ਼ਿਟ ਆ ਰਿਹਾ ਸੀ। ਸਿਧਾ ਮੰਜੇ ਤੇ ਲਿਟਾ ਦਿਤਾ।

ਪਿੰਡ ਦੇ ਆਦਮੀ ਪਤਨੀ ਦੇ ਇਸ਼ਾਰੇ ਉਤੇ ਉਠ ਖਲੋਤੇ, ਤੇ ਕਿਸੇ ਨੇ ਹਥਾਂ ਨੂੰ, ਕਿਸੇ ਨੇ ਪੈਰਾਂ ਨੂੰ ਚੁੰਮਿਆ ਤੇ ਭਰੇ ਹੋਏ ਕਲੇਜਿਆਂ ਨੂੰ ਥੰਮਦੇ ਹੋਏ ਕਈ ਵਾਰੀ ਮੁੜ ਮੁੜ ਕੇ ਤਕਦੇ ਹੋਏ ਚਲੇ ਗਏ ।

ਖ਼ਾਤਰ ਜਮਾਂ ਰਖੋ, ਜਦ ਇਹ ਤਕੜੇ ਹੁੰਦੇ ਨੇ ਅਸੀਂ ਸਾਰੇ ਹੀ ਤੁਹਾਡੇ ਪਿੰਡ ਆਵਾਂਗੇ । ਰਜਨੀ ਨੇ ਉਹਨਾਂ ਨੂੰ ਆਸ ਦੁਆਈ ।

***

## ਜਮਹੂਰੀ ਸੰਸਥਾਵਾਂ ਨੂੰ ਤਬਾਹ ਕਰਨ ਵਾਲੇ

ਉਸ ਨੂੰ ਮੁਆਫ਼ ਨਹੀਂ ਕੀਤਾ। ਅੱਜ ਵੀ ਉਹ ਮੋਦੀ ਅਤੇ ਭਾਜਪਾ ਦੀਆਂ ਆਲੋਚਨਾਵਾਂ ਦਾ ਸ਼ਿਕਾਰ ਹੁੰਦੀ ਰਹਿੰਦੀ ਹੈ।

ਇੰਦਰਾ ਗਾਂਧੀ ਦੀ ਆਲੋਚਨਾ ਹਰ ਪ੍ਰਧਾਨ ਮੰਤਰੀ ਨੂੰ ਇੱਕ ਚਿਤਾਵਨੀ ਹੈ ਕਿ ਦੇਸ਼ ਤਾਨਾਸ਼ਾਹ ਨੂੰ ਪਸੰਦ ਨਹੀਂ ਕਰਦਾ ਅਤੇ ਜੋ ਵੀ ਵਿਅਕਤੀ ਦੇਸ਼ ਦੀ ਲੋਕਤੰਤਰਿਕ ਵਿਵਸਥਾ ਨੂੰ ਤੋੜਨ-ਮਰੋੜਨ ਦੀ ਕੋਸ਼ਿਸ ਜਾਂ ਸਾਜਿਸ਼ ਕਰੇਗਾ, ਉਸ ਦਾ ਨਾਂਅ ਇਤਿਹਾਸ ਵਿਚ ਖਲਨਾਇਕ ਦੇ ਤੌਰ 'ਤੇ ਹੀ ਦਰਜ ਹੋਵੇਗਾ। ਭਾਵੇਂ ਇਸ ਵੇਲੇ ਚਮਚੇ ਅਤੇ ਦਰਬਾਰੀ ਉਨ੍ਹਾਂ ਨੂੰ ਮਹਾਮਾਨਵ ਬਣਾਉਣ ਦੀ ਲੱਖ ਕੋਸ਼ਿਸ਼ ਕਰਨ।

ਇੰਦਰਾ ਗਾਂਧੀ ਦੇ ਸਮੇਂ ਵੀ ਉਸ ਨੂੰ ਮਹਾਮਾਨਵ ਬਣਾ ਦਿੱਤਾ ਗਿਆ ਸੀ। ਦੇਵਕਾਂਤ ਬਰੂਆ ਵਰਗੇ ਲੋਕ ਉਸ ਨੂੰ ਭਾਰਤ ਦਾ ਬਦਲ ਕਹਿੰਦੇ ਸਨ। ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਬੰਸੀ ਲਾਲ ਤਾਂ ਇਥੋਂ ਤੱਕ ਕਹਿੰਦੇ ਸਨ ਕਿ ਸੰਵਿਧਾਨ ਵਿਚ ਸੋਧ ਕਰ ਕੇ ਭੈਣ ਇੰਦਰਾ ਨੂੰ ਜੀਵਨ ਭਰ ਲਈ ਰਾਸ਼ਟਰਪਤੀ ਬਣਾ ਦੇਣਾ ਚਾਹੀਦਾ ਹੈ। ਪਰ ਹੋਇਆ ਕੀ ? 1977 ਵਿੱਚ ਇੰਦਰਾ ਗਾਂਧੀ ਅਤੇ ਉਸ ਦੇ ਬੇਟੇ ਸੰਜੈ ਗਾਂਧੀ ਦੋਵੇਂ ਹੀ ਚੋਣ ਹਾਰ ਗਏ। ਜਨਤਾ ਨੂੰ ਲੋਕਤੰਤਰਿਕ ਇੰਦਰਾ ਤਾਂ ਪਸੰਦ ਸੀ, ਪਰ ਜਦ ਉਹ ਤਾਨਾਸ਼ਾਹ ਬਣਨ ਲੱਗੀ ਤਾਂ ਝਟਕ ਦਿੱਤੀ ਗਈ। ਅੱਜ ਦੇਸ਼ ਫਿਰ ਉਸੇ ਨਕਾਰਾਤਮਕ ਸੋਚ 'ਤੇ ਚੱਲ ਪਿਆ ਹੈ। ਹਰ ਸੰਸਥਾ 'ਤੇ ਕਬਜ਼ਾ ਕਰਨ ਦੀ ਹੋੜ ਚੱਲ ਰਹੀ ਹੈ। ਕਦੀ ਕਾਨੂੰਨ ਦਾ ਸਹਾਰਾ ਲੈ ਕੇ ਅਤੇ ਕਦੀ ਡੰਡੇ ਦੇ ਜ਼ੋਰ 'ਤੇ। ਚੋਣ ਕਮਿਸ਼ਨ ਵਰਗੀ ਸੰਸਥਾ 'ਤੇ ਤਾਂ ਕਬਜ਼ਾ ਹੋ ਜਾਵੇਗਾ, ਪਰ ਇਸ ਕਦਮ ਨਾਲ ਕਮਿਸ਼ਨ ਦੀ ਨਿਰਪੱਖਤਾ 'ਤੇ ਜੋ ਸੁਆਲੀਆ ਨਿਸ਼ਾਨ ਲੱਗਣਗੇ, ਉਸ ਨਾਲ ਲੋਕਾਂ ਦਾ ਭਰੋਸਾ ਚੋਣ ਕਮਿਸ਼ਨ ਤੋਂ ਉਠ ਸਕਦਾ ਹੈ ਅਤੇ ਜੇਕਰ ਇੰਝ ਹੋਇਆ ਤਾਂ ਫਿਰ ਪੂਰਾ ਲੋਕਤੰਤਰ ਹੀ ਸਵਾਲਾਂ ਦੇ ਘੇਰੇ ਵਿੱਚ ਆ ਜਾਵੇਗਾ ਅਤੇ ਦੇਸ਼ ਲਈ ਇਸ ਤੋਂ ਖ਼ਤਰਨਾਕ ਗੱਲ ਨਹੀਂ ਹੋ ਸਕਦੀ।

ਬਾਬਾ ਸਾਹਿਬ ਡਾ. ਅੰਬੇਡਕਰ ਨੇ ਐਵੇਂ ਹੀ ਨਹੀਂ ਕਿਹਾ ਸੀ ਕਿ ਲੋਕਤੰਤਰ ਸਿਰਫ ਸਰਕਾਰ ਨਹੀਂ ਹੈ, ਇਹ ਬੁਨਿਆਦੀ ਤੌਰ 'ਤੇ ਸਾਂਝੀ ਜ਼ਿੰਦਗੀ ਜਿਉਣ ਦੀ ਪ੍ਰਕਿਰਿਆ ਹੈ, ਸਾਂਝਾ ਅਨੁਭਵ ਹੈ। ਜੋ ਸਰਕਾਰ ਸਭ ਨੂੰ ਨਾਲ ਲੈ ਕੇ ਚਲਦੀ ਹੈ, ਸੰਸਥਾਵਾਂ 'ਤੇ ਕਬਜ਼ੇ ਦੀ ਨਹੀਂ ਬਲਕਿ ਸਹਿਯੋਗ ਦੀ ਭਾਵਨਾ ਨਾਲ ਅੱਗੇ ਵਧਦੀ ਹੈ, ਉਹ ਸਾਂਝੇ ਅਨੁਭਵ ਦਾ ਨਿਰਾਦਰ ਨਹੀਂ ਕਰਦੀ, ਉਹ ਸਾਂਝੀ ਸੰਵੇਦਨਾ ਦਾ ਸਨਮਾਨ ਕਰਦਿਆਂ ਹੋਇਆਂ ਭਾਰਤ ਦੇਸ਼ ਨੂੰ ਅੱਗੇ ਵਧਾਉਂਦੀ ਹੈ। ਜਿਹੜੀ ਸਰਕਾਰ ਇੰਝ ਨਹੀਂ ਕਰਦੀ, ਉਹ ਸ਼ਾਸਨ ਤਾਂ ਭਾਵੇਂ ਕਰ ਲਵੇ, ਪਰ ਦੇਸ਼ ਨੂੰ ਪਿੱਛੇ ਹੀ ਲੈ ਕੇ ਜਾਂਦੀ ਹੈ।

***

## ਕਾਲੀ-ਪੀਲੀ ਪੱਤਰਕਾਰੀ ਦੇ ਮਾਇਨੇ

ਪਰ ਚੈਨਲਾਂ ਦੀ, ਗੋਦੀ ਮੀਡੀਆ ਦੀ ਫਿਰਕੂ ਅੱਗ ਫੈਲਾਉਣ, ਔਰਤਾਂ ਦੀ ਹੋ ਰਹੀ ਬੇਇੱਜ਼ਤੀ ਕਰਨ ਵਾਲੇ ਲੋਕਾਂ, ਨੇਤਾਵਾਂ ਦੇ ਚਿਹਰੇ ਲੋਕਾਂ ਸਾਹਵੇਂ ਨਾ ਲਿਆਉਣ ਦੀ ਆਖ਼ਰ ਕਿਹੜੀ ਮਜਬੂਰੀ ਰਹੀ ?

ਪਿਛਲਾ ਇੱਕ ਦਹਾਕਾ ਖ਼ਾਸ ਤੌਰ 'ਤੇ ਕਾਲੀ-ਪੀਲੀ ਪੱਤਰਕਾਰੀ ਦਾ ਦੌਰ ਕਿਹਾ ਜਾ ਸਕਦਾ ਹੈ। ਇਸ ਦੌਰ 'ਚ ਆਪਣੇ ਹਾਕਮਾਂ ਨੂੰ ਖ਼ੁਸ਼ ਕਰਨ ਲਈ ਜਿਹੜੇ ਨਵੇਂ ਖ਼ੁਸ਼ਾਮਦੀ ਸ਼ਬਦ ਘੜੇ ਗਏ ਹਨ। ਉਹ ਪੱਤਰਕਾਰੀ 'ਤੇ ਧੱਬਾ ਹਨ। ਹਾਕਮਾਂ ਵਲੋਂ ਵਿਰੋਧੀਆਂ ਨੂੰ ਲਿਤਾੜਨ ਲਈ ਜਿਵੇਂ ਹਾਕਮਾਂ ਨੇ ਜਾਲ ਵਿਛਾਏ ਹਨ, ਉਸ 'ਚ ਬਕਾਇਦਾ ਭਾਈਵਾਲ ਬਣਕੇ 'ਚੌਥਾ ਥੰਮ' ਕਹਾਏ ਜਾਣ ਵਾਲੇ ਬਹੁ ਗਿਣਤੀ ਮੀਡੀਏ ਨੇ ਜਿਵੇਂ ਲੋਕਤੰਤਰ ਦਾ ਨਾਸ਼ ਮਾਰਿਆ, ਉਹਦੀ ਉਦਾਹਰਨ ਸ਼ਾਇਦ ਅਜ਼ਾਦੀ ਦੇ 75 ਸਾਲਾਂ ਦੇ ਇਤਿਹਾਸ ਵਿੱਚ ਕਿਧਰੇ ਨਹੀਂ ਮਿਲਦੀ।

1984 ਦੇ ਸਿੱਖ ਕਤਲੇਆਮ ਸਮੇਂ ਵੱਡੀ ਗਿਣਤੀ ਮੀਡੀਏ ਦੀ ਚੁੱਪ ਖਟਕਦੀ ਰਹੀ ਸੀ। ਗੁਜਰਾਤ ਦੰਗਿਆਂ 'ਚ ਵੀ ਮੀਡੀਏ ਦੀ ਖ਼ਾਮੋਸ਼ੀ ਦੁੱਖਦਾਈ ਸੀ। ਦਿੱਲੀ ਦੇ ਕੁਝ ਵਰ੍ਹੇ ਪਹਿਲਾਂ ਹੋਏ ਦੰਗਿਆਂ, ਫ਼ਸਾਦਾਂ ਬਾਅਦ ਬੁਲਡੋਜ਼ਰ ਨੀਤੀ ਉੱਤੇ ਚੈਨਲ ਪੱਤਰਕਾਰਾਂ ਵਲੋਂ ਮੂੰਹ ਸੀਅ ਲੈਣਾ ਜਾਂ ਇਹੋ ਜਿਹੇ ਨਾਦਰਸ਼ਾਹੀ ਹੁਕਮਾਂ ਦੀ ਇਹ ਕਹਿ ਕੇ ਹਿਮਾਇਤ ਕਰਨਾ ਕਿ ਇਹ ਲੋਕ ਹਿਤੂ ਫ਼ੈਸਲੇ ਹਨ, ਕੀ ਪੱਤਰਕਾਰੀ ਦੇ ਮੱਥੇ ਉੱਤੇ ਧੱਬਾ ਨਹੀਂ ਹੈ।

ਜਦੋਂ ਲੋਕ-ਹਿਤੈਸੀ ਪੱਤਰਕਾਰਾਂ ਦੇ ਦੇਸ਼ ਭਰ 'ਚ ਸਮੇਂ-ਸਮੇਂ ਕਤਲ ਹੋਏ। ਬੁੱਧੀਜੀਵੀਆਂ, ਪੱਤਰਕਾਰਾਂ, ਲੇਖਕਾਂ ਉੱਤੇ ਸਾਜਿਸ਼ਾਨਾ ਅਤੇ ਮਿੱਥਕੇ ਮੁਕੱਦਮੇ ਦਰਜ਼ ਹੋਏ। ਉਹਨਾਂ ਨੂੰ ਦੇਸ਼ ਧ੍ਰੋਹੀ ਗਰਦਾਨਿਆ ਗਿਆ। ਉਹਨਾਂ ਸਾਜ਼ਿਸ਼ਾਂ 'ਚ ਇਹਨਾਂ ਕਾਲੀ-ਪੀਲੀ ਪੱਤਰਕਾਰੀ ਕਰਨ ਵਾਲੇ ਪੱਤਰਕਾਰਾਂ ਦਾ ਰੋਲ ਨਿੰਦਿਆ ਜਾਂਦਾ ਰਿਹਾ, ਤਦ ਵੀ ਇਹ ਪੱਤਰਕਾਰ ਆਪਣੇ ਆਕਾਵਾਂ ਦੇ ਇਸ਼ਾਰੇ ਉੱਤੇ ਅਤੇ ਉਹਨਾਂ ਦੀ ਤਾਕਤ ਦੇ ਬਲਬੂਤੇ ਚੈਨਲਾਂ ਉੱਤੇ ਇਹੋ ਜਿਹੇ ਸਿਆਣੇ ਲੋਕਾਂ ਨੂੰ ਆਪਣੀ ਭੈੜੀ ਜ਼ੁਬਾਨ ਨਾਲ ਲਿਤਾੜਦੇ ਰਹੇ।

ਦੇਸ਼ ਦੇ ਹਰ ਖ਼ਿੱਤੇ 'ਚ ਚਲ ਰਹੇ ਚੈਨਲਾਂ ਦਾ ਲਗਭਗ ਇਕੋ ਜਿਹਾ ਹਾਲ ਹੈ। ਕੀ ਪੰਜਾਬ ਦਾ ਕੋਈ ਪੱਤਰਕਾਰ ਨਿੱਤ ਨਸ਼ੇ ਦੇ ਵਾਧੂ ਡੋਜ਼ ਨਾਲ ਮਰ ਰਹੇ ਨੌਜਵਾਨ ਦੀ ਦਰਦ ਭਰੀ ਕਹਾਣੀ ਆਪਦੇ ਚੈਨਲ ਨੂੰ ਭੇਜਦਾ ਹੈ ? ਕੀ ਖ਼ੁਦਕੁਸ਼ੀਆਂ ਕਰ ਰਹੇ ਕਿਸਾਨਾਂ ਦੀ ਦਾਸਤਾਨ ਚੈਨਲ ਪੱਤਰਕਾਰੀ ਕਰਦੀ ਹੈ ? ਲੋਕਾਂ ਦੀਆਂ ਸਮੱਸਿਆਵਾਂ ਨੂੰ ਛੱਡਕੇ ਇੰਸਟਾਗਰਾਮ ਜਾਂ ਫੇਸਬੁਕ ਤੇ ਨੇਤਾਵਾਂ ਦੇ ਬਿਆਨਾਂ, ਉਹਨਾਂ ਦੀਆਂ ਹੋਲੀਆਂ ਖੇਡਦੇ ਦੀਆਂ ਫੋਟੋਆਂ, ਉਹਨਾਂ ਦੇ ਮੁਰਗੇ ਛਕਣ ਦੀਆਂ ਫੋਟੋਆਂ ਕੀ ਲੋਕਾਂ ਦੇ ਪੱਲੇ ਕੁਝ ਪਾ ਸਕਦੀਆਂ ਹਨ ? ਜਾਪਦਾ ਹੈ ਕਿ ਜਿਵੇਂ ਦੇਸ਼ ਦੇ ਨੇਤਾ ਲੋਕ-ਸਮੱਸਿਆਵਾਂ ਤੋਂ ਪਾਸਾ ਵੱਟਕੇ ਬੈਠ ਗਏ ਹਨ, ਪਰ ਉਵੇਂ ਹੀ ਬਹੁਤੇ ਪੱਤਰਕਾਰ ਹਊ ਪਰੇ ਕਰਦਿਆਂ ਲੱਤ 'ਤੇ ਲੱਤ ਧਰਕੇ ਜੋ ਹੋਵੇਗਾ ਵੇਖੀ ਜਾਊ ਵਾਲੀ ਨੀਤੀ ਅਪਣਾ ਕੇ ਡੰਗ ਟਪਾ ਰਹੇ ਹਨ।

ਚੈਨਲਾਂ ਦੇ ਖ਼ਬਰਾਂ ਦੇ ਬੁਲੈਟਿਨ ਵੇਖ ਲਊ ਯੂਟਿਊਬ ਚੈਨਲਾਂ ਉੱਤੇ ਹੁੰਦੀਆਂ ਬਹਿਸਾਂ ਵੇਖ-ਸੁਣ ਲਉ, ਲੋਕਾਂ ਨੂੰ ਗੁੰਮਰਾਹ ਕਰਨ ਵਲਾ ਮਸਾਲਾ ਹੀ ਵਿਖਾਈ ਦਿੰਦਾ ਹੈ।

ਤਦ ਵੀ ਇਸ ਸਭ ਕੁਝ ਦੇ ਬਾਵਜੂਦ ਹਾਲੇ ਕੋਈ ਹਰਿਆ ਬੂਟ ਰਹਿਓ ਰੀ ਵਾਂਗਰ ਚੰਗੇ ਨਿਧੜਕ ਪੱਤਰਕਾਰ, ਫੋਟੋ ਪੱਤਰਕਾਰ, ਨਲਾਇਕ ਨੇਤਾਵਾਂ ਦੀਆਂ ਕਾਰਗੁਜ਼ਾਰੀਆਂ ਲੋਕਾਂ ਸਾਹਮਣੇ ਲਿਆਉਣ ਵਾਲੇ ਇਲੈਕਟ੍ਰਾਨਿਕ ਅਤੇ ਮੀਡੀਆ ਘਰਾਂ ਦੀ ਵੀ ਕਮੀ ਨਹੀਂ ਹੈ। ਇਹ ਲੋਕ ਭ੍ਰਿਸ਼ਟ ਹੋ ਚੁੱਕੀ ਪੱਤਰਕਾਰੀ ਦੇ ਪਰਖੱਚੇ ਉਡਾਉਂਦੇ ਹਨ, ਕਾਲੀ-ਪੀਲੀ ਚੈਨਲ ਪੱਤਰਕਾਰੀ ਤੋਂ ਵੀ ਪਰਦੇ ਚੁੱਕਣ ਤੋਂ ਗੁਰੇਜ਼ ਨਹੀਂ ਕਰਦੇ।

ਚੈਨਲਾਂ ਦੀ ਵੀਡੀਓਗ੍ਰਾਫੀ ਤੋਂ ਪਰ੍ਹੇ ਹਟਕੇ ਕੁਝ ਲੋਕ ਫੋਟੋ ਪੱਤਰਕਾਰੀ ਕਰਦੇ ਹਨ, ਜਿਸ ਵਿੱਚ ਸੁਹਜ ਹੈ, ਸੂਖਮਤਾ ਹੈ, ਲੋਕਾਂ ਦੀ ਗੱਲ ਹੈ, ਦਰਦ ਹੈ। ਇਹੋ ਜਿਹੀ ਪੱਤਰਕਾਰੀ, ਫੋਟੋ ਪੱਤਰਕਾਰੀ, ਕ੍ਰਾਂਤੀਕਾਰੀ ਕਵਿਤਾ ਵਾਂਗਰ ਇਨਕਲਾਬ ਦੀ ਸਾਧਕ ਬਣਦੀ ਹੈ।

***

## ਭਾਰਤੀ ਕੁਸ਼ਤੀ ਫ਼ੈਡਰੇਸ਼ਨ ਦੀ ਮੈਂਬਰਸ਼ਿਪ ਰੱਦ

ਨਹੀਂ ਜਾਂਦਾ। ਤਗਮਾ ਜਿੱਤਣ ਦੀ ਸੂਰਤ ਵਿੱਚ ਪੁਰਸਕਾਰ ਸਮਾਰੋਹ ਵਿੱਚ ਆਪਣੇ ਦੇਸ਼ ਦਾ ਰਾਸ਼ਟਰੀ ਗੀਤ ਵੀ ਨਹੀਂ ਵਜਾਇਆ ਜਾਂਦਾ ਹੈ।

ਭਾਰਤੀ ਪਹਿਲਵਾਨਾਂ ਨੂੰ (ਡਬਲਯੂ. ਐਫ. ਆਈ.) ਦੀ ਮੈਂਬਰਸ਼ਿਪ ਰੱਦ ਹੋਣ ਤੋਂ ਬਾਅਦ 16 ਸਤੰਬਰ ਤੋਂ ਸਰਬੀਆ ਵਿੱਚ ਸ਼ੁਰੂ ਹੋਣ ਵਾਲੀ ਵਿਸ਼ਵ ਕੁਸ਼ਤੀ ਚੈਂਪੀਅਨਸ਼ਿਪ ਵਿੱਚ ਵੀ 'ਅਧਿਕਾਰਤ ਨਿਰਪੱਖ ਅਥਲੀਟ' ਵਜੋਂ ਖੇਡਣਾ ਹੋਵੇਗਾ। ਉਹ ਭਾਰਤ ਦੇ ਝੰਡੇ ਹੇਠ ਜਾਂ (ਡਬਲਯੂ. ਐਫ. ਆਈ.) ਦੇ ਬੈਨਰ ਹੇਠ ਇਸ ਵਿੱਚ ਹਿੱਸਾ ਨਹੀਂ ਲੈ ਸਕਣਗੇ।

2017 ਦੀ ਵਿਸ਼ਵ ਚੈਂਪੀਅਨਸ਼ਿਪ ਵਿੱਚ, 19 ਰੂਸੀ ਅਥਲੀਟਾਂ ਨੂੰ ਨਿਰਪੱਖ ਅਥਲੀਟਾਂ ਵਜੋਂ ਮੁਕਾਬਲਾ ਕਰਨ ਲਈ ਮਨਜ਼ੂਰੀ ਦਿੱਤੀ ਗਈ ਸੀ। ਕੁੱਲ 8 ਐਥਲੀਟਾਂ ਨੇ 2018 ਦੀ ਵਿਸ਼ਵ ਇਨਡੋਰ ਚੈਂਪੀਅਨਸ਼ਿਪ ਅਤੇ 9 ਨੇ 2018 ਦੀ ਵਿਸ਼ਵ ਯੂ 20 ਚੈਂਪੀਅਨਸ਼ਿਪ ਵਿੱਚ ਨਿਰਪੱਖ ਅਥਲੀਟਾਂ ਵਜੋਂ ਹਿੱਸਾ ਲਿਆ। 2019 ਦੀ ਯੂਰਪੀਅਨ ਅਥਲੈਟਿਕਸ ਚੈਂਪੀਅਨਸ਼ਿਪ ਵਿੱਚ ਕੁੱਲ 30 ਐਥਲੀਟਾਂ ਨੇ ਹਿੱਸਾ ਲਿਆ ਅਤੇ ਕੁੱਲ 29 ਐਥਲੀਟਾਂ ਨੇ ਦੋਹਾ ਵਿੱਚ 2019 ਵਿਸ਼ਵ ਚੈਂਪੀਅਨਸ਼ਿਪ ਵਿੱਚ ਨਿਰਪੱਖ ਅਥਲੀਟਾਂ ਵਜੋਂ ਹਿੱਸਾ ਲਿਆ।

***

## 69ਵੇਂ ਕੌਮੀ ਫ਼ਿਲਮ ਪੁਰਸਕਾਰ

ਏਕ ਦੁਆ- ਰਾਮ ਕਮਲ ਮੁਖਰਜੀ, ਗੈਰ ਫੀਚਰ ਫਿਲਮ - ਸਰਵੋਤਮ ਕਥਾ ਵਾਇਸਓਵਰ, ਹਟੀ ਬੰਧੁ, ਕੁਲਹਾੜਾ ਕੁਮਾਰ ਭੱਟਾਚਾਰਜੀ, ਬੈਸਟ ਮਿਊਜ਼ਿਕ ਨਿਰਦੇਸ਼ਨ, ਸੂਕਯੂਲੇਂਟ, ਨਿਰਦੇਸ਼ਕ- ਈਸ਼ਾਨ ਦਿਵੇਚਾ, ਬੈਸਟ ਐਡੀਟਿੰਗ, ਇਫ ਮੈਮੋਰੀ ਸਰਵਿਸ ਬੀ ਰਾਇਟ- ਅਭਰੋ ਬੈਨਰਜੀ, ਬੈਸਟ ਪ੍ਰੋਡਕਸ਼ਨ ਸਾਊਂਡ ਰਿਕਾਰਡ, ਮੀਨ ਰਾਗ (ਰਾਜਸਥਾਨੀ) - ਸੁਰੁਚੀ ਸ਼ਰਮਾ, ਬੈਸਟ ਆਡੀਓਗ੍ਰਾਫੀ, ਏਕ ਥਾ ਗਾਂਵ (ਗੜ੍ਹਵਾਲੀ ਐਂਡ ਹਿੰਦੀ) - ਯੂਨੀ ਕ੍ਰਿਸ਼ਨਨ, ਬੈਸਟ ਸਿਨੇਮਾਟੋਗ੍ਰਾਫੀ, ਪਾਤਾਲ-ਟੀ (ਭੋਟੀਆ)- ਬਿੱਟੂ ਰਾਵਤ, ਬੈਸਟ ਡਾਇਰੈਕਸ਼ਨ, ਸਮਾਇਲ ਪਲੀਜ਼ (ਹਿੰਦੀ) - ਬਕੁਲ ਮਟਿਆਨੀ, ਬੈਸਟ ਫਿਲਮ ਆਨ ਫੈਮਿਲੀ ਵੈਲਿਯੂਜ਼, ਚੰਦ ਸਾਂਸੇ (ਹਿੰਦੀ), ਨਿਰਮਾਤਾ-ਚੰਦਰਕਾਂਤ, ਕੁਲਕਰਨੀ, ਨਿਰਦੇਸ਼ਕ- ਪ੍ਰਤਿਮਾ ਜੋਸ਼ੀ, ਬੈਸਟ ਹਿੰਦੀ ਫਿਲਮ, ਸਰਦਾਰ ਊਧਮ, ਬੈਸਟ ਐਕਟਰ ਅੱਲੂ ਅਰਜੁਨ, ਬੈਸਟ ਐਕਸਟਰੈਸ ਆਲੀਆ ਭੱਟ - ਗੰਗੂਬਾਈ, ਕ੍ਰਿਤੀ ਸੈਨਨ- ਮਿਮੀ।

## ਪੰਜਾਬੀ ਦੇ ਨਾਲ-ਨਾਲ ਹਿੰਦੀ, ਤਾਮਿਲ,

ਦਰਸ਼ਕਾਂ ਨੂੰ ਆਪਣੀ ਸੀਟ ਤੋਂ ਨਹੀਂ ਹਿੱਲਣ ਦਿੱਤਾ। ਕਰਮਜੀਤ ਅਨਮੋਲ ਵੱਲੋਂ (ਬਸ਼ੀਰ) ਦੇ ਕਿਰਦਾਰ ਨੂੰ ਆਪਣੀਆਂ ਬਾਕੀ ਦੀਆਂ ਫ਼ਿਲਮਾਂ ਦੇ ਅਨੁਸਾਰ ਇੱਕ ਵਾਰੀ ਫਿਰ ਤੋਂ ਜ਼ਿੰਦਾ ਕਰ ਦਿੱਤਾ ਹੈ ਤੇ ਮਰਾਸੀਆਂ ਵੱਲੋਂ ਕੀਤੇ ਜਾਂਦੇ ਉਸ ਸਮੇਂ ਦੇ ਕੰਮਾਂ ਨੂੰ ਬਾਖੂਬੀ ਪੇਸ਼ ਕੀਤਾ ਹੈ। ਜਿੱਥੇ ਇੱਕ ਪਾਸੇ ਉਸ ਨੂੰ ਆਪਣੇ ਪਰਿਵਾਰ ਦੀ ਫਿਕਰ ਹੁੰਦੀ ਹੈ, ਉੱਥੇ ਹੀ ਦੂਸਰੇ ਪਾਸੇ ਉਹ ਆਪਣੇ ਦੋਸਤਾਂ ਲਈ ਆਪਣੀ ਜਾਨ ਕੁਰਬਾਨ ਕਰਨ ਲਈ ਵੀ ਤਿਆਰ ਰਹਿੰਦਾ ਹੈ। ਹਨੀ ਮੱਟੂ ਵੱਲੋਂ ਆਪਣੇ ਕਿਰਦਾਰ ਨੂੰ ਜ਼ਿੰਦਾ ਦਿਲੀ ਨਾਲ ਪੇਸ਼ ਕੀਤਾ ਗਿਆ ਹੈ। ਸਿਮੀ ਚਾਹਲ (ਨੂਰ) ਦੀ ਭੂਮਿਕਾ ਬੇਸ਼ੱਕ ਬਹੁਤ ਛੋਟੀ ਹੈ, ਪਰ ਉਸ ਨਾਲ ਇਨਸਾਫ਼ ਕੀਤਾ ਗਿਆ ਹੈ ਤੇ ਉਸ ਸਮੇਂ ਦੀ ਔਰਤਾਂ ਦੇ ਹਾਲਾਤ ਨੂੰ ਪਰਦੇ ਤੇ ਦਿਖਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਫਿਲਮ ਦੇ ਅੱਧ ਤੋਂ ਪਹਿਲਾਂ ਫਿਲਮ ਬਹੁਤ ਹੌਲੀ-ਹੌਲੀ ਅੱਗੇ ਵੱਧਦੀ ਹੈ ਜਿਸ ਨਾਲ ਦਰਸ਼ਕਾਂ ਨੂੰ ਕੁੱਝ ਔਖ ਵੀ ਮਹਿਸੂਸ ਹੁੰਦੀ ਹੈ, ਪਰ ਫਿਲਮ ਦੇ ਅੱਧ ਤੋਂ ਬਾਅਦ ਫਿਲਮ ਇਕਦਮ ਤੇਜ਼ ਨਾਲ ਅੱਗੇ ਨੂੰ ਵੱਧਦੀ ਹੈ। ਅੱਧ ਤੋਂ ਬਾਅਦ ਫਿਲਮ ਵਿੱਚ ਸਿੱਖਾਂ ਦੇ ਕਿਰਦਾਰ ਨੂੰ ਨਿਹੰਗ ਸਿੰਘ ਫੌਜਾਂ ਵੱਲੋਂ ਕਿਸੇ ਫਿਲਮ ਵਿੱਚ ਪਹਿਲੀ ਵਾਰੀ ਸਹੀ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਨਿਹੰਗ ਸਿੰਘ ਫੌਜਾਂ ਵੱਲੋਂ ਉਸ ਸਮੇਂ ਨੂੰ ਸਿੰਘਾਂ ਵੱਲੋਂ ਕਿਸ ਤਰ੍ਹਾਂ ਬਤੀਤ ਕੀਤਾ ਜਾਂਦਾ ਸੀ ਬਾਖੂਬੀ ਢੰਗ ਨਾਲ ਦਿਖਾਇਆ ਗਿਆ ਹੈ। ਨਿਹੰਗ ਸਿੰਘ ਫੌਜ ਵੱਲੋਂ ਕੈਦ ਕੀਤੀਆਂ ਔਰਤਾਂ ਤੇ ਕੁੜੀਆਂ ਨੂੰ ਨਾਦਰ ਸ਼ਾਹ ਦੀ ਕੈਦ 'ਚੋਂ ਛੁਡਵਾ ਕੇ ਉਨ੍ਹਾਂ ਦੇ ਘਰ ਵਿੱਚ ਭੇਜਣਾ ਬਾਖੂਬੀ ਦਿਖਾਇਆ ਗਿਆ ਹੈ। ਪੰਜਾਬੀ ਫਿਲਮ ਇੰਡਸਟਰੀ ਵਿੱਚ ਸਿੱਖ ਇਤਿਹਾਸ ਨੂੰ ਦਰਸਾਉਂਦੀ ਇਹ ਪਹਿਲੀ ਫ਼ਿਲਮ ਹੈ, ਕਹਾਣੀ ਸ਼ਾਨਦਾਰ ਹੈ ਤੇ ਸਿਨੇਮੈਟੋਗ੍ਰਾਫੀ ਸਮੇਂ ਦੇ ਅਨੁਸਾਰ ਕੀਤੀ ਗਈ ਹੈ। ਸੰਗੀਤ ਉਸ ਸਮੇਂ ਦੇ ਮੁਗ਼ਲ ਪ੍ਰਭਾਵ ਨੂੰ ਬਾਖੂਬੀ ਜ਼ਿੰਦਾ ਕਰਦਾ ਹੈ। ਕੁੱਲ ਮਿਲਾ ਕੇ ਇਹ ਕਿਹਾ ਜਾ ਸਕਦਾ ਹੈ ਕਿ ਤਰਸੇਮ ਜੱਸੜ ਤੇ ਉਸ ਦੀ ਸਾਰੀ ਟੀਮ ਵਲੋਂ ਸਿੱਖ ਇਤਿਹਾਸ ਨੂੰ ਪਰਦੇ 'ਤੇ ਦਿਖਾਉਣ ਲਈ ਬਹੁਤ ਮਿਹਨਤ ਕੀਤੀ ਗਈ ਹੈ। ਇਸ ਲਈ ਹੁਣ ਪੰਜਾਬ ਦੇ ਲੋਕਾਂ ਨੂੰ ਵੀ ਆਪਣੇ ਪਰਿਵਾਰ ਸਮੇਤ ਖਾਸ ਕਰਕੇ ਛੋਟੇ ਬੱਚੇ ਬੱਚੀਆਂ ਨੂੰ ਇਹ ਫਿਲਮ ਦਿਖਾਉਣੀ ਚਾਹੀਦੀ ਹੈ ਤਾਂ ਜੋ ਬੱਚਿਆਂ ਨੂੰ ਸਿੱਖ ਇਤਿਹਾਸ ਬਾਰੇ ਜਾਣਕਾਰੀ ਮਿਲ ਸਕੇ।

***

## ਤੀਰ-ਅੰਦਾਜ਼ ਪ੍ਰਨੀਤ ਕੌਰ ਨੇ ਵਿਸ਼ਵ ਚੈਂਪੀਅਨਸ਼ਿਪ

ਆਪਣਾ ਆਦਰਸ਼ ਗਗਨਦੀਪ ਕੌਰ ਨੂੰ ਮੰਨਦੀ ਹੈ। ਤੀਰ-ਅੰਦਾਜ਼ੀ ਵਿੱਚ ਰਿਕਰਵ ਈਵੈਂਟ ਮਕਬੂਲ ਹੈ ਜੋ ਓਲੰਪਿਕ ਖੇਡਾਂ ਦਾ ਵੀ ਹਿੱਸਾ ਹੈ ਪਰ ਗਗਨਦੀਪ ਕੌਰ ਨੂੰ ਦੇਖ ਕੇ ਪ੍ਰਨੀਤ ਨੇ ਕੰਪਾਊਂਡ ਈਵੈਂਟ ਨੂੰ ਅਪਣਾਇਆ। ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਤੀਰ-ਅੰਦਾਜ਼ੀ ਕੋਚ ਸੁਰਿੰਦਰ ਸਿੰਘ ਰੰਧਾਵਾ ਦੀ ਦੇਖ-ਰੇਖ ਹੇਠ ਆਪਣੀ ਖੇਡ ਸ਼ੁਰੂ ਕਰਨ ਵਾਲੀ ਪ੍ਰਨੀਤ ਖੇਡ ਸ਼ੁਰੂ ਕਰਨ ਦੇ ਦੋ ਸਾਲਾ ਅੰਦਰ ਹੀ ਸਕੂਲੀ ਖੇਡਾਂ ਵਿਚ ਪੰਜਾਬ ਦੀ ਚੈਂਪੀਅਨ ਬਣ ਗਈ।

ਸਾਲ 2017 ਤੇ 2018 ਵਿਚ ਉਸ ਨੇ ਪੰਜਾਬ ਰਾਜ ਸਕੂਲੀ ਖੇਡਾਂ ਵਿਚ ਸੋਨੇ ਦੇ ਤਗਮੇ ਜਿੱਤੇ। ਖੇਡ ਸ਼ੁਰੂ ਕਰਨ ਦੇ ਚਾਰ ਵਰ੍ਹਿਆਂ ਅੰਦਰ ਉਸ ਨੇ ਕੌਮੀ ਪੱਧਰ 'ਤੇ ਚੰਗੇ ਨਤੀਜੇ ਦੇਣੇ ਸ਼ੁਰੂ ਕਰ ਦਿੱਤੇ। ਕਡੱਪਾ (ਆਂਧਰਾ ਪ੍ਰਦੇਸ਼) ਵਿਖੇ ਸਾਲ 2019 ਵਿਚ ਹੋਈਆਂ ਕੌਮੀ ਸਕੂਲ ਖੇਡਾਂ ਵਿੱਚ ਪ੍ਰਨੀਤ ਨੇ ਵਿਅਕਤੀਗਤ ਵਰਗ ਵਿੱਚ ਚਾਂਦੀ ਦਾ ਤਗਮਾ ਜਿੱਤਿਆ। ਸਾਲ 2022 ਵਿੱਚ ਏਸ਼ੀਆ ਕੱਪ ਵਿੱਚ ਵਿਅਕਤੀਗਤ ਵਰਗ ਵਿੱਚ ਦੋ ਚਾਂਦੀ ਤੇ ਇੱਕ ਕਾਂਸੀ ਦਾ ਤਗਮਾ ਤੇ ਟੀਮ ਵਰਗ ਵਿੱਚ ਇੱਕ ਸੋਨੇ ਤੇ ਮਿਕਸਡ ਟੀਮ ਵਿੱਚ ਸੋਨੇ ਦਾ ਤਗਮਾ ਜਿੱਤਿਆ। ਸਰਕਾਰੀ ਮਲਟੀਪਰਪਜ਼ ਸੀਨੀਅਰ ਸੈਕੰਡਰੀ ਤੋਂ ਬਾਰ੍ਹਵੀਂ ਕਰਨ ਤੋਂ ਬਾਅਦ ਖ਼ਾਲਸਾ ਕਾਲਜ ਪਟਿਆਲਾ ਵਿਖੇ ਬੀ.ਏ. ਭਾਗ ਪਹਿਲਾ ਦੀ ਵਿਦਿਆਰਥਣ ਪ੍ਰਨੀਤ ਹੁਣ ਹਾਂਗਜ਼ੂ ਵਿਖੇ ਏਸ਼ੀਆਈ ਖੇਡਾਂ ਵਿੱਚ ਹਿੱਸਾ ਲੈਣ ਜਾ ਰਹੀ ਹੈ।

***

## ਨੀਰਜ ਚੋਪੜਾ ਨੇ ਰਚਿਆ ਇਤਿਹਾਸ,

ਪਹਿਲੀ ਵਾਰ 1983 'ਚ ਵਿਸ਼ਵ ਚੈਂਪੀਅਨਸ਼ਿਪ 'ਚ ਹਿੱਸਾ ਲਿਆ ਸੀ।

**ਹੁਣ ਚੋਪੜਾ ਦੇ ਨਾਂ ਖੇਡ ਦੇ ਸਾਰੇ ਖ਼ਿਤਾਬ**

ਹੁਣ ਨੀਰਜ ਚੋਪੜਾ ਦੇ ਨਾਂ ਖੇਡ ਦੇ ਸਾਰੇ ਖ਼ਿਤਾਬ ਹੋ ਗਏ ਹਨ। ਉਸ ਨੇ ਏਸ਼ੀਆਈ ਖੇਡਾਂ (2018), ਰਾਸ਼ਟਰ ਮੰਡਲ ਖੇਡਾਂ (2018) ਦੇ ਸੋਨ ਤਗਮੇ ਤੋਂ ਇਲਾਵਾ ਚਾਰ ਡਾਇਮੰਡ ਲੀਗ ਖਿਤਾਬ ਤੇ ਪਿਛਲੇ ਸਾਲ ਡਾਇਮੰਡ ਲੀਗ ਚੈਂਪੀਅਨ ਟਰਾਫੀ ਜਿੱਤੀ। ਉਹ 2016 'ਚ ਜੂਨੀਅਰ ਵਿਸ਼ਵ ਚੈਂਪੀਅਨ ਰਿਹਾ ਤੇ 2017 'ਚ ਏਸ਼ੀਆਈ ਚੈਂਪੀਅਨਸ਼ਿਪ ਦਾ ਖਿਤਾਬ ਜਿੱਤਿਆ। ਨੀਰਜ ਚੋਪੜਾ ਇਕ ਹੀ ਸਮੇਂ 'ਚ ਉਲੰਪਿਕ ਤੇ ਵਿਸ਼ਵ ਖਿਤਾਬ ਜਿੱਤਣ ਵਾਲਾ ਤੀਜਾ ਜੈਵਲਿਨ ਥ੍ਰੋਅਰ ਬਣ ਗਿਆ ਹੈ। ਉਸ ਤੋਂ ਪਹਿਲਾਂ ਚੈੱਕ ਗਣਰਾਜ ਦੇ ਜਾਨ ਜੇਲੇਜਨੀ ਨੇ 1992, 1996 ਤੇ 2000 'ਚ ਉਲੰਪਿਕ ਖਿਤਾਬ ਜਿੱਤੇ ਸਨ, ਜਦਕਿ 1993, 1995 ਤੇ 2001 ਵਿੱਚ ਵਿਸ਼ਵ ਚੈਂਪੀਅਨਸ਼ਿਪ ਜਿੱਤੀ ਸੀ।

**ਬਿੰਦਰਾ ਤੋਂ ਬਾਅਦ ਦੂਜਾ ਭਾਰਤੀ**

ਨਿਸ਼ਾਨੇਬਾਜ਼ ਅਭਿਨਵ ਬਿੰਦਰਾ ਤੋਂ ਬਾਅਦ ਇਕ ਹੀ ਸਮੇਂ 'ਚ ਉਲੰਪਿਕ ਤੇ ਵਿਸ਼ਵ ਚੈਂਪੀਅਨ ਖਿਤਾਬ ਜਿੱਤਣ ਵਾਲਾ ਨੀਰਜ ਚੋਪੜਾ ਦੂਜਾ ਭਾਰਤੀ ਬਣ ਗਿਆ ਹੈ। ਬਿੰਦਰਾ ਨੇ 23 ਸਾਲ ਦੀ ਉਮਰ 'ਚ ਵਿਸ਼ਵ ਚੈਂਪੀਅਨਸ਼ਿਪ ਤੇ 25 ਸਾਲ ਦੀ ਉਮਰ 'ਚ ਉਲੰਪਿਕ ਸੋਨ ਤਗਮਾ ਜਿੱਤਿਆ ਸੀ।

ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ

ਜਾਣੋ ਪਲ ਪਲ ਦੀ ਖਬਰ




ON

jus PUNJABI HD sling

CREDIBILITY RELIABILITY

Minute to Minute Coverage of Punjab Elections

Punjabi Super Pack

20 channels for only $25/month on sling

SCAN ME TO SUBSCRIBE

Get 30% off ANY Pack for the first month! w/code: SLINGER854

To Subscribe Call: +1-718-752-9290

Visit: sling.com/juspunjabi

for advertisement & more information call: +1-718-752-9293

www.jusbroadcasting.com